ਅੱਠਵਾਂ ਸਾਲ

# ਪਰਦੇਸ ਟਾਇਮਜ਼

Pardes Times Bi-weekly

ਮਾਂ-ਬੋਲੀ ਨੂੰ ਸਮਰਪਿਤ

ਬਲਬੀਰ ਸਿੰਘ ਐਮ.ਏ. ਮੁੱਖ ਸੰਪਾਦਕ

8th year in Publication

www.pardestimes.com

VOL- 8 No. 184 January 08, 2014 E-mail : info@pardestimes.com Ph.: 510-938-7771, Fax- 510-740-3520


### "ਪਰਦੇਸ ਟਾਇਮਜ਼" ਦੇ ਪਾਠਕਾਂ ਨੂੰ ਨਵੇਂ ਸਾਲ 2014 ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ

# ਪੰਜਾਬ ਵਿਚ ਨਸ਼ਿਆਂ ਦੀ ਸਮਗਲਿੰਗ ਸਿਆਸਤਦਾਨਾਂ ਦੀਆਂ ਬਰੂਹਾਂ ਤੱਕ ਪਹੁੰਚੀ

## ਨਸ਼ਿਆਂ ਦੇ ਸਮਗਲਰ ਲੈ ਰਹੇ ਨੇ ਅਕਾਲੀਆਂ ਦੇ ਨਾਂ, ਕਾਂਗਰਸ ਕਰ ਰਹੀ ਹੈ ਸਮਗਲਰਾਂ ਨਾਲ ਅਕਾਲੀਆਂ ਦੀਆਂ ਤਸਵੀਰਾਂ ਜਾਰੀ

ਪਟਿਆਲਾ- ਪੰਜਾਬ ਵਿਚ ਇਸ ਵਕਤ ਜਦੋਂ ਕਿ ਸਰਦੀ ਸਿਖਰ ਤੇ ਪੈ ਰਹੀ ਹੈ, ਲੋਕ ਸਭਾ ਚੋਣਾਂ ਦੀ ਤਿਆਰੀ ਸ਼ੁਰੂ ਹੋ ਗਈ ਹੈ, ਠੀਕ ਇਸੇ ਸਮੇਂ ਦਰਮਿਆਨ ਨਸ਼ਿਆਂ ਦੇ ਗ੍ਰਿਫਤਾਰ ਕੀਤੇ ਸਮਗਲਰ ਜਗਦੀਸ਼ ਭੋਲਾ ਦੁਆਰਾ ਬਿਕਰਮ ਮਜੀਠੀਆ ਦਾ ਨਾਂ ਲੈਣ ਦੇ ਕਾਰਨ ਸਿਆਸਤ ਵਿਚ ਭੂਚਾਲ ਆ ਗਿਆ ਹੈ। ਅਕਾਲੀ ਦਲ ਕਸੂਤੀ ਸਥਿਤੀ ਵਿਚ ਫਸ ਗਿਆ ਹੈ ਅਤੇ ਅਕਾਲੀ ਦਲ ਨੇ ਰਸਮੀ ਖੰਡਨ ਤੋਂ ਇਲਾਵਾ ਇਹਨਾਂ ਇਲਜ਼ਾਮਾਂ ਬਾਰੇ ਫਿਲਹਾਲ ਕੁਝ ਨਹੀਂ ਕਿਹਾ ਹੈ। ਇੱਧਰ ਕਾਂਗਰਸ ਨੇ ਅਕਾਲੀਆਂ ਦੇ ਨਾਲ ਨਸ਼ਿਆਂ ਦੇ ਸਮਗਲਰਾਂ ਦੀਆਂ ਤਸਵੀਰਾਂ ਜਨਤਕ ਕਰਨੀਆਂ ਆਰੰਭ ਕਰ ਦਿੱਤੀਆ ਹਨ। ਨਸ਼ਿਆਂ ਦੀ ਸਮਗਲਿੰਗ ਪਿੱਛੇ ਸਿਆਸਤਦਾਨਾਂ ਦਾ ਹੱਥ ਹੋਣ ਦੀ ਚਰਚਾ ਤਾਂ ਬਹੁਤ ਦਿਨਾਂ ਤੋਂ ਚੱਲ ਰਹੀ ਹੈ, ਪਰ ਹੁਣ ਸਿਆਸਤਦਾਨਾਂ ਦੇ ਚਿਹਰੇ ਵੀ ਬੇਨਕਾਬ ਹੋਣੇ ਸ਼ੁਰੂ ਹੋ ਗਏ ਹਨ, ਤਾਂ ਨਿਸਚਿਤ ਹੀ ਪੰਜਾਬ ਵਿਚ ਨਸ਼ਿਆਂ ਦੀ ਸਮਗਲਿੰਗ ਦੇ ਪਿੱਛੇ ਵੱਡੀਆਂ ਮੱਛੀਆਂ ਦੇ ਸਾਹਮਣੇ ਆਉਣ ਦਾ ਰਾਹ ਪੱਧਰਾ ਹੋ ਗਿਆ ਹੈ।

ਇਸੇ ਦਰਮਿਆਨ ਪੰਜਾਬ ਦੇ ਸਾਬਕਾ ਡਾਇਰੈਕਟਰ ਜਨਰਲ ਪੁਲਿਸ (ਜੇਲ੍ਹਾਂ) ਸ਼ਸ਼ੀ ਕਾਂਤ ਨੇ ਭੋਲੇ ਵਲੋਂ ਜਨਤਕ ਤੌਰ 'ਤੇ ਸ੍ਰੀ ਮਜੀਠੀਆ ਦਾ ਡਰੱਗ ਮਾਫੀਏ ਪਿੱਛੇ ਹੱਥ ਹੋਣ ਦਾ ਦੋਸ਼ ਲਾਉਣ ਤੋਂ ਬਾਅਦ ਵੱਡਾ ਖੁਲਾਸਾ ਕਰਦਿਆਂ ਕਿਹਾ ਕਿ ਉਨ੍ਹਾਂ ਕੋਲ ਵੱਖ-ਵੱਖ ਸਿਆਸੀ ਪਾਰਟੀਆਂ ਦੇ 12-13 ਆਗੂਆਂ ਅਤੇ ਪੁਲੀਸ ਅਧਿਕਾਰੀਆਂ ਦੇ ਨਾਮ ਹਨ, ਜੋ ਪੰਜਾਬ ਵਿਚ ਡਰੱਗ ਮਾਫੀਏ ਦੀ ਸਰਪ੍ਰਸਤੀ ਕਰਦੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਜੇ ਪੰਜਾਬ-ਹਰਿਆਣਾ ਹਾਈ ਕੋਰਟ ਨੇ ਇਜਾਜ਼ਤ ਦਿੱਤੀ ਤਾਂ ਇਸ ਮਾਮਲੇ ਦੀ 29 ਜਨਵਰੀ ਨੂੰ ਹੋ ਰਹੀ ਸੁਣਵਾਈ ਦੌਰਾਨ ਉਹ ਹਲਫ਼ਨਾਮੇ ਦੇ ਰੂਪ ਵਿਚ ਸਿਆਸੀ ਆਗੂਆਂ ਤੇ ਪੁਲੀਸ ਅਧਿਕਾਰੀਆਂ ਦੇ ਨਾਮ ਪੇਸ਼ ਕਰਨਗੇ। ਉਨ੍ਹਾਂ ਕਿਹਾ ਕਿ ਬਤੌਰ ਅ ਡ ੀ ਸ਼ ਨ ਲ ਡਾਇਰੈਕਟਰ ਜਨਰਲ ਪੁਲੀਸ (ਖੁਫ਼ੀਆ) ਉਨ੍ਹਾਂ ਨੇ ਡਰੱਗ ਮਾਫੀਆ ਨਾਲ ਜੁੜੇ ਕੁਝ ਸਿਆਸੀ ਆਗੂਆਂ ਆਦਿ ਬਾਰੇ



ਉਸ ਵੇਲੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਰਿਪੋਰਟ ਸੌਂਪੀ ਸੀ ਜਿਸ ਵਿਚ ਉਸ ਵੇਲੇ ਦੇ ਕੁਝ ਮੰਤਰੀਆਂ ਅਤੇ ਮੌਜੂਦਾ ਤੇ ਸਾਬਕਾ ਵਿਧਾਇਕਾਂ ਦੇ ਵੀ ਨਾਮ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਉਹ ਅਸਲ ਰਿਪੋਰਟ ਤਾਂ ਸਰਕਾਰ ਕੋਲ ਹੀ ਮੌਜੂਦ ਹੈ ਅਤੇ ਉਹ ਉਸੇ ਰਿਪੋਰਟ ਦੇ ਅਧਾਰ 'ਤੇ ਡਰੱਗ ਮਾਫੀਆ ਨਾਲ ਜੁੜੇ ਲੋਕਾਂ ਦੀ ਸੂਚੀ ਹਾਈ ਕੋਰਟ ਨੂੰ ਸੌਂਪਣਗੇ। ਉਹ ਪਹਿਲਾਂ ਹੀ ਹਾਈ ਕੋਰਟ ਕੋਲ ਪਹੁੰਚ ਕਰਕੇ ਇਹ ਮਾਮਲਾ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਹਵਾਲੇ ਕਰਨ ਦੀ ਮੰਗ ਕਰ ਚੁੱਕੇ ਹਨ। ਸ਼ਸ਼ੀਕਾਂਤ ਨੇ ਕਿਹਾ ਕਿ ਉਹ ਕੁਝ ਮਨੁੱਖੀ ਅਧਿਕਾਰ ਸੰਗਠਨਾਂ ਨਾਲ ਵਿਚਾਰ ਕਰਕੇ ਕਿਸੇ ਨਾਮਵਰ ਸੇਵਾਮੁਕਤ ਜੱਜ ਦੀ ਅਗਵਾਈ ਹੇਠ 'ਪੀਪਲਜ਼ ਕਮਿਸ਼ਨ' ਬਣਾਉਣ ਬਾਰੇ ਵੀ ਤਿਆਰੀ ਕਰ ਰਹੇ ਹਨ ਤਾਂ ਜੋ ਪੰਜਾਬ ਨੂੰ ਘੁਣ ਵਾਂਗ ਲੱਗੇ ਡਰੱਗ ਮਾਫੀਆ ਨਾਲ ਜੁੜੇ ਅਨਸਰਾਂ ਨੂੰ ਸਮਾਜਿਕ ਤੌਰ 'ਤੇ ਵੀ ਨੰਗਾ ਕੀਤਾ ਜਾ ਸਕੇ। ਦੱਸਣਯੋਗ ਹੈ ਕਿ ਸੀਨੀਅਰ ਕਾਂਗਰਸ ਆਗੂ ਜਗਮੀਤ ਸਿੰਘ ਬਰਾੜ ਨੇ ਵੀ ਕੱਲ੍ਹ ਹਾਈ ਕੋਰਟ 'ਚ ਰਿੱਟ ਪਾ ਕੇ ਇਹ ਮਾਮਲਾ ਸੀ ਬੀ ਆਈ ਹਵਾਲੇ ਕਰਨ ਦੀ ਮੰਗ ਕੀਤੀ ਹੈ। ਇਸੇ ਦੌਰਾਨ ਪੰਜਾਬ ਕਾਂਗਰਸ ਨੇ ਜਗਦੀਸ਼ ਭੋਲਾ ਤੇ ਅਕਾਲੀ ਲੀਡਰ ਰਹੇ ਬਿੱਟੂ ਔਲਖ ਦੀ ਇਕ ਰਾਜ ਪੱਧਰੀ ਸਮਾਗਮ ਦੌਰਾਨ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਬਿਕਰਮ ਮਜੀਠੀਆ ਤੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਡਾਕਟਰ ਰਤਨ ਸਿੰਘ ਅਜਨਾਲਾ ਆਦਿ ਨਾਲ ਦਸੰਬਰ 2012 ਵਿਚ ਕ੍ਰਿਸਮਸ ਮੌਕੇ ਅਜਨਾਲਾ ਵਿਖੇ ਹੋਏ ਸੂਬਾਈ ਸਮਾਗਮ ਦੌਰਾਨ ਸਟੇਜ ਸਾਂਝਾ ਕਰਦੇ ਦੀਆਂ ਫੋਟੋਆਂ ਜਾਰੀ ਕਰਕੇ ਸ੍ਰੀ ਮਜੀਠੀਆ ਦੇ ਨਾਲ ਸੁਖਬੀਰ ਬਾਦਲ ਦੇ ਅਸਤੀਫੇ ਦੀ ਵੀ ਮੰਗ ਕਰ ਦਿੱਤੀ ਹੈ। ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਦੋਸ਼ ਲਾਇਆ ਕਿ ਸੁਖਬੀਰ ਬਾਦਲ ਵਲੋਂ ਭੋਲੇ ਦੇ ਕੀਤੇ ਖੁਲਾਸੇ ਤੋਂ ਕੁਝ ਸਮੇਂ ਬਾਅਦ ਹੀ ਬਿਕਰਮ ਮਜੀਠੀਆ ਨੂੰ ਕਲੀਨ ਚਿੱਟ ਦੇਣ ਤੋਂ ਸਾਫ ਹੋ ਗਿਆ ਹੈ ਕਿ ਉਹ ਬਿਨਾਂ ਪੜਤਾਲ ਕੀਤਿਆਂ ਹੀ ਆਪਣੇ ਇਸ ਨਜ਼ਦੀਕੀ ਰਿਸ਼ਤੇਦਾਰ ਨੂੰ ਬਚਾਅ ਰਹੇ ਹਨ। ਇੱਧਰ ਸੱਤਾਧਾਰੀ ਅਕਾਲੀ ਦਲ ਮਜੀਠੀਆ ਦਾ ਨਾਂ ਲੈਣ ਤੋਂ ਬਾਅਦ ਅਕਾਲੀ-ਭਾਜਪਾ ਸਰਕਾਰ ਕਸੂਤੀ 'ਚ ਘਿਰ ਗਈ ਹੈ। ਸਰਕਾਰੀ ਸੂਤਰਾਂ ਤੋਂ ਪਤਾ ਲੱਗਿਆ ਕਿ ਗ੍ਰਹਿ ਵਿਭਾਗ ਦੇ ਪ੍ਰਮੁੱਖ ਅਧਿਕਾਰੀ ਅੰਦਰਖਾਤੇ ਮੀਟਿੰਗਾਂ ਕਰ ਰਹੇ ਸਨ ਕਿ ਕੀ ਸਰਕਾਰ ਨੂੰ ਆਪਣੇ ਤੌਰ 'ਤੇ ਜਾਂਚ ਕਰਵਾਉਣੀ ਚਾਹੀਦੀ ਹੈ ਅਤੇ ਜਾਂਚ ਦਾ ਦਾਇਰਾ ਕੀ ਹੋਣਾ ਚਾਹੀਦਾ ਹੈ। ਸੂਤਰਾਂ ਮੁਤਾਬਕ ਸਰਕਾਰ ਡਰੱਗ ਤਸਕਰੀ ਦੇ ਇਸ ਅਹਿਮ ਮਾਮਲੇ ਦੀ ਜਾਂਚ ਸੀਬੀਆਈ ਨੂੰ ਸੌਂਪੇ ਜਾਣ ਤੋਂ ਰੋਕਣ ਲਈ ਹੀ ਆਪਣੇ ਤੌਰ 'ਤੇ ਜਾਂਚ ਬਿਠਾਉਣਾ ਚਾਹੁੰਦੀ ਹੈ। ਆਮ ਚੋਣਾਂ ਨੇੜੇ ਢੁੱਕਣ ਕਾਰਨ ਅਕਾਲੀ-ਭਾਜਪਾ ਸਰਕਾਰ ਇਸ ਮਾਮਲੇ 'ਚ ਹੋਰ ਬਦਨਾਮੀ ਖੱਟਣ ਤੋਂ ਬਚਣਾ ਚਾਹੁੰਦੀ ਹੈ। ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਅੱਜ ਫਿਰ ਕਿਹਾ ਕਿ ਉਹ ਇਸ ਨਸ਼ਿਆਂ ਦੇ ਰੈਕੇਟ ਦੀ ਜਾਂਚ ਸੀ ਬੀ ਆਈ ਨੂੰ ਨਹੀਂ ਸੌਂਪਣਗੇ, ਬਲਕਿ ਪੰਜਾਬ ਪੁਲਿਸ ਨਸ਼ਿਆਂ ਦੀ ਸਮਗਲਿੰਗ ਨੂੰ ਰੋਕਣ ਦੇ ਸਮਰੱਥ ਹੈ ਅਤੇ ਇਸ ਕੇਸ ਦੀ ਤਹਿ ਤੱਕ ਜਾਂਚ ਜਾਰੀ ਹੈ।

ਕੁਝ ਦਿਨ ਪਹਿਲਾਂ ਪੰਜਾਬ ਪੁਲਿਸ ਦੇ ਇਕ ਸਾਬਕਾ ਡਾਇਰੈਕਟਰ ਦੁਆਰਾ ਕੀਤੇ ਗਏ ਖੁਲਾਸੇ ਕਿ ਨਸ਼ਿਆਂ ਦੀ ਸਮਗਲਿੰਗ ਦੇ ਪਿੱਛੇ ਵੱਡੇ ਸਿਆਸਤਦਾਨਾਂ ਦਾ ਹੱਥ ਹੈ, ਸੱਚ ਹੁੰਦੀ ਜਾ ਰਹੀ ਹੈ। ਜੇਕਰ ਇਸ ਕੇਸ ਦੀ ਜਾਂਚ ਸੀ ਬੀ ਆਈ ਹਵਾਲੇ ਹੋ ਜਾਂਦੀ ਹੈ ਅਤੇ ਜਾਂਚ ਵਿਚ ਅਕਾਲੀ ਮੰਤਰੀਆਂ ਅਤੇ ਲੀਡਰਾਂ ਦੀ ਸ਼ਮੂਲੀਅਤ ਪਾਈ ਜਾਂਦੀ ਹੈ ਤਾਂ ਅਕਾਲੀ-ਭਾਜਪਾ ਸਰਕਾਰ ਦੇ ਲਈ ਵੱਡੀ ਮੁਸ਼ਕਿਲ ਖੜ੍ਹੀ ਹੋ ਸਕਦੀ ਹੈ।

























# ਆਨੰਦਪੁਰ ਤੋਂ ਖਿਦਰਾਣੇ ਦੀ ਢਾਬ ਤੱਕ

ਰੂਪ ਸਿੰਘ



1701 ਈਸਵੀ ਤੱਕ ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਨਾਲ ਬਹੁਤ ਸਾਰੇ ਯੁੱਧ ਕਰਕੇ ਆਪਣੀ ਤਾਕਤ ਦੀ ਅਜਮਾਇਸ਼ ਕਰ ਵੇਖੀ ਸੀ। ਉਹ ਸਾਰੇ ਗੁਰੂ ਸਾਹਿਬ ਦੀ ਨਿਰਾਲੀ ਖਾਲਸਾ ਫੌਜ ਤੋਂ ਭਲੀ-ਭਾਂਤ ਜਾਣੂੰ ਹੋ ਚੁੱਕੇ ਸਨ। ਗੁਰੂ ਸਾਹਿਬ ਜੀ ਦੇ ਨਾਲ ਉਨ੍ਹਾਂ ਆਖਰੀ ਵਾਰ ਦੋ ਹੱਥ ਕਰਨ ਲਈ ਔਰੰਗਜ਼ੇਬ ਬਾਦਸ਼ਾਹ ਤੋਂ ਮਦਦ ਮੰਗੀ। ਔਰੰਗਜ਼ੇਬ ਆਪ ਤਾਂ ਦੱਖਣ ਦੀ ਮੁਹਿੰਮ ਉੱਤੇ ਸੀ, ਪਰ ਉਸ ਨੇ ਪਹਾੜੀਆਂ ਦੀ ਮਦਦ ਲਈ ਸਰਹਿੰਦ ਤੇ ਲਾਹੌਰ ਦੇ ਸੂਬੇਦਾਰਾਂ ਨੂੰ ਹੁਕਮ ਕਰ ਦਿੱਤਾ। ਪਹਾੜੀ ਰਾਜਿਆਂ ਨੇ ਇਨ੍ਹਾਂ ਦੀ ਮਦਦ ਦੇ ਨਾਲ ਆਨੰਦਪੁਰ ਸਾਹਿਬ ਨੂੰ ਬਹੁਤ ਵੱਡੀ ਫੌਜ ਨਾਲ ਘੇਰਾ ਪਾ ਲਿਆ। ਖਾਲਸਾ ਫੌਜਾਂ ਬਹੁਤ ਬਹਾਦਰੀ ਨਾਲ ਦੁਸ਼ਮਣ ਦੇ ਹਰ ਹੱਲੇ ਨੂੰ ਨਾਕਾਮ ਬਣਾਉਂਦੀਆਂ ਗਈਆਂ। ਸਿੱਧੀ ਲੜਾਈ ਵਿੱਚ ਦੁਸ਼ਮਣਾਂ ਦੀ ਪੇਸ਼ ਨਾ ਗਈ। ਅੰਤ ਆਨੰਦਪੁਰ ਵਾਸੀਆਂ ਦਾ ਰਾਸ਼ਨ ਪਾਣੀ ਬੰਦ ਕਰਨ ਲਈ ਘੇਰਾਬੰਦੀ ਸਖ਼ਤ ਕਰ ਦਿੱਤੀ। 1704 ਈਸਵੀ ਗਰਮੀ ਦੇ ਮਹੀਨਿਆਂ ਵਿੱਚ ਬਾਰਸ਼ਾਂ ਨਾਲ ਦਸ਼ਮਣੀ ਫੌਜਾਂ ਦਾ ਕੁਦਰਤੀ ਤੌਰ 'ਤੇ ਬੁਰਾ ਹਾਲ ਹੋ ਚੁੱਕਾ ਸੀ। ਦੂਸਰਾ ਅਜਿਹੇ ਸਮੇਂ ਖਾਲਸਾ ਫੌਜਾਂ ਦੇ ਅਚਾਨਕ ਹਮਲਿਆਂ ਨਾਲ ਦੁਸ਼ਮਣ ਫੌਜਾਂ ਦੇ ਹੌਂਸਲੇ ਹੋਰ ਵੀ ਪਸਤ ਹੋ ਗਏ। ਪਰ ਦੁਸ਼ਮਣ ਫੌਜ ਦੇ ਜਰਨੈਲਾਂ ਨੂੰ ਆਪਣੀ ਬਹੁ-ਗਿਣਤੀ ਉੱਤੇ ਮਾਣ ਸੀ। ਸਿੰਘਾਂ ਦੀ ਰੋਜਾਨਾ ਲੜਾਈ ਕਾਰਨ ਘਟ ਰਹੀ ਗਿਣਤੀ ਤੇ ਅੰਨ ਪਾਣੀ ਦੀ ਥੁੜ ਨੂੰ ਧਿਆਨ ਵਿੱਚ ਰੱਖਦਿਆਂ ਵਜ਼ੀਰ ਖਾਂ ਨੇ ਆਨੰਦਪੁਰ ਸਾਹਿਬ ਦਾ ਘੇਰਾ ਹੋਰ ਮਜ਼ਬੂਤ ਕਰ ਦਿੱਤਾ। ਇਸ ਸਮੇਂ ਤੱਕ ਸਿੰਘਾਂ ਦੀ ਗਿਣਤੀ 2000 ਦੇ ਲੱਗਭੱਗ ਸੀ। ਅਨੰਦਪੁਰ ਸਾਹਿਬ ਦਾ ਘੇਰਾ ਸਖਤ ਤੇ ਲਮੇਰਾ ਹੋਣ ਕਾਰਨ ਅਨਾਜ ਤੇ ਪਾਣੀ ਦੇ ਭੰਡਾਰੇ ਖਤਮ ਹਣ ਨੂੰ ਆ ਗਏ। ਪਸ਼ੂਆਂ ਲਈ ਚਾਰੇ ਦੀ ਕਿੱਲਤ ਆਉਣ ਲੱਗੀ, ਬਹੁਤ ਸਾਰੇ ਸਿੰਘ ਤੇ ਪਾਲਤੂ ਪਸ਼ੂ ਭੁੱਖ ਦੀ ਭੇਂਟ ਚੜ੍ਹ ਗਏ, ਜਿਨ੍ਹਾਂ ਵਿੱਚ ਬਹੁਮੁੱਲਾ ਪ੍ਰਸ਼ਾਦੀ ਹਾਥੀ ਵੀ ਸੀ। ਸਿੰਘ ਸਮੇਂ ਸਮੇਂ ਦੁਸ਼ਮਣਾਂ 'ਤੇ ਹਮਲਾ ਕਰਕੇ ਅਨਾਜ ਤੇ ਚਾਰਾ ਹਥਿਆ ਲਿਆਉਂਦੇ, ਪਰ ਇਸ ਦੇ ਬਦਲੇ ਵਿੱਚ ਕਈ ਵਾਰ ਬਹੁਤ ਸਾਰੇ ਸਿੰਘਾਂ ਦਾ ਜਾਨੀ ਨੁਕਸਾਨ ਵੀ ਹੋ ਜਾਂਦਾ। ਸਖਤ ਘੇਰਾ ਤੇ ਨਿੱਤ ਦੇ ਯੁੱਧ ਕਾਰਨ ਸਿੰਘਾਂ ਦੀ ਗਿਣਤੀ ਬਹੁਤ ਘੱਟ ਰਹੀ ਸੀ। ਸਿੱਖਾਂ ਦੇ ਸਿਦਕ ਦੀ ਪਰਖ ਹੋ ਰਹੀ ਸੀ। ਦੁਸ਼ਮਣਾਂ ਵੱਲੋਂ ਵਾਰ-ਵਾਰ ਢਿੰਡੋਰਾ ਪਿੱਟ ਦਿੱਤਾ ਜਾਂਦਾ ਕਿ ਕੋਈ ਖਾਲੀ ਹੱਥ ਜਾਣਾ ਚਾਹੇ ਤਾਂ ਉਸ ਨੂੰ ਕੁੱਝ ਨਹੀਂ ਕਿਹਾ ਜਾਵੇਗਾ, ਪਰ ਸਤੰਬਰ ਦੇ ਅਖੀਰ ਤੱਕ ਇੱਕ ਵੀ ਸਿੱਖ ਸਿਦਕੋਂ ਨਾ ਡੋਲਿਆ।

ਦਸੰਬਰ ਦੇ ਮਹੀਨੇ ਵਿੱਚ ਕੁੱਝ ਸਿੰਘ ਭੁੱਖ ਦੇ ਦੁੱਖੋਂ ਦੁੱਖੀ ਹੋ ਕੇ ਗੁਰੂ ਜੀ ਨੂੰ ਬਿਨੈ ਪੱਤਰ ਕਰਨ ਲੱਗੇ ਕਿ ਸਾਨੂੰ ਕਿਲ੍ਹਾ ਖਾਲੀ ਕਰ ਦੇਣਾ ਚਾਹੀਦਾ ਹੈ। ਗੁਰੂ ਜੀ ਨੇ ਸਿੰਘਾਂ ਨੂੰ ਕੁੱਝ ਸਮਾਂ ਸਬਰ ਕਰਨ ਦਾ ਸੁਝਾਅ ਦਿੱਤਾ। ਪਰ ਭੁੱਖ ਦਾ ਦੁੱਖ ਸਿੰਘਾਂ ਉੱਤੇ ਭਾਰੂ ਹੋਣ ਲੱਗਾ ਅਤੇ ਭੁੱਖ ਤੋਂ ਤੰਗ ਆ ਕੇ 40 ਸਿੰਘਾਂ ਨੇ ਗੁਰੂ ਜੀ ਤੋਂ ਬੇਮੁੱਖ ਹੋ ਕੇ ਆਨੰਦਪੁਰ ਛੱਡ ਜਾਣ ਦਾ ਇਰਾਦਾ ਕਰ ਲਿਆ। ਪੇਟ ਦੀ ਭੁੱਖ ਜੋ ਮਨੁੱਖ ਨੂੰ ਨੀਚ ਤੋਂ ਨੀਚ ਕਰਮ ਕਰਨ ਲਈ ਮਜ਼ਬੂਰ ਕਰ ਸਕਦੀ ਹੈ, ਇਨ੍ਹਾਂ 'ਤੇ ਭਾਰੂ ਹੋਈ। ਇਹ ਪੇਟ ਦੀ ਭੁੱਖ ਦੀ ਹੀ ਕਰਾਮਾਤ ਸੀ ਕਿ ਜਿਸ ਨੇ ਮਹਾਰਾਣਾ ਪ੍ਰਤਾਪ ਨੂੰ ਅਕਬਰ ਦੀ ਈਨ ਮੰਨਣ ਲਈ ਇੱਕ ਵਾਰ ਮਜ਼ਬੂਰ ਕਰ ਦਿੱਤਾ ਸੀ। ਭੁੱਖ ਦੀ ਮਜ਼ਬੂਰੀ ਵੱਸ ਇਹ ਜਕੋ ਤੱਕੀ ਕਰਕੇ ਆਨੰਦਪੁਰ ਛੱਡਣ ਲਈ ਤਿਆਰ ਹੋ ਗਏ ਅਤੇ ਗੁਰੂ ਜੀ ਦੇ ਪੇਸ਼ ਹੋ ਕੇ ਬੇਨਤੀ ਕੀਤੀ, ਗੁਰੂ ਜੀ ਅਸੀਂ ਜਾਣਾ ਚਾਹੁੰਦੇ ਹਾਂ। ਦਸ਼ਮੇਸ਼ ਪਿਤਾ ਜੀ ਨੇ ਇਨ੍ਹਾਂ ਨੂੰ ਪਿਆਰ ਭਰੀਆਂ ਨਜ਼ਰਾਂ ਨਾਲ ਵੇਖਿਆ ਤੇ ਬਚਨ ਕੀਤਾ ਬੇਸ਼ੱਕ ਚਲੇ ਜਾਵੋ, ਪਰ ਜਾਣ ਦੀ ਇੱਕ ਨਿਸ਼ਾਨੀ ਦੇ ਜਾਵੋ। ਪ੍ਰਭੂ ਦਾ ਭਾਣਾ ਹੀ ਅਜਿਹਾ ਸੀ, ਇਨ੍ਹਾਂ 40 ਸਿੰਘਾਂ ਕਾਗਜ਼ ਉੱਤੇ ਇਹ ਸ਼ਬਦ ਲਿਖੇ, ਅਸੀਂ ਤੁਹਾਡੇ ਸਿੱਖ ਨਹੀਂ ਅਤੇ ਤੁਸੀਂ ਸਾਡੇ ਗੁਰੂ ਨਹੀਂ, ਗੁਰੂ ਜੀ ਨੂੰ ਦੇ ਕੇ ਆਨੰਦਪੁਰ ਨੂੰ ਛੱਡ ਗਏ।

ਦੂਸਰੇ ਪਾਸੇ ਇਸ ਲੰਮੇਰੀ ਜੰਗ ਤੋਂ ਪਹਾੜੀ ਰਾਜੇ ਵੀ ਪੂਰੀ ਤਰ੍ਹਾਂ ਦੁੱਖੀ ਹੋ ਚੁੱਕੇ ਸਨ। ਇਸ ਲੜਾਈ ਕਾਰਨ ਹੀ ਉਨ੍ਹਾਂ ਦਾ ਸਾਰਾ ਦੇਸ਼ ਬੇਅਬਾਦ ਹੋ ਚੁੱਕਾ ਸੀ। ਅੰਤ ਨੂੰ ਤੰਗ ਆ ਕੇ ਮੁਗਲਾਂ ਤੇ ਪਹਾੜੀ ਰਾਜਿਆਂ ਗੁਰੂ ਜੀ ਤੋਂ ਅਨੰਦਪੁਰ ਖਾਲੀ ਕਰਵਾਉਣ ਲਈ ਆਪਣੇ ਦਸਤਖਤਾਂ ਹੇਠ ਬਾਦਸ਼ਾਹ ਵੱਲੋਂ ਪ੍ਰਵਾਨਾ ਭੇਜਿਆ ਕਿ ਜੇਕਰ ਗੁਰੂ ਜੀ ਅਨੰਦਪੁਰ ਨੂੰ ਛੱਡ ਜਾਵਣ ਤਾਂ ਉਨ੍ਹਾਂ ਨੂੰ ਬਿਨਾਂ ਰੋਕ-ਟੋਕ ਜਾਣ ਦਿੱਤਾ ਜਾਵੇਗਾ, ਇਸ ਲਈ ਉਨ੍ਹਾਂ ਲਿਖਤੀ ਤੌਰ 'ਤੇ ਕਸਮਾਂ ਖਾਧੀਆਂ। ਗੁਰੂ ਜੀ ਪਹਾੜੀ ਰਾਜਿਆਂ ਦੇ ਚਰਿੱਤਰ ਤੋਂ ਚੰਗੀ ਤਰ੍ਹਾਂ ਜਾਣੂੰ ਸਨ, ਪਰ ਸਿੱਖਾਂ ਨੇ ਚਿੱਠੀ ਤਹਿਤ ਅਨੰਦਪੁਰ ਛੱਡਣ ਦੀ ਸਲਾਹ ਦਿੱਤੀ। ਉਨ੍ਹਾਂ ਦੀ ਇਸ ਸਲਾਹ ਪਿੱਛੇ ਗੁਰੂ ਜੀ ਪ੍ਰਤੀ ਵਫਾਦਾਰੀ ਤੇ ਸਲਾਮਤੀ ਦੀ ਭਾਵਨਾ ਹੀ ਸੀ। ਸਲਾਹ-ਮਸ਼ਵਰੇ ਮਗਰੋਂ ਗੁਰੂ ਜੀ ਨੇ ਆਨੰਦਪੁਰ ਛੱਡਣ ਦਾ ਫੈਸਲਾ ਕਰ ਲਿਆ। ਦੁਸ਼ਮਣ ਫੌਜਾਂ ਨੇ ਸੁਲਾਹ-ਨਾਮੇ ਤਹਿਤ ਦਰਿਆ ਸਤਲੁਜ ਵਾਲਾ ਥੋੜ੍ਹਾ ਜਿਹਾ ਪਾਸਾ ਖਾਲੀ ਕਰ ਦਿੱਤਾ। ਰਾਤ ਦੇ ਪਹਿਲੇ ਪਹਿਰ ਦਸ਼ਮੇਸ਼ ਪਿਤਾ ਜੀ ਨੇ ਆਨੰਦਪੁਰ ਨੂੰ ਸਦਾ ਹਈ ਖਾਲੀ ਕਰ ਦਿੱਤਾ। ਖਾਲਸਾ ਫੌਜਾਂ ਨੇ ਸਵਾਏ ਹੱਥਿਆਰਾਂ ਦੇ ਕੁੱਝ ਵੀ ਸਾਥ ਨਾ ਲਿਆ। ਅਜੇ ਮਸਾਂ ਖਾਲਸਾ ਫੌਜ ਦੋ ਕੁ ਮੀਲ 'ਤੇ ਹੀ ਪਹੁੰਚੀਆਂ ਹੋਣਗੀਆਂ ਕਿ ਪਿੱਛੋਂ ਪਹਾੜੀਆਂ ਨੇ ਆਪਣੇ ਚਰਿੱਤਰ ਅਨੁਸਾਰ ਸਭ ਕਸਮਾਂ ਭੁਲਾ ਕੇ ਹਮਲਾ ਕਰ ਦਿੱਤਾ। ਘਮਸਾਨ ਦਾ ਯੁੱਧ ਹੋਇਆ ਸਿਵਾਏ 43-44 ਸਿੰਘਾਂ ਦੇ ਬਾਕੀ ਸਭ ਖਾਲਸਾ ਫੌਜਾਂ ਰਣ ਤੱਤੇ ਵਿੱਚ ਜੂਝਦੀਆਂ ਸ਼ਹਾਦਤਾਂ ਪਾ ਗਈਆਂ। ਸਰਸਾ ਨਦੀ ਪਾਰ ਕਰਨ ਵਾਲਿਆਂ ਵਿੱਚ ਗੁਰੂ ਜੀ ਤੇ ਵੱਡੇ ਸਾਹਿਬਜ਼ਾਦੇ ਵੀ ਸਨ। ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਆਪਣੇ ਰਸੋਈਏ ਗੰਗੂ ਨਾਲ ਖੇੜੀ ਪਹੁੰਚ ਗਏ। ਗੁਰੂ ਜੀ ਬਾਕੀ ਬਚੇ ਸਿੰਘਾਂ ਸਮੇਤ ਚਮਕੌਰ ਨਾਂਅ ਦੇ ਪਿੰਡ ਪਹੁੰਚ ਗਏ। ਗੁਰੂ ਜੀ ਦਾ ਸਰਸਾ ਦੇ ਭਾਰੀ ਘਮਸਾਨ ਤੋਂ ਸੁਰੱਖਿਅਤ ਬਚ ਨਿਕਲਣ ਦਾ ਪਤਾ ਸਵੇਰੇ ਤੱਕ ਦੁਸ਼ਮਣਾਂ ਨੂੰ ਲੱਗ ਚੁੱਕਿਆ ਸੀ। ਦੁਸ਼ਮਣ ਫੌਜਾਂ ਨੇ ਪਿੱਛੇ ਕਰਕੇ ਚਮਕੌਰ ਨੂੰ ਘੇਰਾ ਪਾ ਲਿਆ। ਚਮਕੌਰ ਦੀ ਧਰਤੀ 'ਤੇ ਵੀ ਇੱਕ ਘਮਸਾਣ ਦੀ ਲੜਾਈ ਲਈ ਜੋ ਗਿਣਤੀ ਦੇ 40 ਸਿੰਘਾਂ ਤੇ ਲੱਖਾਂ ਦੀ ਗਿਣਤੀ ਵਿੱਚ ਦੁਸ਼ਮਣ ਫੌਜਾਂ ਦਰਮਿਆਨ ਲੜੀ ਗਈ। ਇਸ ਲੜਾਈ ਵਿੱਚ ਵੱਡੇ ਸਾਹਿਬਜ਼ਾਦੇ ਵੀ ਆਹਮੋ-ਸਾਹਮਣੇ ਲੜਾਈ ਵਿੱਚ ਸ਼ਹੀਦ ਹੋ ਗਏ। ਅਖੀਰ ਗੜ੍ਹੀ ਵਿੱਚ ਬਚੇ ਸਿੰਘਾਂ ਨੇ ਗੁਰੂ ਜੀ ਨੂੰ ਪਹਿਲਾਂ ਪੰਥ ਦੀ ਭਲਾਈ ਲਈ ਚਮਕੌਰ ਨੂੰ ਛੱਡ ਜਾਣ ਦੀ ਬੇਨਤੀ ਕੀਤੀ। ਜਦ ਬੇਨਤੀ ਨੂੰ ਗੁਰੂ ਜੀ ਨੇ ਨਾ ਮਨਜ਼ੂਰ ਕੀਤਾ ਤਾਂ ਫਿਰ ਗੁਰੂ ਜੀ ਨੂੰ ਖਾਲਸਾ ਪੰਥ ਵੱਲੋਂ ਗੜ੍ਹੀ ਨੂੰ ਛੱਡ ਜਾਣ ਦਾ ਹੁਕਮ ਹੋਇਆ। ਜਿਸ ਨੂੰ ਪ੍ਰਵਾਨ ਕਰਦਿਆਂ ਹੋਇਆਂ ਭਾ. ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਸਮੇਤ ਰਾਤ ਨੂੰ ਚਮਕੌਰ ਦੀ ਗੜ੍ਹੀ ਨੂੰ ਛੱਡ ਦਿੱਤਾ। ਗੁਰੂ ਜੀ ਤੇ ਇਹ ਤਿੰਨੇ ਸਿੰਘ ਮਾਛੀਵਾੜੇ ਵਿੱਚੋਂ ਦੀ ਹੁੰਦੇ ਹੋਏ ਗਨੀ ਖਾਂ ਤੇ ਨਬੀ ਖਾਂ ਦੀ ਮਦਦ ਨਾਲ ਆਲਮਗੀਰ ਦੇ ਪੰਧ ਪਏ। ਰਸਤੇ ਵਿੱਚ ਗੁਰੂ ਦਾ ਪ੍ਰੇਮੀ ਇੱਕ ਘੋੜਿਆਂ ਦਾ ਸੌਦਾਗਰ ਮਿਲਿਆ, ਜਿਸ ਨੇ ਗੁਰੂ ਜੀ ਨੂੰ ਇੱਕ ਵਧੀਆ ਘੋੜਾ ਭੇਟ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਗੁਰੂ ਜੀ ਗਨੀ ਖਾਂ ਤੇ ਨਬੀ ਖਾਂ ਨੂੰ ਬਖਸ਼ਿਸ਼ਾਂ ਕਰਕੇ ਆਪਣੇ ਪਹਿਲੇ ਤਿੰਨਾਂ ਸਾਥੀਆਂ ਸਮੇਤ ਮਾਲਵੇ ਦੀ ਧਰਤ ਦੇ ਵਾਸੀ ਰਾਏ ਕੱਲੇ ਦੀ ਦਿਲੀ ਖਾਹਿਸ਼ ਪੂਰੀ ਕੀਤੀ। ਰਾਏ ਕੱਲੇ ਪਾਸ ਗੁਰੂ ਜੀ ਨੇ 16 ਦਿਨ ਵਿਸ਼ਰਾਮ ਕੀਤਾ। ਇੱਥੋਂ ਗੁਰੂ ਜੀ ਨੇ ਦੀਨੇ ਪਿੰਡ ਨੂੰ ਰਵਾਨਗੀ ਪਾਈ। ਦੀਨੇ ਪਿੰਡ ਠਹਿਰਨ ਦੌਰਾਨ ਗੁਰੂ ਜੀ ਨੇ ਔਰੰਗਜ਼ੇਬ ਨੂੰ ਜ਼ਫਰਨਾਮਾ ਲਿਖਿਆ ਤੇ ਭਾਈ ਦਇਆ ਸਿੰਘ ਰਾਹੀਂ ਉਸ ਪਾਸ ਪਹੁੰਚਾਇਆ। ਦੀਨੇ ਪਿੰਡ ਵਿੱਚ ਗੁਰੂ ਜੀ ਨੇ ਨਿਤ ਦਾ ਦੀਵਾਨ ਆਰੰਭ ਕੀਤਾ ਤੇ ਇੱਕ ਛੋਟੀ ਜਿਹੀ ਖਾਲਸਾ ਫੌਜ ਵੀ ਤਿਆਰ ਕਰ ਲਈ। ਅਪ੍ਰੈਲ ਦੇ ਮਹੀਨੇ ਗੁਰੂ ਜੀ ਭੱਖਦੇ ਮਾਰੂਥਲਾਂ ਦੇ ਰਸਤੇ ਖਦਰਾਣੇ ਦੀ ਢਾਬ ਤੇ ਪਹੁੰਚੇ। ਇਸ ਸਾਰੇ ਬਿਖੜੇ ਪੰਧ ਤੇ ਕਿਤੇ ਵੀ ਗੁਰੂ ਜੀ ਜ਼ਿਆਦਾ ਚਿਰ ਨਹੀਂ ਸਨ ਰੁਕਣਾ ਚਾਹੁੰਦੇ, ਕਿਉਂਕਿ ਉਹ ਜਾਣਦੇ ਸਨ ਕਿ ਦੁਸ਼ਮਣ ਫੌਜਾਂ ਉਨ੍ਹਾਂ ਦੀ ਭਾਲ ਵਿੱਚ ਪਿੱਛਾ ਕਰ ਰਹੀਆਂ ਹਨ। ਗੁਰੂ ਜੀ ਨੂੰ ਜਿਉਂਦਿਆਂ ਫੜ ਲਿਆਉਣ ਦੀ ਲਾਲਸਾ ਤਹਿਤ ਦੁਸ਼ਮਣ ਫੌਜਾਂ ਵੀ ਗੁਰੂ ਜੀ ਪਿੱਛੇ ਖਿਦਰਾਣੇ ਦੀ ਢਾਬ 'ਤੇ ਪਹੁੰਚ ਚੁੱਕੀਆਂ ਸਨ। ਸੋ ਗੁਰੂ ਜੀ ਝਾੜਾਂ ਦੀ ਓਟ ਲੈ ਕੇ ਦੁਸ਼ਮਣਾਂ ਦੀ ਉਡੀਕ ਕਰਨ ਲੱਗੇ।

ਦੂਸਰੇ ਪਾਸੇ ਆਨੰਦਪੁਰ ਤੋਂ ਗੁਰੂ ਤੋਂ ਬੇਮੁੱਖ ਹੋ ਕੇ ਗਏ 40 ਸਿੰਘ ਜਦ ਆਪਣੇ ਘਰਾਂ ਵਿੱਚ ਪਹੁੰਚੇ ਤਾਂ ਉਨ੍ਹਾਂ ਨੂੰ ਬਹੁਤ ਹੀ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਿਆ। ਅੰਤ ਮਾਤਾ ਭਾਗੋ ਦੀ ਅਗਵਾਈ ਵਿੱਚ ਇਨ੍ਹਾਂ 40 ਸਿੰਘਾਂ ਨੇ ਮੱਥੇ ਤੇ ਕਲੰਕ ਨੂੰ ਮਿਟਾਉਣ ਖਾਤਰ ਗੁਰੂ ਸਾਹਿਬ ਜੀ ਤੋਂ ਭੁੱਲ ਬਖਸ਼ਾਉਣ ਲਈ ਗੁਰੂ ਦਰਸ਼ਨਾਂ ਲਈ ਚੱਲ ਪਏ। ਜਦ ਇਨ੍ਹਾਂ ਨੂੰ ਪਤਾ ਲੱਗਾ ਕਿ ਗੁਰੂ ਜੀ ਸ੍ਰੀ ਆਨੰਦਪੁਰ ਸਾਹਿਬ ਨੂੰ ਛੱਡ ਕੇ ਮੁਸੀਬਤਾਂ ਦਾ ਸਾਹਮਣਾ ਕਰਦੇ ਹੋਏ ਖਿਦਰਾਣੇ ਦੀ ਢਾਬ ਤੇ ਪਹੁੰਚ ਚੁੱਕੇ ਹਨ ਤਾਂ ਇਨ੍ਹਾਂ ਸਿੰਘਾਂ ਵੀ ਖਿਦਰਾਣੇ ਵੱਲ ਨੂੰ ਚਾਲੇ ਪਾਏ। ਅਜੇ ਇਹ ਸਿੰਘ ਖਿਦਰਾਣੇ ਪਹੁੰਚੇ ਹੀ ਸਨ ਜਦ ਦੁਸ਼ਮਣ ਫੌਜਾਂ ਦੀ ਆਮਦ ਸ਼ੁਰੂ ਹੋ ਗਈ। ਦੁਸ਼ਮਣਾਂ ਨੂੰ ਅੱਗੇ ਵੱਧਦਿਆਂ ਵੇਖ ਇਨ੍ਹਾਂ ਸਿੰਘਾਂ ਝਾੜੀਆਂ ਉੱਤੇ ਆਪਣੇ ਵਾਧੂ ਕੱਪ2ੜੇ ਪਾ ਕੇ ਸਧਾਰਣ ਮੋਰਚਾਬੰਦੀ ਕਰ ਲਈ।

ਇਸ ਅਸਥਾਨ 'ਤੇ ਦੁਸ਼ਮਣਾਂ ਤੇ ਬੇਦਾਵੀਏ ਸਿੰਘਾਂ ਵਿੱਚ ਥੋੜ੍ਹਾ ਚਿਰ ਪਰ ਘਮਸਾਨ ਦਾ ਯੁੱਧ ਹੋਇਆ। ਗਰਮੀ ਦਾ ਮੌਸਮ ਮਾਰੂਥਲ ਦਾ ਇਲਾਕਾ ਤੇ ਪਾਣੀ ਦਾ ਪ੍ਰਬੰਧ ਸਿੰਘਾਂ ਦੇ ਕਬਜ਼ੇ ਵਿੱਚ ਹੋਣ ਕਾਰਨ ਦੁਸ਼ਮਣ ਫੌਜਾਂ, ਸਿੰਘਾਂ ਦੀ ਬਹਾਦਰੀ ਦਾ ਟਾਕਰਾ ਨਾ ਕਰਦੀਆਂ ਹੋਈਆਂ ਹਰਨ ਹੋ ਗਈਆਂ। ਗੁਰੂ ਜੀ ਇਸ ਯੁੱਧ ਵਿੱਚ ਟਿੱਬੀ ਸਾਹਿਬ ਦੇ ਸਥਾਨ ਤੇ ਬੈਠੇ ਤੱਕ ਰਹੇ ਸਨ ਤੇ ਸਮੇਂ ਸਮੇਂ ਸਿੰਘਾਂ ਦੀ ਮਦਦ ਲਈ ਤੀਰਾਂ ਦੀ ਵਾਛੜ ਵੀ ਕਰਦੇ।

ਕੁੱਝ ਸਮੇਂ ਪਿੱਛੋਂ ਦਸਮੇਸ਼ ਪਿਤਾ ਜੀ ਮੈਦਾਨੇ ਜੰਗ ਵਿੱਚ ਆਏ, ਜਿੱਥੇ ਬੇਦਾਵੀਏ ਸਿੰਘਾਂ ਨੇ ਭੁੱਲ ਬਖਸ਼ਾਉਣ ਲਈ ਆਪਣੀਆਂ ਜਾਨਾਂ ਗੁਰੂ ਲੇਖੇ ਲਾ ਦਿੱਤੀਆਂ ਸਨ, ਹਜ਼ੂਰ ਜਾਣੀ ਜਾਣ ਸਨ ਕਿ ਇਨ੍ਹਾਂ ਨੂੰ ਇੱਕ ਦਿਨ ਆਪਣੀ ਅਗਿਆਨਤਾ ਦਾ ਅਹਿਸਾਸ ਹੋ ਜਾਣਾ ਹੈ। ਇਹੀ ਕਾਰਨ ਸੀ ਕਿ ਗੁਰੂ ਜੀ ਨੇ ਅਤਿ ਮੁਸ਼ਕਲਾਂ ਵਿੱਚ ਵੀ ਬੇਦਾਵੇ ਵਾਲੇ ਕਾਗਜ਼ ਨੂੰ ਸਾਂਭ ਕੇ ਰੱਖਿਆ ਹੋਇਆ ਸੀ।

ਗੁਰੂ ਜੀ ਇਨ੍ਹਾਂ ਸ਼ਹੀਦ ਸਿੰਘਾਂ ਦੇ ਮੁੱਖੜੇ ਸਾਫ ਕਰਦੇ ਬਖਸ਼ਿਸ਼ਾਂ ਕਰਦੇ ਹੋਏ ਅੱਗੇ ਤੁਰੀ ਜਾਂਦੇ। ਇਨ੍ਹਾਂ 40 ਸਿੰਘਾਂ ਵਿੱਚੋਂ ਕੇਵਲ ਮਹਾਂ ਸਿੰਘ ਹੀ ਅੰਤਿਮ ਸੁਆਸ ਲੈ ਰਿਹਾ ਸੀ। ਜਦ ਗੁਰੂ ਜੀ ਪਹੁੰਚ ਗਏ। ਗੁਰੂ ਜੀ ਨੇ ਮਹਾਂ ਸਿੰਘ ਦੇ ਸੀਸ ਨੂੰ ਪਵਿੱਤਰ ਹੱਥਾਂ ਵਿੱਚ ਲਿਆ, ਰੁਮਾਲੇ ਨਾਲ ਮੂੰਹ ਸਾਫ ਕੀਤਾ। ਮਹਾਂ ਸਿੰਘ ਨੇ ਅੱਖਾਂ ਖੋਲ੍ਹੀਆਂ। ਗੁਰੂ ਜੀ ਦੇ ਦਰਸ਼ਨ ਕਰਕੇ ਭੁੱਲ ਦਾ ਅਹਿਸਾਸ ਕਰਦਿਆਂ ਨੇਤਰ ਭਰ ਲਏ। ਗੁਰੂ ਜੀ ਨੇ ਬਚਨ ਕੀਤਾ, ਮਹਾਂ ਸਿੰਘ ਮੈਂ ਤੁਹਾਡੀ ਬਹਾਦਰੀ ਤੇ ਬਹੁਤ ਖੁਸ਼ ਹਾਂ ਕੁੱਝ ਮੰਗ ਲਵੋ, ਅੱਜ ਜੋ ਮੰਗੋਗੇ ਮਿਲੇਗਾ। ਮਹਾਂ ਸਿੰਘ ਨੇ ਸ਼ੁਕਰੀਆ ਅੰਦਾਜ਼ ਵਿੱਚ ਨੇਤਰ ਭਰ ਲਏ ਜਿਵੇਂ ਕਹਿ ਰਿਹਾ ਹੋਵੇ-

ਦੇਹੁ ਦਰਸੁ ਸੁਖਦਾਤਿਆ,
ਮੈਂ ਗਲਿ ਵਿਚਿ ਲੈਹੁ ਮਲਾਇ ਜੀਓ।। (74)

# ਸਾਡੀ ਵਿਸਰਦੀ ਵਿਰਾਸਤ ਚਰਖਾ

- ਡਾਕਟਰ ਅਜੀਤ ਸਿੰਘ ਕੋਟਕਪੂਰਾ



657-464-4066

ਚਰਖਾ ਸ਼ਬਦ ਪੰਜਾਬੀ ਸਭਿਆਚਾਰ ਵਿਚ ਅਪਨੀ ਜਾਨ ਪਹਚਾਨ ਦਾ ਮੁਥਾਜ ਨਹੀਂ ਹੈ ਅਤੇ ਇਹ ਸ਼ਬਦ ਅਪਨੀ ਵਿਸ਼ੇਸ਼ ਥਾਂ ਰਖਦਾ ਹੋਇਆ ਕਿਸੇ ਵੇਲੇ ਆਰਥਕ ਹਾਲਤ ਦੀ ਬੇਹਤਰੀ ਲਈ ਯੋਗਦਾਨ ਪੌਂਦਾ ਰਿਹਾ ਹੈ ਘਰ ਦੀਆਂ ਸੁਆਣੀਆ ਚਰਖਾ ਕਤ ਕੇ ਖੇਸ ਦਰੀਆਂ ਆਦ ਬਣਵਾ ਕੇ ਧੀ ਦੇ ਦਾਜ ਨੂੰ ਧੀ ਦੇ ਜਨਮ ਲੈਣ ਦੇ ਨਾਲ ਹੀ ਸ਼ੁਰੂ ਕਰ ਦਿਆ ਕਰਦੀਆਂ ਸਨ।

ਚਰਖਾ ਜੋ ਪੇਹ੍ਲਾਂ ਘੁਮਦਾ ਚੱਕਰ ਸੀ ਦਾ ਇਤਿਹਾਸ 11ਵੀਂ ਸਦੀ ਨਾਲ ਜਾ ਲਗਦਾ ਹੈ। ਪੰਜਾਬ ਵੱਲ ਇਹ ਬਗਦਾਦ ਵਾਲੇ ਪਾਸੇ ਤੋਂ ਦਾਖਲ ਹੋਇਆ ਮੰਨਿਆ ਜਾਂਦਾ ਹੈ ।ਵਰਤਮਾਨ ਹਾਲਤ ਭਾਵੇਂ ਇਸ ਦੀ ਤਰਸਯੋਗ ਹੋ ਚੁਕੀ ਹੈ ਇਹ ਕੇਵਲ ਗਿਧਿਆਂ ਨਾਚਾਂ ਦੇ ਕਾਲਜਾਂ ਦੇ ਮੁਕਾਬਲਿਆਂ ਸਮੇਂ ਸਟੇਜਾਂ ਤੇ ਨਜਰੀਂ ਪੈਂਦਾ ਹੈ। ਅੱਲੜ ਮੁਟਿਆਰਾਂ ਇਸ ਦੇ ਲਾਗੇ ਪੀੜੀ ਉਪਰ ਬੈਠ ਚਰਖਾ ਕਤਨ ਦਾ ਸਾਂਗ ਕਰਦਿਆਂ ਨਜਰੀਂ ਪੈ ਜਾਂਦੀਆਂ ਹਨ ਕਈ ਵਾਰ ਲੜਕੀਆ ਕੇਵਲ ਚਰਖੇ ਪਾਸ ਬੈਠੀਆਂ ਹੀ ਦਿਸਦੀਆਂ ਹਨ ਅਤੇ ਚਰਖੇ ਦੀ ਤੰਦ ਨਹੀਂ ਪਾ ਰਹੀਆਂ ਹੁੰਦੀਆਂ ਅਤੇ ਆਪੋ ਵਿਚ ਗਲਾਂ ਕਰਦੀਆਂ ਵਿਖਾਈ ਦਿੰਦੀਆਂ ਹਨ। ਵਿਆਹ ਦੇ ਸਮੇਂ ਵੀ ਸਭਿਆਚਾਰ ਦੇ ਨਾਮ ਤੇ ਕੁਝ ਗੀਤ ਭਾਵੇਂ ਚਰਖੇ ਨਾਲ ਸਬੰਧ ਨਾ ਵੀ ਰਖਦੇ ਹੋਣ ਪਰੰਤੂ ਇਹ ਚਰਖਾ ਸਟੇਜ ਦੀ ਸੋਭਾ ਨੂੰ ਚਾਰ ਚੰਨ ਲਾ ਦਿੰਦਾ ਹੈ ਭਾਵੇਂ ਇਸ ਵਿਚ ਤਕਲਾ ਅਤੇ ਚਰਮਖ ਨਾ ਵੀ ਦਿਖਾਈ ਦੇਣ।

ਲੱਕੜ ਦੇ ਬਣੇ ਹੋਏ ਚਰਖੇ ਵਿਚ ਦੋ ਪਾਸੇ ਹੁੰਦੇ ਹਨ ਜੋ ਕਿ ਇਕ ਪੱਕੇ ਧਾਗੇ ਦੀ ਮਦਦ ਨਾਲ ਕੱਸੇ ਹੋਏ ਹੁੰਦੇ ਹਨ ਜੋ ਇਕ ਗੋਲ ਚੱਕਰ ਦੇ ਰੂਪ ਵਿਚ ਦੋ ਮੁਨਿਆਂ ਵਿਚਕਾਰ ਲਗਾਏ ਹੁੰਦੇ ਹਨ ਅਤੇ ਹੱਥੀ ਨਾਲ ਘੁਕਾਏ ਜਾ ਸਕਦੇ ਹਨ। ਮਾਲ੍ਹ ਦੁਆਰਾ ਤਿੰਨ ਗੁਡੀਆਂ ਨਾਲ ਚਰਖੇ ਦੀ ਮਦਦ ਨਾਲ ਲੱਗੇ ਤਕਲੇ ਨੂੰ ਘੁਮਾਇਆ ਜਾਂਦਾ ਹੈ। ਸੱਜੇ ਹਥ ਨਾਲ ਹੱਥੀ ਨੂੰ ਘੁਮਾਇਆ ਜਾਂਦਾ ਹੈ ਅਤੇ ਖੱਬੇ ਹੱਥ ਨਾਲ ਪੂਣੀ ਫੜ ਕੇ ਸੂਤ ਕਤਿਆ ਜਾਂਦਾ ਹੈ।

ਚਰਖੇ ਦੇ ਚਲਣ ਸਮੇਂ ਇਕ ਮਿਠੀ ਜਿਹੀ ਅਵਾਜ ਪੈਦਾ ਹੁੰਦੀ ਹੈ ਜੋ ਮਾਹੀ ਦੀ ਯਾਦ ਦਿਲਵਾਂਦੀ ਹੈ ਜਦੋਂ ਮਾਹੀਆ ਬਾਹਰ ਕੰਮ ਤੇ ਹੁੰਦਾ ਹੈ ਜਾਂ ਖੇਤਾਂ ਵਿਚ ਹਲ ਚਲਾ ਰਿਹਾ ਹੁੰਦਾ ਹੈ ਤਾਂ ਸੁਆਣੀ ਚਰਖਾ ਕੱਤਦੀ ਹੋਈ ਆਪ ਮੁਹਾਰੇ ਗੁਣ ਗਣਾ ਰਹੀ ਹੁੰਦੀ ਹੈ ਕਿ -

ਸੁਣ ਚਰਖੇ ਦੀ ਮਿੱਠੀ-ਮਿੱਠੀ ਘੂਕ
ਮਾਹੀ ਮੈਨੂੰ ਯਾਦ ਆਂਵਦਾ

ਕੁੜੀਆਂ ਚਿੜੀਆਂ ਜਦੋਂ ਇਕੱਠੀਆਂ ਮਿਲ ਕੇ ਕਤਦੀਆਂ ਹਨ ਤਾਂ ਇਹ ਤ੍ਰਿੰਜਣ ਅਖਵਾਂਦਾ ਹੈ। ਇਸ ਤਰਾਂ ਬੈਠੀਆਂ ਲੜਕੀਆਂ ਆਪਣੇ ਦੁਖ ਸੁਖ ਫਰੋਲ ਲੈਂਦੀਆਂ ਹਨ ਅਤੇ ਜਦੋਂ ਜਿਆਦਾ ਚਰਖੇ ਇਕਠੇ ਚਲ ਰਹੇ ਹੁੰਦੇ ਹਨ ਤਾਂ ਇਕ ਅਜੀਬ ਜਿਹੀ ਗੂੰਜ ਪੈਦਾ ਹੋ ਰਹੀ ਹੁੰਦੀ ਹੈ ਤਾਂ ਇਕ ਕਵੀ ਆਪਣੇ ਲੇਹ੍ਜੇ ਵਿਚ ਇਸ ਨੂੰ ਇਸ ਤਰਾਂ ਬਿਆਨਦਾ ਹੈ-

ਗੂੰਜੇ ਚਰਖਾ ਬਿਸ਼ਨੀਏ ਤੇਰਾ, ਲੋਕਾਂ ਭਾਣੇ ਮੋਰ ਕੂਕਦਾ

ਤ੍ਰਿੰਜਣ ਵਿਚ ਗਾ ਰਹੀਆਂ ਕੁੜੀਆਂ ਦੇ ਗੀਤ ਚਰਖੇ ਦੀਆਂ ਘੁਕਾਂ ਵਿਚ ਸਮਾਂ ਜਾਂਦੇ ਹਨ । ਆਮ ਤੌਰ ਤੇ ਜੇਹੜੇ ਲੋਕ ਘਰ ਬਾਰ ਛੱਡ ਜੋਗੀ ਬਣ ਜਾਂਦੇ ਹਨ ਉਨ੍ਹਾਂ ਨੂੰ ਵੀ ਇਹ ਘੂਕ ਜਦੋਂ ਸੁਨਾਈ ਪੈ ਜਾਂਦੀ ਹੈ ਤਾਂ ਓਹ ਵੀ ਵਾਪਸ ਘਰ ਪਰਤਨ ਲਈ ਤਿਆਰ ਹੋ ਪੈਂਦੇ ਹਨ ਜਿਸ ਨੂੰ ਇਹਨਾ ਸਤਰਾਂ ਵਿਚ ਪਰਗਟ ਕੀਤਾ ਗਿਆ ਹੈ-

ਜੋਗੀ ਉੱਤਰ ਪਹਾੜੋਂ ਆਇਆ ਚਰਖੇ ਦੀ ਘੂਕ ਸੁਣ ਕੇ

ਜੀਵਨ ਫੁਲਾਂ ਦੀ ਸੇਜ ਨਹੀਂ ਹੈ ਜੀਵਨ ਵਿਚ ਵਿਚਰਦਿਆਂ ਦੁਖਾਂ ਨਾਲ ਵੀ ਦੋ ਚਾਰ ਹੋਣਾ ਪੈ ਜਾਂਦਾ ਹੈ ਮਰਦ ਆਪਣਾ ਦੁਖ ਦਾਰੂ ਪੀ ਕੇ ਕਰਦੇ ਹਨ ਜੋ ਕਿ ਸ਼ਰਾਬ ਪੀਣ ਦਾ ਇਕ ਬਹਾਨਾ ਹੁੰਦਾ ਹੈ ਅਤੇ ਮਰਦ ਇਸ ਬਹਾਨੇ ਨੂੰ ਲਭਦੇ ਹੀ ਰਹੰਦੇ ਹਨ ਜਿਵੇਂ ਇਕ ਫਿਲਮੀ ਗੀਤ ਵਿਚ ਵਰਣਨ ਕੀਤਾ ਹੈ ਕਿ-

ਦੋ ਹਫਤੇ ਇਸ ਖੁਸ਼ੀ ਮੇਂ ਪੀ ਕੇ ਮੁਝ ਮਿਲਾ ਯਾਰ ਮੇਰਾ
ਦੋ ਹਫਤੇ ਇਸ ਗਮ ਮੈ ਪੀ ਕਿ ਮੁਝ ਸੇ ਰੂਠਾ ਯਾਰ ਮੇਰਾ

ਜਦੋਂ ਕਿ ਔਰਤਾਂ ਕੋਲ ਦੁਖ ਪਰਗਟ ਕਰਨ ਲਈ ਚਰਖਾ ਹੀ ਸਹਾਰਾ ਹੁੰਦਾ ਹੈ ਅਤੇ ਕਵੀ ਇਸ ਤਰਾਂ ਲਿਖਦਾ ਹੈ--

ਪੀੜ ਪਰਾਉਣੀ ਨ੍ਹਾ ਧੋ ਕੇ ਜਦ ਗ਼ਮ ਦੀ ਚਰਖੀ ਡਾਹਵੇ,
ਪੂਣੀ-ਪੂਣੀ ਹੋ ਕੇ ਨੀ ਮੇਰੀ ਜਿੰਦ ਕੱਤੀਦੀ ਜਾਵੇ
ਪੀੜਾਂ ਦਾ ਪਰਗਾ ਲੈ ਕੇ ਸ਼ਿਵ ਕੁਮਾਰ ਜੀ ਭਠੀ ਵਾਲੀ ਕੋਲ ਜਾਂਦੇ ਹਨ ਅਤੇ ਆਖਦੇ ਹਨ--
ਭੱਠੀ ਵਾਲੀਏ ਚੰਬੇ ਦੀਏ ਡਾਲੀਏ ਨੀ
ਪੀੜਾਂ ਦਾ ਪਰਾਗਾ ਭੁਨ ਦੇ
ਤੈਨੂੰ ਦੇਆਂ ਹੰਝੂਆਂ ਦਾ ਭਾੜਾ ਨੀ
ਪੀੜਾਂ ਦਾ ਪਰਾਗਾ ਭੁਨ ਦੇ

ਜਾਂ ਜਦੋਂ ਮਨ ਉਦਾਸ ਹੋ ਜਾਂਦਾ ਹੈ ਅਤੇ ਕਾਰਣ ਕੋਈ ਵੀ ਹੋਵੇ ਦੁਖ ਵਧੇਰੇ ਪ੍ਰਤੀਤ ਹੋਣ ਲਗਦਾ ਹੈ ਜਦੋਂ ਢੋਲ ਕੋਲ ਨਹੀਂ ਹੁੰਦਾ ਤਾਂ ਉਸ ਹਾਲਤ ਨੂੰ ਕਵੀ ਨੇ ਇਸ ਤਰਾਂ ਬਿਆਨਿਆ ਹੈ---

ਚਰਖਾ ਮੈਂ ਆਪਣਾ ਕੱਤਾਂ, ਤੰਦ ਤੇਰਿਆਂ ਦੁੱਖਾਂ ਦੀ ਪਾਵਾਂ

ਚਰਖਾ ਦੋ ਮਿਲਣ ਦੀ ਚਾਹਨਾ ਰਖਣ ਵਾਲੀਆਂ ਲਈ ਇਕ ਪੱਜ ਬਣ ਜਾਂਦਾ ਸੀ ਅਤੇ ਮਿਤਰ ਨੂੰ ਮਿਲਣ ਦੀ ਤਮਨਾ ਰਖਦੀ ਮੁਟਿਆਰ ਗਲੀ ਵਿਚ ਹੀ ਚਰਖਾ ਰਖ ਕਤਨ ਬੈਠ ਜਾਂਦੀ ਸੀ ਕਵੀ ਨੇ ਉਸ ਦੇ ਬੈਠਣ ਨੂੰ ਇਸ ਤਰਾਂ ਚਿ-ਤਰਿਆਂ ਹੈ-

ਚੁੱਕ ਚਰਖਾ ਗਲੀ ਦੇ ਵਿੱਚ ਡਾਹੁੰਦੀਆਂ, ਜਿਨ੍ਹਾਂ ਨੂੰ ਤਾਂਘ ਮਿੱਤਰਾਂ ਦੀ

ਅਤੇ ਛੜੇ ਵੀ ਗਲੀ ਵਿਚ ਬੈਠੀ ਚਰਖੇ ਵਾਲੀ ਪ੍ਰਤੀ ਆਪਣੇ ਇਜਹਾਰ ਕੁਝ ਇਸ ਤਰੀਕੇ ਨਾਲ ਕਰਦੇ ਹਨ ਅਤੇ ਮਾਜਾਕਿਆ ਲੇਹ੍ਜਾ ਵਰਤਦੇ ਹਨ ਕਿ --

ਚੱਕ ਚਰਖਾ ਪਰਾਂ ਕਰ ਪੀੜ੍ਹੀ, ਛੜਿਆਂ ਨੇ ਬੋਕ ਬੰਨਣਾ

ਪੰਜਾਬ ਦੀ ਕਿਰਸਾਨੀ ਖੇਤਾਂ ਵਿਚ ਮਸ਼ਰੂਫ ਰਿਹੰਦੀ ਹੈ ਅਤੇ ਜੱਟ ਦਾ ਦਿਨ ਅਤੇ ਰਾਤ ਦਾ ਵਧੇਰੇ ਸਮਾਂ ਖੇਤਾਂ ਵਿਚ ਹੀ ਬੀਤਦਾ ਹੈ ਅਤੇ ਘਰ ਵਿਚ ਔਰਤ ਚਰਖਾ ਲੈ ਕੇ ਕੱਤਦੀ ਰਿਹੰਦੀ ਹੈ ਅਤੇ ਇਕਲੀ ਹੀ ਹੁੰਦੀ ਹੈ ਅਤੇ ਇਸ ਇਕਲ ਤੋਂ ਅੱਕੀ ਹੋਈ ਆਪਣੇ ਮਾਹੀ ਨੂੰ ਪਿਆਰ ਨਾਲ ਆਖਦੀ ਹੈ ਕਿ--

ਉਥੇ ਲੈ ਚਲ ਚਰਖਾ ਮੇਰਾ ਜਿਥੇ ਤੇਰੇ ਹਲ ਵਗਦੇ

ਚਰਖਾ ਜਿਥੇ ਦੋ ਪ੍ਰੇਮੀਆਂ ਲੈ ਮਿਲਣ ਵਿਚ ਸਹਾਈ ਹੈ ਇਹ ਭੈਣ ਭਰਾਵਾਂ ਦੇ ਸਚੇ ਪਿਆਰ ਦਾ ਪ੍ਰਤੀਕ ਵੀ ਹੈ। ਦਾਜ ਵਿਚ ਵੀ ਚਰਖਾ ਦੇਣ ਦਾ ਰਿਵਾਜ ਸੀ ਉਸ ਰੰਗਲੀ ਚਰਖੀ ਬਾਰੇ ਕਵੀ ਨੇ ਵਰਣਨ ਕੁਝ ਇਸ ਤਰਾਂ ਨਾਲ ਕੀਤਾ ਹੈ--

ਚਰਖੀ ਰੰਗਲੀ ਦਾਜ ਦੀ, ਮੇਰੇ ਵੀਰ ਨੇ ਵਲੈਤੋਂ ਆਂਦੀ

ਇਸ ਤਰਾਂ ਪ੍ਰਾਪਤ ਹੋਈ ਚਰਖੀ ਨੂੰ ਕੁੜੀਆਂ ਪ੍ਰੀਤ ਨਾਲ ਕਤਿਆ ਕਰਦੀਆਂ ਸਨ ਅਤੇ ਇਕ ਕਵੀ ਇਸ ਪਿਆਰ ਨੂੰ ਗੀਤ ਰਹਿਣ ਇਸ ਤਰਾਂ ਬਿਆਨ ਕਰਦਾ ਹੈ--

ਨੀ ਮੈਂ ਕੱਤਾਂ ਪ੍ਰੀਤਾਂ ਨਾਲ, ਚਰਖਾ ਚੰਨਣ ਦਾ

ਚਰਖੇ ਦਾ ਸਬੰਧ ਸਾਡੇ ਤਿਰੰਗੇ ਨਾਲ ਵੀ ਹੈ ਅਜਾਦੀ ਪ੍ਰਾਪਤੀ ਤੋਂ ਪੇਹ੍ਲਾਂ ਜਦੋਂ ਭਾਰਤ ਦੇਸ਼ ਲਈ ਇਕ ਝੰਡੇ ਦੀ ਲੋੜ ਮੇਹ੍ਸੂਸ ਕੀਤੀ ਗਈ ਤਾਂ ਬਹੁਤ ਸਾਰੇ ਸੁਝਾ ਦਿਤੇ ਗਏ ਜਿਹਨਾ ਵਿਚੋਂ ਇਕ ਇਹ ਵੀ ਸੀ ਕਿ ਝੰਡਾ ਦੋ ਰੰਗਾ ਦਾ ਹੋਵੇ ਇਕ ਰੰਗ ਭਗਵਾ ਹਿੰਦੂ ਧਰਮ ਦਾ ਪ੍ਰਤੀਕ ਅਤੇ ਦੂਜਾ ਹਰਾ ਮੁਸਲਮਾਨ ਧਰਮ ਦਾ ਪ੍ਰਤੀਕ ਹੋਵੇ ਅਤੇ ਵਿਚਕਾਰ ਨੀਲੇ ਰੰਗ ਦਾ ਚਰਖਾ ਹੋਵੇ।

ਪ੍ਰੰਤੂ ਦੂਜੇ ਹੋਰ ਧਰਮਾਂ ਦਾ ਕੋਈ ਪ੍ਰਤੀਕ ਨਾ ਹੋਣ ਕਾਰਣ ਇਸ ਝੰਡੇ ਨੂੰ ਅਸਵੀਕਾਰ ਕੀਤਾ ਗਿਆ। ਫਿਰ ਵਰਤਮਾਨ ਝੰਡਾ ਸਵੀਕਾਰਨ ਤੋਂ ਪੇਹ੍ਲਾਂ ਤਿਨ ਰੰਗ ਕੇਸਰੀ ਚਿਟਾ ਅਤੇ ਹਰਾ ਰੰਗ ਸੁਝਾਏ ਗਾਏ ਅਤੇ ਚਿਟੇ ਰੰਗ ਦੇ ਅੰਦਰ ਚਰਖੇ ਦਾ ਚਿਨ੍ਹ ਰਖਿਆ ਗਿਆ ਸੀ ਜੋ ਬਾਦ ਵਿਚ ਅਸ਼ੋਕ ਚੱਕਰ ਨਾਲ ਬਦਲ ਦਿਤਾ ਗਿਆ। ਇਸ ਸਮੇਂ ਤਿਰੰਗੇ ਝੰਡੇ ਦੇ ਅੰਦਰ ਅਸ਼ੋਕ ਚੱਕਰ ਹੈ ਜੋ ਜਿੰਦਗੀ ਦੇ ਚਲਦੇ ਰਹਨ ਦਾ ਪ੍ਰਤੀਕ ਹੈ ਅਤੇ ਕਾਂਗਰਸ ਦੇ ਝੰਡੇ ਅੰਦਰ ਤਿਨ ਰੰਗ ਹਨ ਅਤੇ ਚਿਟੇ ਰੰਗ ਦੇ ਅੰਦਰ ਅਜੇ ਵੀ ਚਰਖੇ ਦੇ ਨਿਸ਼ਾਨ ਹੈ।

ਸਭਿਆਚਾਰ ਨੂੰ ਜੀਵਤ ਰਖਣ ਲਈ ਸਾਨੂੰ ਇਸ ਪਾਸੇ ਵਲ ਧਿਆਨ ਦੇਣ ਦੀ ਲੋੜ ਹੈ ਨਵੀਂ ਆ ਰਹੀ ਪੀੜੀ ਨੂੰ ਵੀ ਜਾਣਕਾਰੀ ਦੇਣ ਦੀ ਲੋੜ ਹੈ ਕਿ ਪੰਜਾਬੀ ਸਭਿਆਚਾਰ ਕਿਤਨਾ ਅਮੀਰ ਹੈ ਅਤੇ ਵਿਸ਼ਾਲ ਹਿਰਦਾ ਰਖਦਾ ਹੈ ।ਇਸ ਲਈ ਪੁਰਾਣੀਆ ਯਾਦਾਂ ਨੂੰ ਸੰਭਾਲ ਕੇ ਰਖਿਆ ਜਾਵੇ।

# ਸੰਧੂ ਭਰਾਵਾਂ ਵੱਲੋਂ ਸੁਰਜਨ ਸਿੰਘ ਚੱਠਾ ਦਾ ਸਨਮਾਨ









ਹੇਵਰਡ- ਪਿਛਲੇ ਹਫਤੇ ਇਕ ਭਾਵਪੂਰਤ ਮੀਟਿੰਗ ਵਿਚ ਕਬੱਡੀ ਦੇ ਸਿਰਮੌਰ ਖਿਡਾਰੀ ਤੇ ਕੋਚ ਸ. ਸੁਰਜਨ ਸਿੰਘ ਚੱਠਾ ਦਾ ਸਨਮਾਨ ਕੀਤਾ ਗਿਆ। ਇਸ ਸਨਮਾਨ ਨੂੰ ਦੇਣ ਵਾਲਿਆਂ ਵਿਚ ਸ. ਬਲਜੀਤ ਸੰਧੂ ਚੇਅਰਮੈਨ ਬੇ-ਏਰੀਆ ਸਪੋਰਟਸ ਕਲੱਬ, ਚਰਨਜੀਤ ਸਿੰਘ ਸੰਧੂ, ਸੁਰਜੀਤ ਸਿੰਘ ਸੰਧੂ, ਪਰਮਜੀਤ ਸਿੰਘ ਸੰਧੂ ਤੇ ਸ.ਸਾਧੂ ਸਿੰਘ ਜੋ ਪੰਜਾਬ ਦੇ ਬਨੂੜ ਇਲਾਕੇ ਦੇ ਮਸ਼ਹੁਰ ਲੀਡਰ ਹਨ। ਉਹਨਾਂ ਤੋਂ ਇਲਾਵਾ ਅਵਤਾਰ ਸਿੰਘ ਤਾਰੀ, ਮਹਿੰਗਾ ਸਿੰਘ ਸਰਪੰਚ, ਦਵਿੰਦਰ ਸਿੰਘ, ਭੁਪਿੰਦਰ ਸਿੰਘ ਪਰਮਾਰ (ਸਾਬਕਾ ਖਜਾਨਚੀ ਗੁਰੂ ਘਰ ਫਰੀਮਾਂਟ), ਬਲਬੀਰ ਭਾਟੀਆ, ਕੈਸ਼ ਫੈਬਰਿਕਸ ਦੇ ਕਸ਼ਮੀਰ ਧੁੱਗਾ ਤੇ ਸਤਵੰਤ ਸਿੰਘ ਸੰਘੇੜਾ ਤੇ ਹੋਰ ਕਈ ਸੱਜਣ ਸ਼ਾਮਲ ਸਨ। ਸੁਰਜਨ ਸਿੰਘ ਚੱਠਾ ਨੇ ਕਬੱਡੀ ਦੀ ਖੇਡ ਬਾਰੇ ਸਭ ਨਾਲ ਖੁੱਲ੍ਹ ਕੇ ਵਿਚਾਰਾਂ ਕੀਤੀਆਂ ਤੇ ਹੁਣੇ ਜਿਹੇ ਹੋਏ ਪੰਜਾਬ ਵਿਚ ਵਰਲਡ ਕੱਪ ਵਿਚ ਅਮਰੀਕਾ ਦੀ ਕਬੱਡੀ ਟੀਮ ਦੇ ਬਾਰੇ ਵਿਚ ਵੀ ਚਾਨਣਾ ਪਾਇਆ।

ਅਗਲੇ ਸਾਲ ਇਸ ਖੇਡ ਨੂੰ ਹੋਰ ਵੀ ਵੱਡੇ ਪੈਮਾਨੇ ਤੇ ਲਿਜਾਣ ਦੀ ਗੱਲ ਕੀਤੀ ਤੇ ਸਭ ਕਬੱਡੀ ਦੇ ਪ੍ਰਮੋਟਰਾਂ ਨੂੰ ਕਿਹਾ ਕਿ ਚੰਗੀ ਖੇਡ ਖਿਡਾਉਣ ਲਈ ਚੰਗੇ ਖਿਡਾਰੀ ਲੈ ਕੇ ਪੰਜਾਬ ਪਹੁੰਚਣ।

ਸਭ ਦੇ ਦਿੱਤੇ ਸਾਥ ਲਈ ਤੇ ਸਨਮਾਨ ਪ੍ਰਾਪਤ ਕਰਕੇ ਸੰਧੂ ਭਰਾਵਾਂ ਦਾ ਉਹਨਾਂ ਧੰਨਵਾਦ ਕੀਤਾ।

# ਅਸਫਲ ਹੋਏ ਰਾਹੁਲ, ਕੀ ਕਾਂਗਰਸ ਹੁਣ ਪ੍ਰਿਅੰਕਾ ਗਾਂਧੀ ਨੂੰ ਅੱਗੇ ਲਿਆਵੇਗੀ?

ਨਵੀਂ ਦਿੱਲੀ- ਪ੍ਰਿਅੰਕਾ ਗਾਂਧੀ ਅੱਜ ਆਪਣੇ ਭਰਾ ਰਾਹੁਲ ਗਾਂਧੀ ਵੱਲੋਂ ਸੀਨੀਅਰ ਆਗੂਆਂ ਦੇ ਨਾਲ ਕੀਤੀ ਜਾ ਰਹੀ ਮੀਟਿੰਗ 'ਚ ਸ਼ਾਮਿਲ ਹੋਈ, ਜਿਸ ਦੀ ਰਾਜਨੀਤਕ ਹਲਕਿਆਂ 'ਚ ਕਾਫੀ ਚਰਚਾ ਹੋ ਰਹੀ ਹੈ। ਇਸ ਮੀਟਿੰਗ 'ਚ ਅਹਿਮਦ ਪਟੇਲ ਅਤੇ ਜਨਾਰਧਨ ਦਿਵੇਦੀ ਵਰਗੇ ਉੱਘੇ ਆਗੂਆਂ ਤੋਂ ਇਲਾਵਾ ਪਾਰਟੀ ਦੇ 6 ਜਨਰਲ ਸਕੱਤਰ ਵੀ ਸ਼ਾਮਿਲ ਸਨ। ਇਹ ਮੀਟਿੰਗ ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਦੀ ਰਿਹਾਇਸ਼ 'ਤੇ ਚੱਲ ਰਹੀ ਸੀ, ਜਦੋਂ ਉਨ੍ਹਾਂ ਦੀ ਭੈਣ ਉਥੇ ਆਈ। ਉਹ ਤਕਰੀਬਨ 5 ਮਿੰਟ ਤੱਕ ਉਥੇ ਰਹੀ। ਬੀਤੇ ਕਈ ਮਹੀਨਿਆਂ ਤੋਂ ਇਹ ਕਿਆਸ ਅਰਾਈਆਂ ਹਨ ਕਿ ਪ੍ਰਿਅੰਕਾ ਸਰਗਰਮ ਰਾਜਨੀਤੀ 'ਚ ਦਾਖਲ ਹੋ ਸਕਦੀ ਹੈ। ਅਜੇ ਤੱਕ ਉਸ ਨੇ ਆਪਣੀ ਮਾਂ ਸੋਨੀਆ ਗਾਂਧੀ ਦੀ ਲੋਕ ਸਭਾ ਸੀਟ ਰਾਏ ਬਰੇਲੀ ਦੇ ਪ੍ਰਚਾਰ ਤੱਕ ਹੀ ਸੀਮਤ ਰੱਖਿਆ ਹੈ। ਅੱਜ ਦੀ ਮੀਟਿੰਗ 'ਚ ਉਸ ਦੇ ਆਉਣ ਨਾਲ ਇਨ੍ਹਾਂ



ਕਿਆਸ ਅਰਾਈਆਂ ਨੂੰ ਬਲ ਮਿਲਿਆ ਹੈ। ਪਾਰਟੀ ਦੇ ਸੂਤਰਾਂ ਨੇ ਹਾਲਾਂਕਿ ਇਸ ਨੂੰ ਖਾਸ ਤੂਲ ਨਾ ਦਿੰਦਿਆਂ ਕਿਹਾ 'ਇਹ ਮੀਟਿੰਗ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਉਪ ਪ੍ਰਧਾਨ ਰਾਹੁਲ ਦੇ ਦੌਰਿਆਂ ਦੇ ਪ੍ਰੋਗਰਾਮ ਨੂੰ ਤੈਅ ਕਰਨ ਦੇ ਲਈ ਬੁਲਾਈ ਗਈ ਸੀ ਅਤੇ ਪ੍ਰਿਅੰਕਾ ਮੀਟਿੰਗ ਖ਼ਤਮ ਹੋਣ ਤੋਂ ਕੁਝ ਸਮਾਂ ਪਹਿਲਾਂ ਆਈ ਸੀ।' ਕਾਂਗਰਸ ਦੇ ਇਕ ਸੀਨੀਅਰ ਅਹੁਦੇਦਾਰ ਨੇ ਦੱਸਿਆ ਕਿ ਰਾਹੁਲ ਗਾਂਧੀ ਦੇ ਨਾਲ ਪਾਰਟੀ ਦੇ ਆਗੂਆਂ ਦੀ ਇਹ ਮੀਟਿੰਗ ਲਗਭਗ 50 ਮਿੰਟ ਚੱਲੀ। ਪਹਿਲਾਂ ਇਹ ਵੀ ਕਿਆਸ ਅਰਾਈਆਂ ਸਨ ਕਿ 2012 'ਚ ਸੋਨੀਆ ਗਾਂਧੀ ਦੇ ਅਪਰੇਸ਼ਨ ਤੋਂ ਬਾਅਦ 42 ਵਰ੍ਹਿਆਂ ਦੀ ਪ੍ਰਿਅੰਕਾ ਗਾਂਧੀ ਰਾਏ ਬਰੇਲੀ ਤੋਂ ਚੋਣ ਲੜੇਗੀ। ਪਾਰਟੀ ਨੇ ਹਾਲਾਂਕਿ ਇਸ ਗੱਲ ਦਾ ਖੰਡਨ ਕੀਤਾ ਹੈ।

# ਦੇਵਯਾਨੀ ਮਾਮਲੇ 'ਚ ਮੰਗ ਤਰਕਹੀਨ ਨਹੀ - ਭਾਰਤ



ਵਾਸ਼ਿੰਗਟਨ - ਦੇਵਯਾਨੀ ਖੋਬਰਾਗਡੇ ਦੀ ਗ੍ਰਿਫਤਾਰੀ ਤੋਂ ਬਾਅਦ ਆਪਣੀ ਮੰਗ ਤਰਕਹੀਨ ਨਾ ਹੋਣ 'ਤੇ ਜ਼ੋਰ ਦਿੰਦੇ ਭਾਰਤ ਨੇ ਕਿਹਾ ਕਿ ਇਹ ਮਾਮਲਾ ਘਰੇਲੂ ਕੰਮਕਾਜ ਤੋਂ ਗਲਤ ਵਰਤਾਅ ਦਾ ਨਹੀਂ ਸਗੋਂ ਅਮਰੀਕੀ ਕਾਨੂੰਨ ਨਾਲ ਖਿਲਵਾੜ ਦਾ ਹੈ। ਭਾਰਤੀ ਦੂਤਘਰ ਬੁਲਾਰੇ ਮਧੂਸੂਦਨਨ ਨੇ ਕਿਹਾ ਕਿ ਇਹ ਮਾਮਲਾ ਘਰੇਲੂ ਕੰਮਕਾਜ ਤੋਂ ਗਲਤ ਵਰਤਾਅ ਦਾ ਨਹੀਂ ਸਗੋਂ ਉਦੇਸ਼ਾਂ ਲਈ ਅਮਰੀਕੀ ਕਾਨੂੰਨ ਨਾਲ ਖਿਲਵਾੜ ਦਾ ਹੈ।

ਭਾਰਤ ਦੇਵਯਾਨੀ ਦੇ ਖਿਲਾਫ ਮਾਮਲਾ ਵਾਪਸ ਲੈਣ ਅਤੇ 39 ਸਾਲਾ ਰਾਜਨਾਇਕ ਦੇ ਕੱਪੜੇ ਉਤਰਾ ਕੇ ਤਲਾਸ਼ੀ ਲੈਣ ਅਤੇ ਅਪਰਾਧੀਆਂ ਦੇ ਨਾਲ ਉਨ੍ਹਾਂ ਨੂੰ ਹਿਰਾਸਤ ਵਿਚ ਰੱਖਣ ਸਮੇਤ ਜਿਹੜਾ ਸਲੂਕ ਕੀਤਾ ਗਿਆ ਉਸ ਸਬੰਧ ਵਿਚ ਅਮਰੀਕਾ ਤੋਂ ਮਾਫੀ ਮੰਗਣ ਦੀ ਮੰਗ ਕਰ ਰਿਹਾ ਹੈ।

# ਹੁਣ 'ਕਿੰਗ' ਨਹੀ ਰਹੇ ਡਾ.ਮਨਮੋਹਨ ਸਿੰਘ

ਪੂਨਮ ਆਈ. ਕੌਸ਼ਿਸ਼

ਇਹ ਇਤਿਹਾਸ ਦੀ ਇਕ ਕਲਾਸ ਸੀ। ਅਸਲ 'ਚ ਇਹ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਸ਼ੈਲੀ 'ਚ ਇਤਿਹਾਸ ਦਾ ਬਿਰਤਾਂਤ ਸੀ। ਉਨ੍ਹਾਂ ਕਿਹਾ, ''ਮੈਨੂੰ ਈਮਾਨਦਾਰੀ ਨਾਲ ਯਕੀਨ ਹੈ ਕਿ ਮੀਡੀਆ ਅਤੇ ਵਿਰੋਧੀ ਪਾਰਟੀਆਂ ਦੀ ਬਜਾਏ ਇਤਿਹਾਸ ਮੇਰੇ ਪ੍ਰਤੀ ਜ਼ਿਆਦਾ ਉਦਾਰ ਹੋਵੇਗਾ।'' ਇਸ ਤਰ੍ਹਾਂ ਉਨ੍ਹਾਂ ਨੇ ਲੋਕਾਂ 'ਚ ਖਰਾਬ ਹੁੰਦੇ ਆਪਣੇ ਅਕਸ ਨੂੰ ਬਦਲਣ, ਦਲੀਲੀ ਦੂਰਅੰਦੇਸ਼ੀ ਦਰਸਾਉਣ ਅਤੇ ਖ਼ੁਦ ਨੂੰ ਮਿਲੇ ਫ਼ਤਵੇ ਨੂੰ 'ਘਪਲਿਆਂ ਦਾ ਫ਼ਤਵਾ' ਬਣਾਉਣ ਲਈ ਕਾਰਨ ਸਪੱਸ਼ਟ ਕਰਨ ਦਾ ਇਕ ਇਤਿਹਾਸਿਕ ਮੌਕਾ ਗੁਆ ਲਿਆ। ਕੁਲ ਮਿਲਾ ਕੇ ਉਨ੍ਹਾਂ ਦੀ ਇਹ ਪ੍ਰੈੱਸ ਕਾਨਫਰੰਸ ਫਿੱਕੀ ਰਹੀ। ਦੇਸ਼ ਨੂੰ ਚੰਗੇ ਆਰਥਿਕ ਵਿਕਾਸ ਦੇ ਰਾਹ 'ਤੇ ਲਿਜਾਣ ਲਈ ਅਣਥੱਕ ਯਤਨ ਕਰਨ ਦਾ ਦਿਖਾਵਟੀ ਨਾਟਕ ਕਰਨ ਨੂੰ ਭੁੱਲ ਜਾਓ। ਮਨਮੋਹਨ ਸਿੰਘ ਦੀ 75 ਮਿੰਟ ਚੱਲੀ ਇਸ ਪ੍ਰੈੱਸ ਕਾਨਫਰੰਸ 'ਚ ਉਨ੍ਹਾਂ ਨੇ ਕੋਈ ਅਜਿਹੀ ਗੱਲ ਨਹੀਂ ਕਹੀ, ਜਿਹੜੀ ਅਸੀਂ ਨਾ ਜਾਣਦੇ ਹੋਈਏ। ਬਸ ਉਨ੍ਹਾਂ ਨੇ ਸਿਰਫ ਨਵੀਂ ਗੱਲ ਇਹ ਕਹੀ ਕਿ ਚੋਣਾਂ ਤੋਂ ਬਾਅਦ ਉਹ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਨਹੀਂ ਹਨ।

ਇਹੋ ਨਹੀਂ, ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦੇਣ ਦੀ ਕੋਸ਼ਿਸ਼ ਕੀਤੀ ਕਿ ''ਮੈਂ ਸਾਫ-ਸੁਥਰਾ ਹਾਂ, ਮੈਂ ਅਣਥੱਕ ਯਤਨ ਕੀਤੇ, ਇਸ ਲਈ ਮੇਰੇ ਕਾਰਜਕਾਲ ਦੌਰਾਨ ਜੋ ਕੁਝ ਵੀ ਗਲਤ ਹੋਇਆ, ਮੈਂ ਉਸ ਦਾ ਜ਼ਿੰਮੇਵਾਰ ਨਹੀਂ ਹਾਂ।'' ਇਹ ਇਕ ਅਜਿਹੀ ਕਲਾ ਹੈ, ਜੋ ਪ੍ਰਧਾਨ ਮੰਤਰੀ ਦੇ ਰੂਪ 'ਚ ਉਨ੍ਹਾਂ ਦੇ ਕਾਰਜਕਾਲ ਨੂੰ ਪਰਿਭਾਸ਼ਿਤ ਕਰਦੀ ਹੈ। ਕ੍ਰਿਕਟ ਦੀ ਭਾਸ਼ਾ 'ਚ ਇਸ ਨੂੰ 'ਰੰਗ 'ਚ ਭੰਗ ਪਾਉਣਾ' ਕਹਿੰਦੇ ਹਨ। ਅਸਲ 'ਚ ਇਹ ਬਹੁਤ ਦੁੱਖਦਾਈ ਗੱਲ ਹੈ ਕਿ ਇਕ ਆਦਮੀ, ਜਿਸ ਨੇ ਭਾਰਤ 'ਚ ਆਰਥਿਕ ਸੁਧਾਰਾਂ ਦਾ ਯੁੱਗ ਸ਼ੁਰੂ ਕੀਤਾ ਅਤੇ ਜੋ 2004 'ਚ ਪਹਿਲਾ ਆਮ ਆਦਮੀ ਪ੍ਰਧਾਨ ਮੰਤਰੀ ਬਣਿਆ (ਈਮਾਨਦਾਰ, ਨਿਮਰ, ਮੱਧਵਰਗ 'ਚੋਂ, ਪ੍ਰੋਫੈਸਰ ਅਤੇ ਨੌਕਰਸ਼ਾਹ) ਅਤੇ 2009 'ਚ 'ਕਿੰਗ' ਬਣਿਆ, ਉਸ ਦੀ ਸਥਿਤੀ ਅੱਜ ਅਜਿਹੀ ਹੋ ਗਈ ਹੈ ਕਿ ਉਸ ਦਾ ਮਜ਼ਾਕ ਉਡਾਇਆ ਜਾਂਦਾ ਹੈ।

ਸਿਆਸਤ ਵਿਚ ਅਪਰਾਧੀਆਂ ਬਾਰੇ 'ਨਾਨਸੈਂਸ ਆਰਡੀਨੈਂਸ' ਨੂੰ ਪਾੜ ਦਿੱਤਾ ਜਾਂਦਾ ਹੈ। ਇਹ ਉਨ੍ਹਾਂ ਦੀ ਨਿੱਜੀ ਤਾਕਤ ਨੂੰ ਖਤਮ ਕਰਨ ਲਈ ਆਖਰੀ ਵਾਰ ਸੀ ਅਤੇ ਇਸ ਨਾਲ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਉਹ ਉਨ੍ਹਾਂ ਘਿਸੇ-ਪਿਟੇ ਨੇਤਾਵਾਂ ਨਾਲੋਂ ਵੱਖਰੇ ਨਹੀਂ, ਜਿਹੜੇ ਅਪਮਾਨ ਦੇ ਬਾਵਜੂਦ ਸੱਤਾ ਨਾਲ ਚਿੰਬੜੇ ਰਹਿਣਾ ਚਾਹੁੰਦੇ ਹਨ। *ਫਿਰ ਗਲਤ ਕੀ ਹੋਇਆ?* ਕੀ ਉਹ ਲੋੜ ਤੋਂ ਜ਼ਿਆਦਾ ਸਮੇਂ ਤਕ ਪ੍ਰਧਾਨ ਮੰਤਰੀ ਦੇ ਅਹੁਦੇ'ਤੇ ਰਹੇ ਅਤੇ ਕਾਂਗਰਸੀਆਂ ਵਲੋਂ ਉਨ੍ਹਾਂ ਨੂੰ ਹਟਾਉਣ ਦੀ ਮੰਗ ਨੂੰ ਅਣਗੌਲਦੇ ਰਹੇ? ਮਨਮੋਹਨ ਸਿੰਘ ਆਪਣੇ ਚੰਗੇ ਅਕਸ ਨੂੰ ਖਰਾਬ ਕਰਨ ਲਈ ਖ਼ੁਦ ਜ਼ਿੰਮੇਵਾਰ ਹਨ। 2009 'ਚ ਜਦੋਂ ਉਨ੍ਹਾਂ ਨੇ ਆਪਣਾ ਦੂਜਾ ਕਾਰਜਕਾਲ ਸ਼ੁਰੂ ਕੀਤਾ ਤਾਂ ਉਨ੍ਹਾਂ ਦਾ ਅਕਸ ਬਹੁਤ ਵਧੀਆ ਸੀ। ਉਸ ਤੋਂ ਬਾਅਦ ਉਨ੍ਹਾਂ ਦੀ ਸਰਕਾਰ ਘਪਲਿਆਂ 'ਚ ਘਿਰ ਗਈ, ਆਪਣੇ ਮੰਤਰੀਆਂ 'ਤੇ ਉਨ੍ਹਾਂ ਦਾ ਕੋਈ ਕੰਟਰੋਲ ਨਹੀਂ ਰਿਹਾ। ਉਹ ਮੰਤਰੀ ਪ੍ਰੀਸ਼ਦ ਦੇ ਮੁਖੀ ਵਜੋਂ ਕੰਮ ਕਰਨ 'ਚ ਨਾਕਾਮ ਰਹੇ ਅਤੇ ਉਨ੍ਹਾਂ ਦੀ ਕਈ ਤਰ੍ਹਾਂ ਨਾਲ ਆਲੋਚਨਾ ਕੀਤੀ ਗਈ। ਆਖਿਰ ਕਿਉਂ? ਇਹ ਤਾਂ ਮਨਮੋਹਨ ਸਿੰਘ ਹੀ ਚੰਗੀ ਤਰ੍ਹਾਂ ਦੱਸ ਸਕਦੇ ਹਨ ਕਿ ਉਹ ਦੇਸ਼ ਨੂੰ ਲੁੱਟੇ ਜਾਣ 'ਤੇ ਚੁੱਪ ਕਿਉਂ ਰਹੇ, ਜਿਸ ਕਾਰਨ ਉਨ੍ਹਾਂ ਦੇ ਪ੍ਰਸ਼ਾਸਨ ਅਤੇ ਖ਼ੁਦ ਉਨ੍ਹਾਂ ਦੀ ਬਦਨਾਮੀ ਹੋਈ? ਕੀ ਭ੍ਰਿਸ਼ਟਾਚਾਰ ਵਲੋਂ ਅੱਖਾਂ ਮੀਚੀ ਰੱਖਣ ਅਤੇ ਉਸ ਨਾਲ ਸਮਝੌਤਾ ਕਰਨ ਦਾ ਮੁੱਖ ਕਾਰਨ ਗੱਠਜੋੜ ਵਾਲੀ ਸਿਆਸਤ ਸੀ?

ਉਨ੍ਹਾਂ ਦੇ ਇਸ ਬਿਆਨ ਤੋਂ ਲੋਕ ਹੈਰਾਨ ਹਨ, ਜਿਸ ਵਿਚ ਉਨ੍ਹਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਦੇ ਦੌਰਾਨ ਭ੍ਰਿਸ਼ਟਾਚਾਰ ਅਤੇ ਘਪਲਿਆਂ ਨੂੰ ਵਧਾ-ਚੜ੍ਹਾਅ ਕੇ ਪੇਸ਼ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਹ ਦੇਸ਼ ਦੇ ਲੋਕਾਂ ਦੀ ਖੁੱਲ੍ਹੀ ਲੁੱਟ ਦੀ ਬਜਾਏ ਸਾਧਾਰਨ ਬੇਨਿਯਮੀਆਂ ਸਨ ਪਰ ਕੀ ਸੱਚਮੁਚ ਅਜਿਹਾ ਸੀ?

ਉਨ੍ਹਾਂ ਦੀ ਇਸ ਦਲੀਲ 'ਤੇ ਵੀ ਹਾਸਾ ਆਉਂਦਾ ਹੈ ਕਿ ਕੋਲਾ ਬਲਾਕਾਂ ਦੀ ਅਲਾਟਮੈਂਟ ਅਤੇ 2-ਜੀ ਸਪੈਕਟ੍ਰਮ ਲਾਇਸੈਂਸ ਨਾਲ ਜੁੜੇ ਘਪਲੇ ਯੂ. ਪੀ. ਏ.-1 ਦੌਰਾਨ ਹੋਏ ਸਨ ਅਤੇ ਉਸ ਤੋਂ ਬਾਅਦ ਲੋਕਾਂ ਨੇ ਇਸ ਗੱਠਜੋੜ ਨੂੰ ਮੁੜ ਸੱਤਾ 'ਚ ਲੈ ਆਂਦਾ। ਜਦੋਂ ਜ਼ੋਰ ਦੇ ਕੇ ਉਨ੍ਹਾਂ ਨੂੰ ਇਹ ਪੁੱਛਿਆ ਗਿਆ ਕਿ ਕੀ ਉਨ੍ਹਾਂ ਨੇ 2-ਜੀ ਸਪੈਕਟ੍ਰਮ ਅਤੇ ਕੋਲ-ਗੇਟ ਬਲਾਕਾਂ ਲਈ ਪਾਰਦਰਸ਼ੀ ਅਤੇ ਨਿਰਪੱਖ ਨਿਲਾਮੀ ਪ੍ਰਕਿਰਿਆ ਦਾ ਪੱਖ ਲਿਆ ਸੀ ਤਾਂ ਉਹ ਚੁੱਪ ਕਰ ਗਏ। ਪ੍ਰਧਾਨ ਮੰਤਰੀ ਜੀ, ਜੇ ਤੁਸੀਂ ਪਾਰਦਰਸ਼ੀ, ਨਿਰਪੱਖ ਪ੍ਰਕਿਰਿਆ ਦਾ ਪੱਖ ਲਿਆ ਸੀ ਤਾਂ ਫਿਰ ਗੜਬੜ ਕਿੱਥੇ ਹੋਈ? ਕੀ ਤੁਹਾਨੂੰ ਪਤਾ ਨਹੀਂ ਸੀ ਕਿ 2-ਜੀ ਘਪਲੇ ਨਾਲ ਦੇਸ਼ ਦੇ ਸਰਕਾਰੀ ਖ਼ਜ਼ਾਨੇ ਨੂੰ ਭਾਰੀ ਨੁਕਸਾਨ ਹੋਵੇਗਾ? ਤੁਸੀਂ ਆਪਣੇ ਮੰਤਰੀ ਮੰਡਲ 'ਚ ਦਾਗ਼ੀ ਮੰਤਰੀਆਂ ਨੂੰ ਸ਼ਾਮਿਲ ਕਿਉਂ ਕੀਤਾ ਅਤੇ ਸਾਬਕਾ ਦੂਰਸੰਚਾਰ ਮੰਤਰੀ ਏ. ਰਾਜਾ ਨੂੰ ਰੋਕਣ ਦੀ ਕੋਸ਼ਿਸ਼ ਕਿਉਂ ਨਹੀਂ ਕੀਤੀ? ਜਾਂ ਕੀ ਤੁਸੀਂ ਸਿਰਫ ਇਸ ਲਈ ਇਸ ਘਪਲੇ ਵਲੋਂ ਅੱਖਾਂ ਮੀਚ ਲਈਆਂ ਕਿ ਜੇ ਡੀ. ਐੱਮ. ਕੇ. ਗੱਠਜੋੜ ਨਾਲੋਂ ਅੱਡ ਹੋ ਗਈ ਤਾਂ ਯੂ. ਪੀ. ਏ. ਸਰਕਾਰ ਅਸਥਿਰ ਹੋ ਜਾਵੇਗੀ? ਜ਼ਿਕਰਯੋਗ ਹੈ ਕਿ 2008 'ਚ ਯੂ. ਪੀ. ਏ.-1 ਸਰਕਾਰ ਦੇ ਸਿਰ 'ਤੇ ਉਦੋਂ ਤਲਵਾਰ ਲਟਕ ਗਈ ਸੀ, ਜਦੋਂ ਭਾਰਤ-ਅਮਰੀਕਾ ਪ੍ਰਮਾਣੂ ਸਮਝੌਤੇ ਦੇ ਮੁੱਦੇ 'ਤੇ ਮਾਕਪਾ ਨੇ ਸਮਰਥਨ ਵਾਪਿਸ ਲੈ ਲਿਆ ਸੀ ਅਤੇ ਉਦੋਂ ਉਨ੍ਹਾਂ ਦੀ ਸਰਕਾਰ ਮੁਲਾਇਮ ਸਿੰਘ ਦੀ ਸਪਾ ਦੇ ਰਹਿਮ 'ਤੇ ਨਿਰਭਰ ਸੀ। ਕੀ ਪ੍ਰਧਾਨ ਮੰਤਰੀ ਦੇ ਨਿਕੰਮੇਪਣ ਦਾ ਕਾਰਨ ਗੱਠਜੋੜ ਵਾਲੀ ਸਿਆਸਤ ਸੀ? ਕੰਮ ਚਲਾਉਣ ਦੇ ਨਿਯਮਾਂ ਤਹਿਤ ਪ੍ਰਧਾਨ ਮੰਤਰੀ ਨੂੰ ਕਿਸੇ ਵੀ ਮੰਤਰਾਲੇ ਤੋਂ ਫਾਈਲ ਜਾਂ ਰਿਕਾਰਡ ਮੰਗਵਾਉਣ ਦਾ ਅਧਿਕਾਰ ਹਾਸਿਲ ਹੈ ਅਤੇ 500 ਕਰੋੜ ਰੁਪਏ ਤੋਂ ਜ਼ਿਆਦਾ ਮਾਮਲਿਆਂ ਦੇ ਸਾਰੇ ਫ਼ੈਸਲੇ ਕੇਂਦਰੀ ਕੈਬਨਿਟ ਦੇ ਜ਼ਰੀਏ ਲਏ ਜਾਣੇ ਚਾਹੀਦੇ ਹਨ। ਇਹੋ ਨਹੀਂ, ਉਨ੍ਹਾਂ ਨੇ ਆਪਣੇ ਸਹਿਯੋਗੀ ਮੰਤਰੀਆਂ, ਸੰਸਦ ਮੈਂਬਰਾਂ ਦੀਆਂ ਫਰਮਾਂ ਅਤੇ ਕੱਪੜੇ ਵੇਚਣ ਵਾਲੀਆਂ ਫਰਮਾਂ ਨੂੰ ਕੋਲਾ ਬਲਾਕਾਂ ਦੀ ਅਲਾਟਮੈਂਟ ਕਿਉਂ ਕੀਤੀ? ਸਰਕਾਰੀ ਧਨ ਨੂੰ ਸਿਆਸਤਦਾਨਾਂ ਦੀ ਜੇਬ 'ਚੋਂ ਜਾਣ ਤੋਂ ਰੋਕਣ ਲਈ ਉਨ੍ਹਾਂ ਨੇ ਕੀ ਕਦਮ ਚੁੱਕੇ? ਅਸਲ 'ਚ ਕਾਮਨਵੈਲਥ ਖੇਡ ਘਪਲੇ ਦੇ ਮੁੱਖ ਦੋਸ਼ੀ ਸੁਰੇਸ਼ ਕਲਮਾਡੀ ਅਤੇ 2-ਜੀ ਘਪਲੇ ਦੇ ਦੋਸ਼ੀ ਏ. ਰਾਜਾ ਨੂੰ ਇਨ੍ਹਾਂ ਘਪਲਿਆਂ ਦੇ ਸਾਹਮਣੇ ਆਉਣ 'ਤੇ ਤੁਰੰਤ ਬਰਖਾਸਤ ਕੀਤਾ ਜਾਂਦਾ ਤਾਂ ਮਨਮੋਹਨ ਸਿੰਘ ਦੇ ਅਕਸ 'ਚ ਸੁਧਾਰ ਹੁੰਦਾ। ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਉਨ੍ਹਾਂ ਨੇ ਭ੍ਰਿਸ਼ਟਾਚਾਰ ਦੇ ਮਾਮਲਿਆਂ 'ਤੇ ਫੌਰਨ ਕਦਮ ਚੁੱਕਣ ਦੀ ਗੱਲ ਨੂੰ ਨਕਾਰਿਆ ਕਿਉਂਕਿ ਉਨ੍ਹਾਂ ਨੇ ਹਿਮਾਚਲ ਪ੍ਰਦੇਸ਼ ਦੇ ਰਿਸ਼ਵਤ ਕਾਂਡ ਨੂੰ ਠੁਕਰਾਇਆ ਅਤੇ ਕਿਹਾ, ''ਮੈਂ ਇਸ ਬਾਰੇ ਪੜ੍ਹਿਆ ਹੈ ਪਰ ਮੇਰੇ ਕੋਲ ਇਸ ਬਾਰੇ ਡੂੰਘਾਈ ਨਾਲ ਵਿਚਾਰ ਕਰਨ ਲਈ ਸਮਾਂ ਨਹੀਂ ਸੀ।'' ਇਸ ਤੋਂ ਪਤਾ ਲੱਗਦਾ ਹੈ ਕਿ ਉਹ ਕਹਿਣਾ ਚਾਹੁੰਦੇ ਹਨ ਕਿ ਇਸ ਮਾਮਲੇ ਨੂੰ ਅਣਡਿੱਠ ਕਰੋ ਅਤੇ ਰੱਬ ਅੱਗੇ ਅਰਦਾਸ ਕਰੋ ਕਿ ਲੋਕ ਇਸ ਨੂੰ ਵੀ ਭੁੱਲ ਜਾਣ। ਆਖਿਰ ਵਿਚ ਉਨ੍ਹਾਂ ਨੇ ਹਮੇਸ਼ਾ ਵਾਂਗ ਘਿਸੇ-ਪਿਟੇ ਅੰਦਾਜ਼ 'ਚ ਕਿਹਾ ਕਿ ਕਾਨੂੰਨ ਆਪਣਾ ਕੰਮ ਕਰੇਗਾ। ਇਸ ਗੱਲ ਦੇ ਵੱਡੇ-ਵੱਡੇ ਦਾਅਵਿਆਂ ਦੇ ਬਾਵਜੂਦ ਕਿ ਸੋਨੀਆ-ਮਨਮੋਹਨ ਸਿੰਘ ਸੱਤਾ ਦੇ ਦੋ ਕੇਂਦਰ ਬਣ ਕੇ ਮਿਲ-ਜੁਲ ਕੇ ਕੰਮ ਕਰ ਰਹੇ ਸਨ। ਉਨ੍ਹਾਂ ਨੇ ਕਾਨੂੰਨ ਤੇ ਰੇਲ ਮੰਤਰੀ ਨੂੰ ਬਰਖਾਸਤ ਕਰਨ 'ਚ ਆਪਣੀ ਇੱਛਾ ਦਿਖਾਉਂਦਿਆਂ ਸਪੱਸ਼ਟ ਕਰ ਦਿੱਤਾ ਸੀ ਕਿ ਦੋਹਾਂ 'ਚ ਤਾਲਮੇਲ ਨਹੀਂ ਹੈ। ਇਸ ਤੋਂ ਉਨ੍ਹਾਂ ਦੀ ਕਮਜ਼ੋਰੀ ਸਿੱਧ ਹੁੰਦੀ ਹੈ ਤੇ ਪਤਾ ਲੱਗਦਾ ਹੈ ਕਿ ਉਹ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਕਿੰਨੇ ਵੱਡੇ 'ਚਾਪਲੂਸ' ਹਨ। ਇਹੋ ਨਹੀਂ, ਉਨ੍ਹਾਂ ਨੇ ਆਪਣੀ ਸਰਕਾਰ ਦੇ ਨਾਂਹ-ਪੱਖੀ ਅਕਸ ਨੂੰ ਦੂਰ ਕਰਨ ਦੇ ਸਾਰੇ ਯਤਨਾਂ ਦਾ ਘਾਲਾ-ਮਾਲਾ ਕਰ ਦਿੱਤਾ। ਇਕ ਕਮਜ਼ੋਰ ਅਤੇ ਦੂਰੋਂ ਕੰਟਰੋਲ ਕੀਤੇ ਜਾਣ ਵਾਲੇ ਪ੍ਰਧਾਨ ਮੰਤਰੀ ਬਾਰੇ ਪੁੱਛੇ ਗਏ ਸਵਾਲ 'ਤੇ ਉਨ੍ਹਾਂ ਕਿਹਾ, ''ਮੇਰੇ ਲਈ ਇਹ ਇਕ ਵੱਡੀ ਪ੍ਰਾਪਤੀ ਹੈ ਕਿ ਮੈਂ ਬਿਨਾਂ ਕਿਸੇ ਦਿੱਕਤ ਦੇ ਪ੍ਰਧਾਨ ਮੰਤਰੀ ਵਜੋਂ 10 ਸਾਲ ਪੂਰੇ ਕੀਤੇ।''

ਅੱਜ ਦੇਸ਼ ਸਾਹਮਣੇ ਕੁਝ ਵੱਡੇ ਮੁੱਦਿਆਂ ਜਿਵੇਂ ਮਹਿੰਗਾਈ, ਸਿੱਕੇ ਦਾ ਵਧਦਾ ਪਸਾਰ, ਸ਼ਾਸਨ ਦੀ ਥੁੜ, ਭ੍ਰਿਸ਼ਟਾਚਾਰ ਅਤੇ ਸੁਰੱਖਿਆ ਬਾਰੇ ਉਨ੍ਹਾਂ ਦੇ ਜਵਾਬਾਂ ਨਾਲ ਨਿਰਾਸ਼ਾ ਹੋਈ। ਪ੍ਰਧਾਨ ਮੰਤਰੀ ਨੇ ਅਜਿਹੀ ਕੋਈ ਗੱਲ ਨਹੀਂ ਕਹੀ, ਜੋ ਵੱਖਰੀ ਹੋਵੇ। ਪ੍ਰਧਾਨ ਮੰਤਰੀ ਇਹ ਭੁੱਲ ਗਏ ਕਿ ਸੱਚਾਈ ਅਤੇ ਈਮਾਨਦਾਰੀ ਦੇ ਬੁਨਿਆਦੀ ਸਿਧਾਂਤਾਂ ਦੀ 'ਗੱਠਜੋੜ ਧਰਮ' ਦੇ ਨਾਂ 'ਤੇ ਬਲੀ ਨਹੀਂ ਦਿੱਤੀ ਜਾ ਸਕਦੀ, ਜਦਕਿ ਯੂ. ਪੀ. ਏ.-1 ਅਤੇ ਯੂ. ਪੀ. ਏ.-2 ਦੇ ਲੱਗਭਗ 10 ਸਾਲਾਂ ਦੇ ਕਾਰਜਕਾਲ ਦੌਰਾਨ ਉਹ ਅਜਿਹਾ ਹੀ ਕਰਦੇ ਰਹੇ।

# ਕੇਜਰੀਵਾਲ ਨੇ ਦਿੱਤੀ ਭਾਰਤੀ ਸਿਆਸਤ ਨੂੰ ਨਵੀ ਦਿਸ਼ਾ

- ਪੂਨਮ ਆਈ.ਕੋਸ਼ਿਸ਼

ਸਿਆਸੀ ਨਜ਼ਰੀਏ ਤੋਂ ਰਾਹੋਂ ਭਟਕੇ ਸਮੇਂ 'ਚ 2013 ਦਾ ਅੰਤ ਸੁਖਾਵੇਂ ਅਹਿਸਾਸ ਨਾਲ ਹੋਇਆ ਹੈ। ਇਹ ਵਰ੍ਹਾ ਆਮ ਆਦਮੀ ਦਾ ਹੈ ਅਤੇ ਭਾਰਤ ਦੀ ਇਕ ਨਵੀਂ ਕਹਾਣੀ ਬਾਰੇ ਹੈ, ਜਿਸ ਵਿਚ ਭ੍ਰਿਸ਼ਟ, ਤਾਨਾਸ਼ਾਹ ਸਿਆਸਤ ਦੀ ਅੜਚਣ ਨੂੰ ਦੂਰ ਕਰਕੇ ਲੋਕ-ਸ਼ਕਤੀ ਦਾ ਪ੍ਰਦਰਸ਼ਨ ਹੋਇਆ ਅਤੇ ਇਸ ਦੀ ਅਗਵਾਈ ਨਵੀਂ ਸੋਚ ਵਾਲੀ ਇਕ ਸਾਲ ਪੁਰਾਣੀ ਅਰਵਿੰਦ ਕੇਜਰੀਵਾਲ ਦੀ 'ਆਮ ਆਦਮੀ ਪਾਰਟੀ' (ਆਪ) ਨੇ ਕੀਤੀ। ਇਸ ਦੀ ਲੀਡਰਸ਼ਿਪ ਇਕ ਵੱਖਰੀ ਕਿਸਮ ਦੀ ਸਿਆਸਤ ਦਾ ਤਲਿਸਮ ਬਣ ਗਈ। ਕੇਜਰੀਵਾਲ ਦੀ ਜਿੱਤ ਰਾਜ ਸੱਤਾ 'ਤੇ ਲੋਕ-ਸ਼ਕਤੀ ਦੀ ਜਿੱਤ ਦੀ ਸੱਚੀ ਪ੍ਰਤੀਕ ਹੈ। ਬਿਨਾਂ ਸ਼ੱਕ 45 ਸਾਲਾ ਅਰਵਿੰਦ ਕੇਜਰੀਵਾਲ ਇਨਕਮ ਟੈਕਸ ਅਧਿਕਾਰੀ ਰਹਿ ਚੁੱਕੇ ਹਨ ਅਤੇ ਉਨ੍ਹਾਂ ਨੂੰ 'ਮੈਗਸੈਸੇ' ਐਵਾਰਡ ਮਿਲ ਚੁੱਕਾ ਹੈ। ਉਹ ਗਾਂਧੀਵਾਦੀ ਅੰਨਾ ਹਜ਼ਾਰੇ ਦੇ ਚੇਲੇ ਹਨ ਅਤੇ ਦਿੱਲੀ ਦੇ ਇਸ ਸਭ ਤੋਂ ਨੌਜਵਾਨ ਮੁੱਖ ਮੰਤਰੀ ਨੇ ਸਿਆਸਤ ਦੀ ਦਿਸ਼ਾ ਬਦਲੀ ਅਤੇ 'ਆਪ' ਨੂੰ ਸੱਤਾ ਤਕ ਪਹੁੰਚਾਇਆ। ਸੋਸ਼ਲ ਵਰਕਰਾਂ ਦੀ ਇਸ ਨਵੀਂ ਪਾਰਟੀ ਦਾ ਇਹ ਇਕ ਬਦਲਾ ਸੀ, ਜਿਸ ਨੂੰ ਸੋਨੀਆ ਗਾਂਧੀ ਦੇ ਜਵਾਈ ਰਾਬਰਟ ਵਢੇਰਾ ਨੇ ਆਪਣੀ ਜਾਇਦਾਦ ਅਤੇ ਪ੍ਰਭਾਵ ਬਾਰੇ ਇਤਰਾਜ਼ ਉਠਾਉਣ ਲਈ 'ਬਨਾਨਾ ਰਿਪਬਲਿਕ 'ਚ ਮੈਂਗੋ ਪੀਪੁਲ' ਕਿਹਾ ਸੀ। ਸ਼ਨੀਵਾਰ ਦਿੱਲੀ ਦੇ ਰਾਮਲੀਲਾ ਮੈਦਾਨ 'ਚ ਪਹਿਲੀ ਵਾਰ ਜਨ-ਸਮੂਹ ਇਸ ਲਈ ਇਕੱਠਾ ਹੋਇਆ ਕਿਉਂਕਿ ਲੋਕਾਂ ਨੂੰ ਮਹਿਸੂਸ ਹੋਇਆ ਕਿ ਇਹ ਨੇਤਾ ਉਨ੍ਹਾਂ 'ਚੋਂ ਹੀ ਹੈ। ਇਸ ਜਨ-ਸਮੂਹ ਨੇ ਜਾਤ, ਧਰਮ, ਮਜ਼੍ਹਬ ਦੀਆਂ ਸਭ ਹੱਦਾਂ ਤੋੜ ਦਿੱਤੀਆਂ ਤੇ ਉਸ 'ਚ ਮੱਧ ਵਰਗ, ਲਤਾੜੇ ਲੋਕ ਵੀ ਸ਼ਾਮਿਲ ਸਨ ਅਤੇ ਉਨ੍ਹਾਂ ਨੇ ਇਕ ਸੁਰ 'ਚ ਇਕ ਵਿਆਪਕ ਗ਼ੈਰ-ਸਿਆਸੀ ਮੰਚ ਦਾ ਨਿਰਮਾਣ ਕਰਕੇ ਭ੍ਰਿਸ਼ਟਾਚਾਰ ਦਾ ਅੰਤ ਕਰਨ ਦਾ ਸੱਦਾ ਦਿੱਤਾ। ਸ਼ਨੀਵਾਰ ਰਾਮਲੀਲਾ ਮੈਦਾਨ ਲੋਕਤੰਤਰ ਦੇ ਸਿਧਾਂਤਾਂ ਦੀ ਪਾਲਣਾ ਕਰਨ ਦੀ ਸਰਵਉੱਤਮ ਮਿਸਾਲ ਬਣਿਆ ਅਤੇ ਅਜਿਹਾ ਪਹਿਲਾਂ ਕਦੇ ਵੀ ਦੇਖਣ ਨੂੰ ਨਹੀਂ ਮਿਲਿਆ ਸੀ। 'ਆਪ' ਦੀ ਸਫਲਤਾ ਦਾ ਮੂਲ ਮੰਤਰ ਸਮਾਜ ਦੇ ਹੇਠਲੇ ਅਤੇ ਮੱਧ ਵਰਗ ਨਾਲ ਜੁੜਨ ਦੀ ਸਮਰੱਥਾ ਹੈ ਅਤੇ ਇਸ ਦੇ ਲਈ ਕੇਜਰੀਵਾਲ ਨੇ ਆਪਣੀ ਪਾਰਟੀ ਦੇ ਚੋਣ ਪ੍ਰਚਾਰ ਲਈ ਗ਼ੈਰ-ਰਵਾਇਤੀ ਤੌਰ-ਤਰੀਕੇ ਅਪਣਾਏ। ਸਿੱਟੇ ਵਜੋਂ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ 'ਚ 70 'ਚੋਂ 28 ਸੀਟਾਂ ਜਿੱਤ ਕੇ 'ਆਪ' ਵਿਧਾਨ ਸਭਾ 'ਚ ਦੂਜੀ ਸਭ ਤੋਂ ਵੱਡੀ ਪਾਰਟੀ ਬਣੀ ਅਤੇ ਦਿੱਲੀ ਨੂੰ ਸ਼ੀਲਾ ਦੀਕਸ਼ਿਤ ਦੇ 15 ਵਰ੍ਹਿਆਂ ਦੇ ਕਾਂਗਰਸੀ ਸ਼ਾਸਨ ਤੋਂ ਮੁਕਤ ਕਰ ਦਿੱਤਾ।

ਕੇਜਰੀਵਾਲ ਵਲੋਂ ਭ੍ਰਿਸ਼ਟਾਚਾਰ ਤੋਂ ਰਹਿਤ, ਈਮਾਨਦਾਰ ਅਤੇ ਪਾਰਦਰਸ਼ੀ ਸਰਕਾਰ ਦੇਣ ਦੇ ਵਾਅਦੇ ਕਾਰਨ ਉਨ੍ਹਾਂ ਤੋਂ ਉਮੀਦਾਂ ਬਹੁਤ ਜ਼ਿਆਦਾ ਵਧ ਗਈਆਂ ਹਨ। ਹੁਣ ਸਵਾਲ ਉੱਠਦਾ ਹੈ ਕਿ ਕੀ ਭਾਰਤ ਦੇ ਸਿਆਸੀ ਦਿਸਹੱਦੇ 'ਤੇ ਉੱਭਰਿਆ ਇਹ ਸਿਤਾਰਾ ਸਾਡੀ ਜਾਤ ਅਤੇ ਧਰਮ ਦੇ ਆਧਾਰ 'ਤੇ ਵੰਡੀ ਸਿਆਸਤ ਵਿਚ 'ਇਨਸਾਨ ਕਾ ਇਨਸਾਨ ਸੇ ਹੋ ਭਾਈਚਾਰਾ' ਲਿਆਉਣ 'ਚ ਸਫਲ ਹੋਵੇਗਾ? ਅੱਜ ਕੇਜਰੀਵਾਲ ਨੇ ਸਿਰਫ਼ ਆਪਣੇ ਵਿਚਾਰ ਪ੍ਰਗਟਾਏ ਹਨ, ਫਿਰ ਵੀ ਇਕ ਸ਼ੁਰੂਆਤ ਤਾਂ ਕੀਤੀ ਹੀ ਹੈ। ਉਹ ਪਹਿਲੇ ਆਮ ਆਦਮੀ ਦੇ ਨੇਤਾ ਹਨ, ਜਿਨ੍ਹਾਂ ਨੇ ਜਾਤ, ਫਿਰਕੇ ਅਤੇ ਧਰਮ ਦੀ ਸਿਆਸਤ ਨੂੰ ਤਿਆਗਿਆ ਹੈ ਅਤੇ ਆਮ ਆਦਮੀ ਨਾਲ ਜੁੜੇ ਮੁੱਖ ਮੁੱਦਿਆਂ ਜਿਵੇਂ ਪਾਣੀ ਦੀ ਘਾਟ, ਬਿਜਲੀ ਦੇ ਵਧੇਰੇ ਬਿੱਲ, ਸ਼ਹਿਰੀ ਸਹੂਲਤਾਂ ਦੀ ਘਾਟ, ਔਰਤਾਂ ਦੀ ਸੁਰੱਖਿਆ ਅਤੇ ਹਰੇਕ ਪੱਧਰ 'ਤੇ ਫੈਲਿਆ ਭ੍ਰਿਸ਼ਟਾਚਾਰ ਆਦਿ ਨੂੰ ਲੈ ਕੇ ਚੋਣ ਲੜੀ।



'ਆਪ' ਦੀ ਜਿੱਤ ਇਕ ਤਰ੍ਹਾਂ ਨਾਲ ਇਤਿਹਾਸਿਕ ਹੈ। ਇਹ ਜਿੱਤ ਭਾਰਤ 'ਚ ਸਿਆਸਤ ਦੀ ਦਿਸ਼ਾ ਨੂੰ ਬਦਲੇਗੀ। ਇਸ ਜਿੱਤ ਤੋਂ ਬਾਅਦ ਹੁਣ ਕੋਈ ਵੀ ਪਾਰਟੀ ਉਦਾਸੀਨ ਨਹੀਂ ਰਹੇਗੀ ਜਾਂ ਰਵਾਇਤੀ ਵੋਟ ਬੈਂਕ 'ਤੇ ਨਿਰਭਰ ਨਹੀਂ ਕਰੇਗੀ, ਖ਼ਾਸ ਕਰਕੇ ਇਸ ਲਈ ਵੀ ਕਿ ਦੇਸ਼ ਦੇ 50 ਫੀਸਦੀ ਵੋਟਰ 18 ਤੋਂ 35 ਸਾਲ ਦੀ ਉਮਰ ਦੇ ਹਨ ਅਤੇ ਉਹ ਇਤਿਹਾਸ ਦੇ ਬੋਝ ਹੇਠਾਂ ਦੱਬੇ ਹੋਏ ਨਹੀਂ ਹਨ। ਉਨ੍ਹਾਂ ਕੋਲ ਸਿਆਸਤਦਾਨਾਂ ਦੀ 'ਤੂੰ-ਤੂੰ, ਮੈਂ-ਮੈਂ' ਸੁਣਨ ਲਈ ਧੀਰਜ ਹੈ, ਉਹ ਆਪਣੇ ਬੇਹਤਰ ਭਵਿੱਖ, ਭ੍ਰਿਸ਼ਟਾਚਾਰ ਤੋਂ ਰਹਿਤ, ਈਮਾਨਦਾਰ ਅਤੇ ਪਾਰਦਰਸ਼ੀ ਸ਼ਾਸਨ ਦੀ ਮੰਗ ਕਰਦੇ ਹਨ। ਬਿਨਾਂ ਸ਼ੱਕ ਉਨ੍ਹਾਂ ਨੇ ਭਾਰਤੀ ਸਿਆਸਤ ਦੀ ਨਿਯਮਾਵਲੀ ਨੂੰ ਨਕਾਰ ਦਿੱਤਾ ਹੈ।

ਉਨ੍ਹਾਂ ਨੇ ਨਾ ਸਿਰਫ਼ ਸਿਆਸਤ ਦੇ ਨਿਯਮਾਂ ਅਤੇ ਸਿਆਸਤ ਕਰਨ ਦੇ ਢੰਗ-ਤਰੀਕੇ ਨੂੰ ਨਵੇਂ ਸਿਰਿਓਂ ਨਿਰਧਾਰਿਤ ਕੀਤਾ ਹੈ, ਸਗੋਂ ਇਕ ਨਵਾਂ ਸਿਆਸੀ ਏਜੰਡਾ ਵੀ ਨਿਰਧਾਰਿਤ ਕੀਤਾ ਹੈ, ਜਿਸ ਦੀ ਪਾਲਣਾ ਕਰਨੀ ਮੁਸ਼ਕਿਲ ਹੋ ਸਕਦੀ ਹੈ। ਉਨ੍ਹਾਂ ਨੇ ਦੇਸ਼ ਭਰ 'ਚ ਨੌਜਵਾਨਾਂ, ਵਿਦਿਆਰਥੀਆਂ, ਗ੍ਰਹਿਣੀਆਂ, ਮਜ਼ਦੂਰ ਵਰਗ, ਸੋਸ਼ਲ ਵਰਕਰਾਂ ਆਦਿ 'ਚ ਉੱਭਰ ਰਹੀ ਏਕਤਾ ਦਾ ਇਸਤੇਮਾਲ ਕੀਤਾ, ਜਿਨ੍ਹਾਂ ਦਾ ਮੌਜੂਦਾ ਸ਼ਾਸਨ ਪ੍ਰਣਾਲੀ ਤੋਂ ਮੋਹ ਭੰਗ ਹੋ ਚੁੱਕਾ ਸੀ।

ਕੇਜਰੀਵਾਲ ਅੱਜ ਦੀ ਸਿਆਸਤ 'ਚ ਅਜਿਹੇ ਖਿਡਾਰੀ ਹਨ, ਜਿਨ੍ਹਾਂ ਕੋਲ ਗੁਆਉਣ ਲਈ ਕੁਝ ਵੀ ਨਹੀਂ ਹੈ। ਇਸ ਲਈ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਉਹ ਇਸੇ ਉਤਸ਼ਾਹ ਨਾਲ ਅੱਗੇ ਵਧਣਗੇ ਅਤੇ ਖੇਡ ਦੇ ਨਿਯਮਾਂ ਦੀ ਪ੍ਰਵਾਹ ਨਾ ਕਰਦਿਆਂ ਇਸ ਸੰਤੁਲਨ ਨੂੰ ਵਿਗਾੜਦੇ ਰਹਿਣਗੇ। ਇਸ ਨਾਲ ਉਨ੍ਹਾਂ ਨੂੰ ਲੋਕਾਂ ਦਾ ਸਮਰਥਨ ਮਿਲੇਗਾ ਪਰ ਸਿਆਸਤਦਾਨਾਂ ਅਤੇ ਨੌਕਰਸ਼ਾਹਾਂ 'ਚ ਡਰ ਦੀ ਭਾਵਨਾ ਪੈਦਾ ਹੋਵੇਗੀ।

ਕੱਲ ਤਕ ਕਿਹਾ ਜਾ ਰਿਹਾ ਸੀ ਕਿ ਕੇਜਰੀਵਾਲ ਕੌਣ ਹੈ? ਪਰ ਅੱਜ ਉਹ 'ਬੌਸ' ਹਨ, ਉਹ ਵੀ ਅਜਿਹੇ ਬੌਸ, ਜਿਨ੍ਹਾਂ ਨੇ ਆਪਣੇ ਮੰਤਰੀਆਂ ਨਾਲ ਸੁਰੱਖਿਆ ਅਤੇ ਲਾਲ ਬੱਤੀ ਵਾਲੀਆਂ ਕਾਰਾਂ ਲੈਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਸਰਕਾਰੀ ਬੰਗਲਾ ਲੈਣ ਤੋਂ ਵੀ ਇਨਕਾਰ ਕਰ ਦਿੱਤਾ, ਜੋ ਵੀ. ਵੀ. ਆਈ. ਪੀ. ਸੱਭਿਆਚਾਰ ਦਾ ਅਟੁੱਟ ਅੰਗ ਰਿਹਾ ਹੈ। ਇਸ ਦੀ ਬਜਾਏ ਉਨ੍ਹਾਂ ਨੇ ਇਕ ਸਾਧਾਰਨ ਜਿਹੇ ਫਲੈਟ 'ਚ ਰਹਿਣ ਦਾ ਫ਼ੈਸਲਾ ਕੀਤਾ ਹੈ।

ਅਸਲ 'ਚ ਇਹ ਸਭ ਸੰਕੇਤਕ ਹੋ ਸਕਦਾ ਹੈ ਪਰ ਇਸ ਨਾਲ ਇਹ ਧਾਰਨਾ ਬਣਦੀ ਹੈ ਕਿ ਉਹ ਸੱਚਮੁਚ ਆਮ ਆਦਮੀ ਹਨ। ਹੁਣ ਦੇਖਣਾ ਇਹ ਹੈ ਕਿ ਕੀ ਉਹ ਅਤੇ ਉਨ੍ਹਾਂ ਦਾ ਮੰਤਰੀ ਮੰਡਲ ਇਨ੍ਹਾਂ ਗੱਲਾਂ ਨੂੰ ਉਦੋਂ ਤਕ ਜਾਰੀ ਰੱਖ ਸਕੇਗਾ ਜਾਂ ਨਹੀਂ, ਜਦੋਂ ਤਕ ਉਹ ਸਰਕਾਰ 'ਚ ਰਹਿਣਗੇ? ਉਨ੍ਹਾਂ ਸਾਹਮਣੇ ਚੁਣੌਤੀਆਂ ਬਹੁਤ ਜ਼ਿਆਦਾ ਗੁੰਝਲਦਾਰ ਹਨ ਕਿਉਂਕਿ ਸਾਡੇ ਨੇਤਾਵਾਂ ਦੀਆਂ ਰਗਾਂ 'ਚ ਭ੍ਰਿਸ਼ਟਾਚਾਰ ਦਾ ਖ਼ੂਨ ਚੱਲ ਰਿਹਾ ਹੈ। ਇਨ੍ਹਾਂ ਨੇਤਾਵਾਂ ਨੇ ਆਪਣੇ ਲਾਭ ਲਈ ਵਿਵਸਥਾ ਨੂੰ ਅਪਾਹਜ ਬਣਾ ਦਿੱਤਾ ਹੈ। ਹੁਣ ਨੌਕਰਸ਼ਾਹੀ ਵੀ ਘਬਰਾਈ ਹੋਈ ਹੈ ਕਿਉਂਕਿ ਕੇਜਰੀਵਾਲ 'ਮੁਹੱਲਾ ਸ਼ੈਲੀ' ਵਾਲੀ ਸ਼ਾਸਨ ਪ੍ਰਣਾਲੀ ਅਪਣਾ ਰਹੇ ਹਨ। ਕੇਜਰੀਵਾਲ ਨੇ ਕਿਹਾ, ''ਇਹ ਸਰਕਾਰ ਦਿੱਲੀ ਦੇ ਡੇਢ ਕਰੋੜ ਲੋਕਾਂ ਵਲੋਂ ਚਲਾਈ ਜਾਵੇਗੀ, ਨਾ ਕਿ ਨੌਕਰਸ਼ਾਹਾਂ, ਪੁਲਸ ਜਾਂ ਰਾਜਨੇਤਾਵਾਂ ਵਲੋਂ।'' ਆਪਣੇ ਇਰਾਦੇ ਜ਼ਾਹਿਰ ਕਰਦਿਆਂ ਉਨ੍ਹਾਂ ਨੇ ਲੋਕਾਂ ਨੂੰ ਕਿਹਾ ਕਿ ਉਹ ਸਹੁੰ ਚੁੱਕਣ ਕਿ ਪੁਲਸ, ਥਾਣੇਦਾਰ, ਪਟਵਾਰੀ ਜਾਂ ਵਿਕਾਸ ਅਧਿਕਾਰੀ, ਸਰਕਾਰੀ ਬਾਬੂ ਜਾਂ ਚਪੜਾਸੀ ਤੋਂ ਲੈ ਕੇ ਕਿਸੇ ਵਿਧਾਇਕ ਤਕ ਨੂੰ ਕੋਈ ਰਿਸ਼ਵਤ ਨਹੀਂ ਦੇਣਗੇ। ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ ਲਈ ਉਹ (ਕੇਜਰੀਵਾਲ) ਇਕ ਟੈਲੀਫੋਨ ਨੰਬਰ ਮੁਹੱਈਆ ਕਰਵਾਉਣਗੇ ਤਾਂ ਕਿ ਸ਼ਿਕਾਇਤ ਮਿਲਣ 'ਤੇ ਭ੍ਰਿਸ਼ਟ ਅਧਿਕਾਰੀ ਵਿਰੁੱਧ ਕਾਰਵਾਈ ਕੀਤੀ ਜਾ ਸਕੇ। ਫਿਰ ਵੀ ਵਿਅੰਜਨ ਦਾ ਸੁਆਦ ਤਾਂ ਖਾ ਕੇ ਹੀ ਪਤਾ ਲੱਗਦਾ ਹੈ। ਇਹ ਮਹੱਤਵਪੂਰਨ ਨਹੀਂ ਕਿ ਭਾਰਤ ਦੇ ਸਿਆਸੀ ਦਿਸਹੱਦੇ 'ਚ ਤੁਹਾਡੀ ਸਥਿਤੀ ਕੀ ਹੈ? ਕੇਜਰੀਵਾਲ ਨੇ ਪਹਿਲਾਂ ਹੀ ਸਿਆਸਤ ਦੀ ਇਕ ਨਵੀਂ ਦਿਸ਼ਾ ਤੈਅ ਕਰ ਦਿੱਤੀ ਹੈ। ਉਨ੍ਹਾਂ ਨੇ ਈਮਾਨਦਾਰੀ ਨਾਲ ਚੋਣ ਲੜੀ ਅਤੇ ਦੋਹਾਂ ਕੌਮੀ ਪਾਰਟੀਆਂ ਕਾਂਗਰਸ ਅਤੇ ਭਾਜਪਾ ਦੇ ਹੰਕਾਰ ਨੂੰ ਤੋੜ ਦਿੱਤਾ। ਉਨ੍ਹਾਂ ਨੇ ਭ੍ਰਿਸ਼ਟਾਚਾਰ ਅਤੇ ਘਟੀਆ ਸ਼ਾਸਨ ਵਿਰੁੱਧ ਲੋਕ-ਰੋਹ ਦਾ ਇਸਤੇਮਾਲ ਕੀਤਾ। ਇਸ ਲੋਕ-ਰੋਹ ਕਾਰਨ ਸਾਡੀ ਸਿਆਸਤ ਲਈ ਸਥਿਤੀ ਜਿਉਂ ਦੀ ਤਿਉਂ ਬਣਾਈ ਰੱਖਣਾ ਅਸੰਭਵ ਸੀ। ਕੇਜਰੀਵਾਲ ਨੇ ਆਮ ਆਦਮੀ ਨੂੰ ਆਸ ਦੀ ਇਕ ਕਿਰਨ ਦਿਖਾਈ ਹੈ, ਜਿਸ ਕਾਰਨ ਹੁਣ ਲੋਕ ਖਾਮੋਸ਼ ਦਰਸ਼ਕ ਨਹੀਂ ਬਣੇ ਰਹਿਣਗੇ। ਇਹ ਮੰਨਣਾ ਇਕ ਭੁੱਲ ਹੋਵੇਗੀ ਕਿ ਇਕੱਲੇ ਕੇਜਰੀਵਾਲ ਭ੍ਰਿਸ਼ਟਾਚਾਰ ਨੂੰ ਖਤਮ ਕਰ ਸਕਦੇ ਹਨ ਕਿਉਂਕਿ ਭਾਰਤ 'ਚ ਭ੍ਰਿਸ਼ਟਾਚਾਰ ਓਨਾ ਹੀ ਪੁਰਾਣਾ ਹੈ, ਜਿੰਨਾ ਪੁਰਾਣਾ ਇਸ ਦਾ ਇਤਿਹਾਸ ਪਰ ਉਨ੍ਹਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਉਨ੍ਹਾਂ ਨੇ ਆਮ ਆਦਮੀ ਨੂੰ ਉਸ ਦੀ ਤਾਕਤ ਤੋਂ ਜਾਣੂ ਕਰਵਾਇਆ ਹੈ ਕਿ ਉਹ ਸੁਆਰਥੀ ਨੇਤਾਵਾਂ ਦਾ ਹੰਕਾਰ ਤੋੜ ਸਕਦਾ ਹੈ। ਲੋਕ ਪਹਿਲੀ ਵਾਰ ਇਹ ਮਹਿਸੂਸ ਕਰ ਰਹੇ ਹਨ ਕਿ ਸੱਤਾ ਉਨ੍ਹਾਂ ਦੇ ਨਾਲ ਹੈ ਅਤੇ ਉਹੀ ਅਸਲੀ ਮਾਲਕ ਹਨ, ਜਦਕਿ ਰਾਜਨੇਤਾ ਉਨ੍ਹਾਂ ਦੇ ਸੇਵਕ। ਜ਼ਿਕਰਯੋਗ ਹੈ ਕਿ ਨਰਿੰਦਰ ਮੋਦੀ ਅਤੇ ਰਾਹੁਲ ਗਾਂਧੀ ਦੋਹਾਂ ਨੇ 'ਆਪ' ਦੇ ਚੋਣ ਲੜਨ ਦੇ ਇਸ ਨਵੇਂ ਅਤੇ ਪਾਰਦਰਸ਼ੀ ਤਰੀਕੇ ਤੋਂ ਪ੍ਰੇਰਨਾ ਲਈ ਹੈ। ਰਾਹੁਲ ਨੇ ਮੰਨਿਆ ਹੈ ਕਿ 'ਆਪ' ਦਾ 'ਜਨਤਾ ਦਾ, ਜਨਤਾ ਵਲੋਂ ਅਤੇ ਜਨਤਾ ਲਈ' ਅੰਦੋਲਨ ਲਾ-ਮਿਸਾਲ ਹੈ। ਨਰਿੰਦਰ ਮੋਦੀ ਨੇ ਹੁਣ ਲੋਕਾਂ ਤੋਂ 10 ਤੋਂ ਲੈ ਕੇ 1000 ਰੁਪਏ ਤਕ ਦਾਨ ਮੰਗਣਾ ਸ਼ੁਰੂ ਕਰ ਦਿੱਤਾ ਹੈ। ਕੇਜਰੀਵਾਲ ਦੀ ਇਸ ਚਮਤਕਾਰੀ ਜਿੱਤ ਦੇ ਸਬਕ ਨੂੰ ਸਾਡੇ ਰਾਜਨੇਤਾ ਅਣਡਿੱਠ ਨਹੀਂ ਕਰ ਸਕਦੇ। ਸਾਡੇ ਨੇਤਾਵਾਂ ਨੂੰ ਇਹ ਮਹਿਸੂਸ ਕਰਨਾ ਪਵੇਗਾ ਕਿ ਜਨਤਾ ਅਤੇ ਰਾਜਨੇਤਾਵਾਂ ਵਿਚਲੇ ਸਮੀਕਰਣਾਂ 'ਚ ਸਪੱਸ਼ਟ ਤਬਦੀਲੀ ਆ ਗਈ ਹੈ। ਹੁਣ ਅਜਿਹੇ ਬਿਆਨਾਂ ਦਾ ਸਮਾਂ ਨਹੀਂ ਰਹਿ ਗਿਆ ਕਿ ''ਅਸੀਂ ਨੇਤਾ ਹਾਂ, ਤੁਸੀਂ ਸਾਡੇ ਨਾਲ ਇਸ ਤਰ੍ਹਾਂ ਗੱਲ ਕਰਨ ਦੀ ਹਿੰਮਤ ਕਿਵੇਂ ਕੀਤੀ?'' ਕ

'ਜਰੀਵਾਲ ਅਤੇ ਉਨ੍ਹਾਂ ਦੀ ਪਾਰਟੀ ਤੋਂ ਲੋਕਾਂ ਨੂੰ ਬਹੁਤ ਸਾਰੀਆਂ ਉਮੀਦਾਂ ਹਨ। ਇਕ ਹੀ ਚੋਣ 'ਚ ਉਨ੍ਹਾਂ ਨੇ ਭਾਰਤ ਦੀ ਸਿਆਸਤ ਦੀ ਦਿਸ਼ਾ ਬਦਲ ਕੇ ਰੱਖ ਦਿੱਤੀ ਹੈ,ਅਸਲੀ ਲੋਕਤੰਤਰ : ਜਨਤਾ ਲਈ ਅਤੇ ਜਨਤਾ ਵਲੋਂ। ਜੇ ਬਾਅਦ 'ਚ ਕੇਜਰੀਵਾਲ ਅਤੇ ਉਨ੍ਹਾਂ ਦੀ ਪਾਰਟੀ 'ਚ ਕੋਈ ਊਣਤਾਈ ਆਉਂਦੀ ਵੀ ਹੈ ਤਾਂ ਦਿੱਲੀ ਦੇ ਆਮ ਵੋਟਰਾਂ ਨੇ 2014 ਲਈ ਭਾਰਤ ਨੂੰ ਇਕ ਨਵੀਂ ਆਸ ਦੀ ਕਿਰਨ ਦਿਖਾ ਦਿੱਤੀ ਹੈ ਕਿਉਂਕਿ ਆਖਿਰ 'ਚ ਸੱਤਾ ਲੋਕਾਂ 'ਚ ਲੁਕੀ ਹੋਈ ਹੈ ਅਤੇ ਇਹ ਤਾਕਤ ਨੇਤਾਵਾਂ ਨੂੰ ਬਣਾ ਜਾਂ ਵਿਗਾੜ ਸਕਦੀ ਹੈ। ਹੁਣ ਕੇਜਰੀਵਾਲ ਨੂੰ ਇਹ ਸੱਚਾਈ ਧਿਆਨ 'ਚ ਰੱਖਣੀ ਪਵੇਗੀ ਕਿ ਸਥਾਈ ਕੁਝ ਵੀ ਨਹੀਂ ਹੁੰਦਾ, ਹਰੇਕ ਚੀਜ਼ 'ਚ ਤਬਦੀਲੀ ਆਉਂਦੀ ਹੈ।

## CLASSIFIED

### ਵਰ ਦੀ ਲੋੜ

Professionally qualified Ramgaria sikh girl, 31 Years, 5'4",Slim. B tech, MS-CSE(usa). Who has worked in usa for 6 years on H1-B. Now working in MNC in chandigarh is seeking for equally or professionally qualified match in USA. Please contact for further details. Upper caste no bar **Balbir2266@yahoo.co.in**

### ਲੜਕੀ ਦੀ ਲੋੜ

26 ਸਾਲ 5 ਫੁੱਟ 10 ਇੰਚ, ਸੋਹਣਾ ਸੁਨੱਖਾ ਸਿੱਖ (ਸੁਨਿਆਰ) ਲੁਧਿਆਣਾ ਤੋਂ ਗੋਲਡ ਮੈਡਲਿਸਟ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਮਕੈਨੀਕਲ ਇੰਜੀਨੀਅਰਿੰਗ ਕੀਤੀ ਹੋਈ, ਟੂਰਿਸਟ ਦੇ ਤੌਰ ਤੇ ਅਮਰੀਕਾ ਵਿਚ 6 ਮਹੀਨੇ ਲਈ ਆਏ ਹੋਏ ਹਨ, ਸਿਟੀਜ਼ਨ ਲੜਕੀ ਦੀ ਲੋੜ ਹੈ। ਹੋਰ ਗੱਲਬਾਤ ਲਈ ਫੋਨ ਕਰੋ ਮਾਸਟਰ ਕਰਮ ਸਿੰਘ 408-802-7309 ਜਾਂ ਗੁਰਮੀਤ ਸਿੰਘ ਭੋਗਲ 510-386-2084 ਨਾਲ ਸੰਪਰਕ ਕੀਤਾ ਜਾ ਸਕਦਾ ਹੈ।


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
REAL ESTATE
*TAX: All types of Tax Returns: Individual, Business, Sales Tax
- Incorporation
- Insurance-Life Only
- Notary Public

E.A.
CTEC California Tax Education Council Registered Tax Preparer

Contact:
R.PAL SINGH
E.A # 00097224-EA, CRTP #A44237, Realtor #01481514
Life Insurance Agent # 0G76896

39159 Paseo Padre Pkwy # 103
Fremont, CA 94538
510-750-3464
singhrpal@sbcglobal.net
Singhtax.com "Enrolled To Practice Before The IRS"

IRS e-file





G.N EVENT RENTAL, INC

ਕਿਸੇ ਵੀ ਖੁਸ਼ੀ ਦੇ ਮੌਕੇ ਤੇ, ਵਿਆਹ-ਸ਼ਾਦੀਆਂ, ਸਨਮਾਨ ਸਮਾਰੋਹ, ਸਭਿਆਚਾਰਕ ਮੇਲਿਆਂ ਦੇ ਮੌਕੇ ਲਈ ਜਾਂ ਕਿਸੇ ਵੀ ਖਾਸ ਪ੍ਰੋਗਰਾਮ ਲਈ ਇਕ ਵਾਰ ਜ਼ਰੂਰ ਮੌਕਾ ਦਿਓ



ਕਿਸੇ ਵੀ ਪ੍ਰੋਗਰਾਮ ਲਈ ਟੈਂਟ, ਸ਼ਮਿਆਨਾ ਜਾਂ ਪਾਰਟੀ ਵਾਸਤੇ ਪੰਡਾਲ ਲਗਾਉਣ ਲਈ ਇਕ ਵਾਰ ਮੌਕਾ ਦਿਓ।

ਸੰਪਰਕ ਕਰੋ

1991 HARTOG DR, SANJOSE, CA 95131

408-859-4080

# ਭਾਰਤ ਦਾ ਅਮਰੀਕਾ ਵਿਰੁੱਧ ਸਖ਼ਤ ਰਵੱਈਆ

ਡਾ.ਸਵਰਾਜ ਸਿੰਘ

ਜਿਸ ਮਾੜੇ ਢੰਗ ਨਾਲ ਭਾਰਤ ਦੀ ਡਿਪਟੀ ਕੌਂਸਲੇਟ ਜਨਰਲ ਨਾਲ ਨਿਊਯਾਰਕ ਵਿੱਚ ਸਲੂਕ ਕੀਤਾ ਗਿਆ ਹੈ, ਉਸ ਨੇ ਨਾ ਸਿਰਫ਼ ਭਾਰਤੀ ਰਾਜਦੂਤ ਭਾਈਚਾਰੇ ਬਲਕਿ ਸੰਸਾਰ ਭਰ ਦੇ ਭਾਰਤੀਆਂ ਨੂੰ ਦੁੱਖ ਪਹੁੰਚਾਇਆ ਹੈ। ਇੱਕ ਸੀਨੀਅਰ ਰਾਜਦੂਤ ਨਾਲ ਅਜਿਹੇ ਸਲੂਕ ਕਾਰਨ ਭਾਰਤੀਆਂ ਵਿੱਚ ਗੁੱਸੇ ਦੀ ਲਹਿਰ ਭੜਕ ਗਈ। ਸੰਸਦ ਵਿੱਚ ਲਗਪਗ ਹਰ ਪਾਰਟੀ ਦੇ ਮੈਂਬਰਾਂ ਨੇ ਇਸ ਸਬੰਧੀ ਡੂੰਘੇ ਸਦਮੇ ਅਤੇ ਗੁੱਸੇ ਦਾ ਮੁਜ਼ਾਹਰਾ ਕੀਤਾ ਹੈ ਪਰ ਅਮਰੀਕੀਆਂ ਵੱਲੋਂ ਸਾਡੇ ਸੀਨੀਅਰ ਰਾਜਦੂਤਾਂ, ਵੱਡੇ ਅਹੁਦੇਦਾਰਾਂ ਤੇ ਜਾਣੀਆਂ-ਪਛਾਣੀਆਂ ਸ਼ਖ਼ਸੀਅਤਾਂ ਨਾਲ ਬਦਸਲੂਕੀ ਦਾ ਇਹ ਪਹਿਲਾ ਮਾਮਲਾ ਨਹੀਂ ਹੈ। ਭਾਰਤ ਦੀਆਂ ਕਈ ਜਾਣੀਆਂ-ਪਛਾਣੀਆਂ ਸ਼ਖ਼ਸੀਅਤਾਂ ਨੂੰ ਅਮਰੀਕੀ ਪੱਖਪਾਤ ਅਤੇ ਨਸਲਵਾਦੀ ਵਤੀਰੇ ਦਾ ਸਾਹਮਣਾ ਕਰਨਾ ਪਿਆ ਹੈ। ਅਮਰੀਕੀਆਂ ਨੂੰ ਇਸ ਭਾਵਨਾ ਨਾਲ ਪਾਲ਼ਿਆ ਜਾਂਦਾ ਹੈ ਕਿ ਉਹ ਸੰਸਾਰ ਵਿੱਚ ਸਭ ਤੋਂ ਉਪਰ ਹਨ ਅਤੇ ਬਾਕੀ ਸਾਰੇ ਉਸ ਤੋਂ ਘਟੀਆ ਹਨ ਤੇ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦੇ।

ਅਮਰੀਕੀ ਮਹਿਸੂਸ ਕਰਦੇ ਹਨ ਕਿ ਕੌਮਾਂਤਰੀ ਕਾਨੂੰਨ ਦੀ ਵਿਆਖਿਆ ਉਹ ਆਪਣੀ ਮਰਜ਼ੀ ਅਤੇ ਲੋੜਾਂ ਅਨੁਸਾਰ ਕਰ ਸਕਦੇ ਹਨ। ਉਨ੍ਹਾਂ ਨੂੰ ਇਸ ਗੱਲ ਦੀ ਪਰਵਾਹ ਨਹੀਂ ਕਿ ਅਜਿਹਾ ਕਰਨ ਨਾਲ ਉਨ੍ਹਾਂ 'ਤੇ ਦੰਭ ਅਤੇ ਦੂਹਰੇ ਮਾਪਦੰਡ ਅਪਨਾਉਣ ਦਾ ਦੋਸ਼ ਲੱਗ ਸਕਦਾ ਹੈ। ਅਜਿਹੀਆਂ ਧਾਰਨਾਵਾਂ ਤਹਿਤ ਹੀ ਉਨ੍ਹਾਂ ਨੇ ਰਾਜਦੂਤਾਂ ਬਾਰੇ ਵੀਆਨਾ ਕਨਵੈਨਸ਼ਨ ਵਿੱਚ ਬਣਾਏ ਮਾਪਦੰਡਾਂ ਦੀ ਦੇਵਯਾਨੀ ਮਾਮਲੇ ਵਿੱਚ ਵਿਆਖਿਆ ਕੀਤੀ ਹੈ। ਇਹ ਕਿਹਾ ਗਿਆ ਹੈ ਕਿ ਦੇਵਯਾਨੀ ਨੂੰ ਸਿਰਫ਼ ਸਰਕਾਰੀ ਕਾਰਜਾਂ ਲਈ ਹੀ ਰਾਜਦੂਤੀ ਸੁਰੱਖਿਆ ਹਾਸਲ ਸੀ। ਅਮਰੀਕਾ ਵਿੱਚ ਭਾਰਤੀ ਰਾਜਦੂਤਾਂ ਜਾਂ ਭਾਰਤ ਵਿੱਚ ਅਮਰੀਕੀ ਰਾਜਦੂਤਾਂ ਨੂੰ ਘਰੇਲੂ ਨੌਕਰ ਨਾਲ ਲਿਆਉਣ ਦੀ ਜਾਣਕਾਰੀ ਦੂਜੀ ਸਰਕਾਰ ਨੂੰ ਦੇ ਕੇ ਮਨਜ਼ੂਰੀ ਲੈਣੀ ਪੈਂਦੀ ਹੈ। ਇੱਥੇ ਕਾਨੂੰਨ ਦੇ ਲਿਖਤੀ ਮਤਲਬ ਨਾਲੋਂ ਕਾਨੂੰਨ ਦੀ ਨੀਯਤ ਜ਼ਿਆਦਾ ਜ਼ਰੂਰੀ ਹੈ। ਅਮਰੀਕਾ ਦੀ ਨੀਯਤ ਖੋਟੀ ਹੋਣ ਦੀ ਪੁਸ਼ਟੀ ਇਸ ਗੱਲ ਤੋਂ ਹੋ ਜਾਂਦੀ ਹੈ ਕਿ ਜਿਸ ਨੌਕਰਾਣੀ ਦੇ ਕਹਿਣ 'ਤੇ ਦੇਵਯਾਨੀ ਵਿਰੁੱਧ ਮੁਕੱਦਮਾ ਚਲਾਇਆ ਗਿਆ, ਉਸ ਦੇ ਰਿਸ਼ਤੇਦਾਰਾਂ ਨੂੰ ਅਮਰੀਕਾ ਦੀ ਇਮੀਗ੍ਰੇਸ਼ਨ ਲੈਣ ਵਿੱਚ ਸਹਾਇਤਾ ਦਾ ਲਾਲਚ ਦਿੱਤਾ ਗਿਆ ਹੈ। ਜ਼ਾਹਰ ਹੈ ਕਿ ਸਾਡੇ ਵਿਦੇਸ਼ ਮੰਤਰੀ ਦੇ ਇਸ ਦੋਸ਼ ਵਿੱਚ ਸੱਚਾਈ ਹੈ ਕਿ ਇਹ ਕੰਮ ਇੱਕ ਸਾਜ਼ਿਸ਼ ਅਧੀਨ ਕੀਤਾ ਗਿਆ ਹੈ। ਅਮਰੀਕੀ ਕਾਨੂੰਨ ਵਿਵਸਥਾ ਏਜੰਸੀਆਂ ਵੱਲੋਂ ਆਪਣੇ ਵਿਰੋਧੀਆਂ ਵਿਰੁੱਧ ਮੁਕੱਦਮਾ ਬਣਾਉਣ ਲਈ ਜਰਾਇਮਪੇਸ਼ਾ ਦੀ ਵਰਤੋਂ ਅਕਸਰ ਕੀਤੀ ਜਾਂਦੀ ਹੈ ਤੇ ਬਦਲੇ ਵਿੱਚ ਉਨ੍ਹਾਂ 'ਤੇ ਚੱਲ ਰਹੇ ਮੁਕੱਦਮਿਆਂ ਤੋਂ ਰਾਹਤ ਦਿਵਾਈ ਜਾਂਦੀ ਹੈ। ਪੰਜਾਹਵਿਆਂ ਵਿੱਚ ਨਿਰਦੋਸ਼ ਲੋਕਾਂ 'ਤੇ ਝੂਠੇ ਮੁਕੱਦਮੇ ਬਣਾਉਣ ਵਿੱਚ ਅਮਰੀਕਾ ਨੇ ਜੋ ਰਿਕਾਰਡ ਕਾਇਮ ਕੀਤਾ ਹੈ, ਸ਼ਾਇਦ ਸੰਸਾਰ ਦਾ ਕੋਈ ਦੇਸ਼ ਉਸ ਨੂੰ ਹਾਲੇ ਤਕ ਤੋੜ ਨਹੀਂ ਸਕਿਆ। ਦੇਵਯਾਨੀ ਨੇ ਜੋ ਕੀਤਾ, ਉਹ ਅਮਰੀਕਾ ਦੀ



ਸਰਕਾਰ ਦੀ ਜਾਣਕਾਰੀ ਵਿੱਚ ਹੈ ਕਿ ਗ਼ਰੀਬ ਦੇਸ਼ਾਂ ਦੇ ਰਾਜਦੂਤ ਆਪਣੇ ਘਰੇਲੂ ਨੌਕਰਾਂ ਨੂੰ ਅਮਰੀਕਾ ਦੀ ਘੱਟ ਤੋਂ ਘੱਟ ਉਜਰਤ ਦੇਣ ਵਿੱਚ ਅਸਮਰੱਥ ਹਨ। ਦੇਵਯਾਨੀ ਨੂੰ ਖ਼ੁਦ 4000 ਡਾਲਰ ਪ੍ਰਤੀ ਮਹੀਨਾ ਤਨਖ਼ਾਹ ਮਿਲਦੀ ਹੈ, ਫਿਰ ਕਿੰਜ ਉਹ ਆਪਣੇ ਘਰੇਲੂ ਨੌਕਰ ਨੂੰ ਅਮਰੀਕੀ ਕਾਨੂੰਨ ਅਨੁਸਾਰ ਘੱਟੋ-ਘੱਟ ਬਣਦੀ ਤਨਖ਼ਾਹ ਅਰਥਾਤ 4500 ਡਾਲਰ ਮਹੀਨਾ ਦੇ ਸਕਦੀ ਹੈ? ਅਮਰੀਕੀਆਂ ਦੀ ਆਦਤ ਬਣ ਚੁੱਕੀ ਹੈ ਕਿ ਲੋਕਾਂ ਨੂੰ ਉਨ੍ਹਾਂ ਵਿਰੁੱਧ ਉਕਸਾਇਆ ਜਾਵੇ, ਜਿਨ੍ਹਾਂ ਦਾ ਉਨ੍ਹਾਂ ਨੂੰ ਸਤਿਕਾਰ ਕਰਨਾ ਚਾਹੀਦਾ ਹੈ, ਭਾਵੇਂ ਉਹ ਤੁਹਾਨੂੰ ਨੌਕਰੀ ਦੇਣ ਵਾਲੇ ਮਾਲਕ ਹੋਣ ਜਾਂ ਬੱਚਿਆਂ ਦੇ ਮਾਪੇ। ਇਸ ਤੱਥ ਨੂੰ ਅਤਿ ਦਰਜੇ ਦਾ ਸਮਾਨਤਾਵਾਦ ਕਿਹਾ ਜਾਂਦਾ ਹੈ। ਇਹ ਅਮਰੀਕਾ ਦੀ ਮਹਾਨਤਾ ਨਹੀਂ ਸਗੋਂ ਅਮਰੀਕੀਆਂ ਦਾ ਕਿਸੇ ਡੂੰਘੀ ਸੱਭਿਅਤਾ ਤੋਂ ਰਹਿਤ ਉਜੱਡਵਾਦੀ ਹੋਣ ਦਾ ਪ੍ਰਤੀਕ ਹੈ। ਕੌੜਾ ਸੱਚ ਇਹ ਹੈ ਕਿ ਅਮਰੀਕਾ ਯੂਰਪ ਦੇ ਵਧੀਆ ਅੰਸ਼ਾਂ ਤੋਂ ਨਹੀਂ ਸਗੋਂ ਰਹਿੰਦ-ਖੂੰਹਦ ਤੋਂ ਬਣਿਆ ਹੈ। ਕਿਸੇ ਦਾ ਢੁਕਵਾਂ ਸਤਿਕਾਰ ਨਾ ਕਰਨ ਪਿੱਛੇ ਅਮਰੀਕੀਆਂ ਦੀ ਆਪਣੀ ਹੀਣ-ਭਾਵਨਾ ਨੂੰ ਛੁਪਾਉਣ ਦਾ ਅਚੇਤ ਯਤਨ ਹੈ। ਅਮਰੀਕਾ ਦਾ ਅਸਲੀ ਚਿਹਰਾ ਅਮਰੀਕੀਆਂ ਵੱਲੋਂ ਆਪਣੇ ਸਭ ਤੋਂ ਕਮਜ਼ੋਰ ਵਰਗ ਅਰਥਾਤ ਕੈਦੀਆਂ ਨਾਲ ਅਤਿ ਦਰਜੇ ਦੇ ਘਿਰਣਾ ਵਾਲੇ ਵਰਤਾਓ ਤੋਂ ਸਪਸ਼ਟ ਹੁੰਦਾ ਹੈ। ਸੰਸਾਰ ਦੀ ਇੱਕੋ-ਇੱਕ ਮਹਾਂਸ਼ਕਤੀ ਵਿੱਚ ਅਜਿਹੀ ਸਥਿਤੀ ਨੂੰ ਸਵੀਕਾਰ ਕਰਨਾ ਬੜਾ ਔਖਾ ਹੈ। ਅਮਰੀਕਾ ਆਪਣੇ-ਆਪ ਨੂੰ ਮਨੁੱਖੀ ਅਧਿਕਾਰਾਂ ਦਾ ਚੈਂਪੀਅਨ ਕਹਾਉਂਦਾ ਹੈ ਅਤੇ ਦੂਜੇ ਦੇਸ਼ਾਂ ਦੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਲਈ ਨੁਕਤਾਚੀਨੀ ਕਰਦਾ ਰਹਿੰਦਾ ਹੈ ਪਰ ਆਪਣੇ ਹੀ ਦੇਸ਼ ਦੇ ਗ਼ਰੀਬਾਂ, ਕਮਜ਼ੋਰ ਅਤੇ ਮਜ਼ਬੂਤ ਵਰਗਾਂ ਨਾਲ ਅਜਿਹਾ ਅਣਮਨੁੱਖੀ ਵਰਤਾਓ ਮਨੁੱਖੀ ਅਧਿਕਾਰਾਂ ਦੇ ਚੈਂਪੀਅਨ ਲਈ ਨਹੀਂ ਢੁਕਦਾ। ਅਮਰੀਕਾ ਵਿੱਚ ਆਪਣੇ ਵਿਰੋਧੀਆਂ ਵਿਰੁੱਧ ਝੂਠੇ ਮੁਕੱਦਮੇ ਬਣਾਉਣਾ ਅਤੇ ਕੈਦੀਆਂ ਨਾਲ ਇਸ ਪੱਧਰ ਦਾ ਸਲੂਕ ਕਰਨਾ ਇਸ ਨੂੰ ਤੀਜੇ ਸੰਸਾਰ ਦੇ ਘੱਟ ਵਿਕਸਤ ਦੇਸ਼ਾਂ ਦੇ ਖੇਮੇ ਵਿੱਚ ਖੜ੍ਹਾ ਕਰ ਦਿੰਦਾ ਹੈ। ਦੇਵਯਾਨੀ ਦੇ ਪਿਤਾ ਜੋ ਕਿ ਇੱਕ ਰਿਟਾਇਰਡ ਆਈ.ਏ.ਐੱਸ. ਅਫ਼ਸਰ ਹਨ, ਨੇ ਕਿਹਾ ਹੈ ਕਿ ਉਨ੍ਹਾਂ ਦੀ ਲੜਕੀ ਅਮਰੀਕੀ ਨਸਲਵਾਦੀ ਵਿਵਸਥਾ ਦੀ ਸ਼ਿਕਾਰ ਬਣੀ ਹੈ। ਉਨ੍ਹਾਂ ਦੇ ਇਸ ਦੋਸ਼ ਵਿੱਚ ਹੀ ਸੱਚਾਈ ਨਜ਼ਰ ਆਉਂਦੀ ਹੈ, ਭਾਵੇਂ ਅਮਰੀਕਾ ਨੂੰ ਜਾਇਜ਼ ਠਹਿਰਾਉਣ ਵਾਲੇ ਨਸਲਵਾਦ ਦੀ ਹੋਂਦ ਤੋਂ ਜਿੰਨਾ ਮੁਨਕਰ ਹੋਈ ਜਾਣ ਪਰ ਕੌੜੀ ਸੱਚ ਇਹੀ ਹੈ ਕਿ ਨਸਲਵਾਦ ਅਮਰੀਕੀ ਵਿਵਸਥਾ ਦਾ ਅਟੁੱਟ ਅੰਗ ਹੈ। ਭਾਰਤ ਨੇ ਕੁਝ ਕਦਮ ਚੁੱਕੇ ਹਨ ਜਿਵੇਂ ਅਮਰੀਕੀ ਅੰਬੈਸੀ ਵਿੱਚ ਕੰਮ ਕਰਨ ਵਾਲਿਆਂ ਨੂੰ ਜਾਰੀ ਕੀਤੇ ਪਛਾਣ ਪੱਤਰ ਵਾਪਸ ਲੈਣਾ ਅਤੇ ਏਅਰਪੋਰਟਾਂ 'ਤੇ ਤੇਜ਼ੀ ਨਾਲ ਲਾਂਘੇ ਲਈ ਦਿੱਤੇ ਗਏ ਕਾਰਡ ਵਾਪਸ ਲੈਣਾ ਜਾਂ ਬਾਹਰੋਂ ਸ਼ਰਾਬ ਆਦਿ ਮੰਗਵਾਉਣ 'ਤੇ ਛੋਟ ਬੰਦ ਕਰਨਾ ਅਤੇ ਦਿੱਲੀ ਵਿੱਚ ਅਮਰੀਕੀ ਅੰਬੈਸੀ ਦੁਆਲੇ ਸੁਰੱਖਿਆ ਲਈ ਖੜ੍ਹੀਆਂ ਕੀਤੀਆਂ ਰੁਕਾਵਟਾਂ ਹਟਾਉਣਾ।

ਹਾਲੇ ਤਕ ਕਿਸੇ ਅਮਰੀਕੀ ਅੰਬੈਸੀ ਦੇ ਮੈਂਬਰ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਜਦੋਂਕਿ ਉਨ੍ਹਾਂ ਨੇ ਖ਼ੁਦ ਭਾਰਤੀ ਸਰਕਾਰ ਨੂੰ ਆਪਣੇ ਸਮਲਿੰਗੀ/ ਗੇਅ/ ਸਾਥੀਆਂ ਦੀ ਲਿਸਟ ਦਿੱਤੀ ਹੋਈ ਹੈ। ਜ਼ਾਹਰ ਹੈ ਕਿ ਉਨ੍ਹਾਂ ਨੇ ਆਪ ਹੀ ਸਵੀਕਾਰ ਕਰ ਲਿਆ ਹੈ ਕਿ ਉਨ੍ਹਾਂ ਨੇ ਇਸ ਦੇਸ਼ ਦਾ ਕਾਨੂੰਨ ਤੋੜਿਆ ਹੈ।

## ਜੀ ਐਚ. ਜੀ. ਅਕਾਦਮੀ ਫਰਿਜ਼ਨੋ ਦੇ ਬੱਚਿਆਂ ਵੱਲੋਂ 2014 ਨੂੰ ਜੀ ਆਇਆਂ ਕਹਿੰਦਿਆਂ ਸਭਿਆਚਾਰਕ ਪ੍ਰੋਗਰਾਮ

ਫਰਿਜ਼ਨੋ (ਕੈਲੀਫੋਰਨੀਆ)- ਜੀ ਐਚ ਜੀ ਸੰਗੀਤ ਐਂਡ ਡਾਂਸ ਅਕਾਦਮੀ ਦੀ ਸਮੂਹ ਪਰਿਵਾਰਕ ਮਿਲਣੀ ਜੌਹਨ ਵਿਕ ਕਰੈਡੀਵਲ ਪੀਜ਼ਾ ਫਰਿਜ਼ਨੋ ਦੇ ਖੁੱਲ੍ਹੇ ਹਾਲ ਵਿਚ ਹੋਈ। ਜਿਸ ਵਿਚ 50 ਤੋਂ ਵੱਧ ਪਰਿਵਾਰਾਂ ਨੇ ਸ਼ਿਰਕਤ ਕੀਤੀ। ਸਮੂਹ ਬੱਚਿਆਂ ਅਤੇ ਮਾਪਿਆਂ ਵੱਲੋਂ ਇਕ ਦੂਜੇ ਨੂੰ ਗਲੇ ਮਿਲਦਿਆਂ ਨਵੇਂ ਸਾਲ ਦੀਆਂ ਸ਼ੁਭ ਕਾਮਨਾਵਾਂ ਦਿੱਤੀਆਂ।



ਜੀ ਐਚ ਜੀ ਅਕੈਡਮੀ ਦਾ ਇਹ ਨਵੇਂ ਸਾਲ ਦਾ ਪਹਿਲਾ ਪ੍ਰੋਗਰਾਮ ਬਹੁਤ ਯਾਦਗਾਰੀ ਰਿਹਾ। ਪ੍ਰੋਗਰਾਮ ਦੀ ਸ਼ੁਰੂ-ਆਤ ਅਕੈਡਮੀ ਦੀ ਰੂਹੇ ਰਵਾਂ ਸ. ਗੁਰ-ਦੀਪ ਸ਼ੇਰਗਿੱਲ ਨੇ ਸਭ ਨੂੰ ਜੀ ਆਇਆਂ ਕਹਿ ਕੇ ਨਵੇਂ ਸਾਲ ਦੀ ਵਧਾਈ ਦਿੰਦਿਆਂ ਸ਼ੁਰੂ ਕੀਤੀ। ਬਸੰਤ ਸਿੰਘ ਧਾਲੀਵਾਲ ਨੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਉਤਸਵ ਦੀਆਂ ਸਮੁੱਚੇ ਜਗਤ ਨੂੰ ਵਧਾਈਆਂ ਦਿੱਤੀਆਂ। ਪੰਜਾਬ ਦੇ ਇਤਿਹਾਸ ਅਤੇ ਸਭਿਆਚਾਰਕ ਪਿਛੋਕੜ ਤੋਂ ਬੱਚਿਆਂ ਨੂੰ ਜਾਣੂ ਕਰਵਾਇਆ। ਰੰਗਾਰੰਗ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਸੀਨੀਅਰ ਮੈਂਬਰ ਸ. ਪ੍ਰਮਜੀਤ ਸਿੰਘ ਧਾਲੀਵਾਲ ਨੇ ਹੋਣਹਾਰ ਬੱਚਿਆਂ ਜਸਪ੍ਰੀਤ ਸਿੱਧੂ ਅਤੇ ਮਨਵੀਰ ਸਿੰਘ ਦੇ ਨਾਲ ਪੰਜਾਬ ਦੀ ਯਾਦ ਤਾਜ਼ਾ ਕਰਵਾਉਂਦਿਆਂ ਕਵੀਸ਼ਰੀ ਨਾਲ ਖੂਬ ਰੰਗ ਬੰਨ੍ਹਿਆ। ਸੁਖਦੇਵ ਸਿੰਘ ਬਰਾੜ ਨੇ ਆਪਣੇ ਗੀਤ ਨਾਲ ਸਰੋਤਿਆਂ ਨੂੰ ਕੀਲ ਲਿਆ। ਅਕੈਡਮੀ ਦੀ ਅੰਤਰ ਰਾਸ਼ਟਰੀ ਗਿੱਧਾ ਕੋਚ ਤਰਨਜੀਤ ਕੌਰ ਕਲੇਰ ਨੇ ਮੋਨੋਐਕਟਿੰਗ ਕਰਕੇ ਸਭਦੇ ਢਿੱਡੀਂ ਪੀੜਾਂ ਪਾ ਦਿੱਤੀਆਂ ਅਤੇ ਬਚਪਨ ਦੇ ਦਿਨਾਂ ਦੀ ਯਾਦ ਤਾਜ਼ਾ ਕਰਵਾ ਦਿੱਤੀ। ਯਾਦ ਰਹੇ ਦਸੰਬਰ ਵਿਚ ਹੋਏ ਮਿਸਿਜ਼ ਪੰਜਾਬ ਮੁਕਾਬਲੇ ਦੌਰਾਨ ਤਰਨਜੀਤ ਕਲੇਰ ਨੇ ਪਹਿਲਾ ਸਥਾਨ ਹਾਸਲ ਕੀਤਾ ਸੀ, ਜਿਸਦੀ ਸਮੂਹ ਪਰਿਵਾਰ ਵੱਲੋਂ ਉਹਨਾਂ ਨੂੰ ਵਧਾਈ ਦਿੱਤੀ ਗਈ। ਇਸ ਤੋਂ ਬਾਅਦ ਬਹੁਤ ਹੀ ਹੋਣਹਾਰ ਗਿੱਧਾ ਕੋਚ ਅਮਨਦੀਪ ਕੌਰ ਨੇ ਆਪਣੀ ਸੁਰੀਲੀ ਆਵਾਜ਼ ਨਾਲ ਸਭਨਾਂ ਦਾ ਮਨ ਮੋਹ ਲਿਆ।

ਯੂਥ ਵਿੰਗ ਦੇ ਬੀਰ ਬਾਸੀ ਅਤੇ ਸੁਖਪ੍ਰੀਤ ਧਾਲੀਵਾਲ ਨੇ ਸਭਨਾਂ ਨੂੰ ਜੀ ਆਇਆਂ ਕਹਿੰਦੇ ਹੋਏ ਨਵੇਂ ਸਾਲ ਦੀ ਵਧਾਈ ਦਿੱਤੀ ਅਤੇ ਆਉਣ ਵਾਲੇ ਯੂਥ ਫੈਸਟੀਵਲ ਬਾਰੇ ਦੱਸਿਆ। ਸਰਵੀਰ ਧਾਲੀਵਾਲ, ਇਕਬਾਲ ਸਿੰਘ ਸਿੱਧੂ, ਜਸਪਾਲ ਸਿੰਘ ਕਾਹਲੋਂ, ਹਰਵੀਰ ਸਿੰਘ ਧਾਲੀਵਾਲ ਅਤੇ ਯੁਵਰਾਜ ਸਿੰਘ ਨੇ ਬੋਲੀਆਂ ਪਾ ਕੇ ਸਭ ਨੂੰ ਝੂੰਮਣ ਲਾ ਦਿੱਤਾ।




# ਪਰਦੇਸ ਟਾਇਮਜ਼

## ਦੀ 8ਵੀਂ ਵਰ੍ਹੇਗੰਢ

## 15 ਫਰਵਰੀ 2014

ਸਿਰਫ ਸੱਦੇ ਪੱਤਰ ਰਾਹੀਂ

ਦਿਨ ਸਨਿਚਰਵਾਰ ਨੂੰ ਸ਼ਾਮੀ 6-30 ਵਜੇ ਤੋਂ ਦੇਰ ਰਾਤ ਤੱਕ ਮਨਾਈ ਜਾ ਰਹੀ ਹੈ

### ਸਪਾਂਸਰਸ਼ਿਪ

ਡਾਕਟਰ ਹਰਮੇਸ਼ ਕੁਮਾਰ (ਪੀ ਐਚ ਡੀ), ਸ ਦੀਦਾਰ ਸਿੰਘ ਬੈਂਸ, ਗੈਰੀ ਬਸਰਾਏ-ਹੈਲਰ ਫਾਰਮੇਸੀ ਫਰੀਮਾਂਟ, ਰਾਜ ਭਨੋਟ, ਪਰੀਤ ਫੈਬਰਿਕਸ- ਉਂਕਾਰ ਸਿੰਘ, ਸਰਬਜੀਤ ਸਿੰਘ ਥਿਆੜਾ, ਦਲਬੀਰ ਗਿੱਲ, ਨਰਿੰਦਰ ਸਿੰਘ ਬਾਦਲ, ਰਣਜੀਤ ਕੰਦੋਲਾ, ਸੁਰਿੰਦਰ ਧਨੋਆ, ਸ੍ਰੀ ਨਵਦੀਪ ਸੂਦ ਵਾਈਸ ਪ੍ਰੈਜ਼ੀਡੈਂਟ ਸਟੇਟ ਬੈਂਕ ਆਫ ਇੰਡੀਆ, ਕੁਲਵੰਤ ਸਿੰਘ ਨਿੱਝਰ- ਸੁਖਬੀਰ ਸਿੰਘ ਨਿੱਝਰ, ਧਰਮਪਾਲ ਝੰਮਟ, ਸ. ਦਲਵਿੰਦਰ ਸਿੰਘ ਧੂਤ (ਨਾਪਾ ਚੇਅਰਮੈਨ), ਡਾ. ਚਰਨਜੀਤ ਸਿੰਘ ਉਪਲ, ਇੰਦਰਜੀਤ ਸਿੰਘ ਥਿੰਦ, ਅਮੋਲਕ ਸਿੰਘ ਗਾਖਲ, ਜਸਵੀਰ ਸਿੰਘ (ਏ. ਏ. ਏ. ਆਟੋ ਬਾਡੀ ਵਰਕਸ), ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ, ਗੁਰਵਿੰਦਰ ਸਿੰਘ ਮਾਵੀ, ਬਘੇਲ ਸਿੰਘ ਜਸਵਾਲ, ਗੁਰਨਾਮ ਸਿੰਘ ਪੰਮਾ, ਨਰਿੰਦਰ ਸਿੰਘ ਦੁਸਾਂਝ, ਬਿੱਲਾ ਸੰਘੇੜਾ, ਕੇਵਲ ਸਚਦੇਵ, ਗੁਰਮੇਜ ਸਿੰਘ ਗਿੱਲ, ਕੁਲਦੀਪ ਸਿੰਘ ਅਟਵਾਲ ਅਤੇ ਬ੍ਰਦਰਜ਼ (ਮੰਡੇਰਾ), ਭੁਪਿੰਦਰ ਸਿੰਘ ਪਰਮਾਰ, ਜਸਵੰਤ ਸਿੰਘ ਹੋਠੀ, ਗੁਰਪਾਲ ਸਿੰਘ ਹੰਸਰਾ, ਸੁਖਜੀਤ ਸੰਧੂ, ਜਸਪਾਲ ਸਿੰਘ ਸੰਧੂ (ਤੇਰੀ ਸਿੱਖੀ), ਜਰਨੈਲ ਸਿੰਘ ਰਾਜਾ, ਸਿਧਾਰਥਾ ਇੰਟਰਨੈਸ਼ਨਲ, ਟਰੈਵਲ ਫਾਰ ਲੈਸ ਦੇ ਮੇਜਰ ਗਿੱਲ, ਐਮ. ਕੇ. ਨਿੱਝਰ ਡੀ. ਡੀ. ਐਸ., ਰਾਜਾ ਸਵੀਟਸ ਯੂਨੀਅਨ ਸਿਟੀ, ਦੁਆਬਾ ਇੰਸ਼ੋਰੈਂਸ ਗੁਰਚਰਨ ਸਿੰਘ ਮਾਨ, ਅਟਾਰਨੀ ਅਸ਼ਵਨੀ ਭਾਖੜੀ, ਅਟਾਰਨੀ ਗੁਰਪਤਵੰਤ ਸਿੰਘ ਪੰਨੂ, ਜੀ. ਐਨ. ਈਵੈਂਟ ਰੈਂਟਲ, ਰਾਮਪਾਲ ਸਿੰਘ (ਸਿੰਘ ਟੈਕਸ), ਕੈਸ਼ ਫੈਬਰਿਕਸ, ਅਵਨਿੰਦਰ ਸਿੰਘ (ਆਲ ਸਟੇਟ),ਅਵਤਾਰ ਸਿੰਘ ਤਾਰੀ, ਮਨਜੀਤ ਸਿੰਘ ਸੰਧੂ/ ਮਹਿੰਗਾ ਸਿੰਘ ਸਰਪੰਚ (ਲਿਕਰ ਸਟੋਰ), ਭੁਪਿੰਦਰ ਸਿੰਘ ਪਦਮ, ਰੇਡੀਓ ਚੜ੍ਹਦੀ ਕਲਾ, ਮੂਨ ਇੰਡੀਅਨ ਕੁਜ਼ੀਨ, ਮੋਗਾ ਟਰੱਕ ਸਰਵਿਸ ਸੈਂਟਰ ਦੇ ਸੁਦਰਸਨ ਸ਼ਰਮਾ, ਜਸਵੀਰ ਸਿੰਘ ਕੁਲਾਰ (ਯੂਬਾ ਸਿਟੀ), ਕਸ਼ਮੀਰ ਸਿੰਘ ਸ਼ਾਹੀ, ਨਵਦੀਪ ਗਿੱਲ/ਸੰਘੇੜਾ, ਰਾਜ ਬਡਵਾਲ, ਜਤਿੰਦਰ ਭੰਗੂ, ਹਰਜਿੰਦਰ ਸੈਣੀ, ਡਾ. ਹਰਬੰਸ ਸਿੰਘ ਸਰਾਉਂ, ਸ਼ਿੰਦਾ ਅਟਵਾਲ, ਮਨਦੀਪ ਥਿਆੜਾ, ਹਰਬਖਸ਼ ਸਿੰਘ ਰੰਧਾਵਾ, ਕਮਲ ਖੰਗੂੜਾ, ਪਾਲੀ ਧਨੌਲਾ, ਬਾਲੀਵੁੱਡ ਫਿਲਮ ਪ੍ਰੋਡਕਸ਼ਨ, ਰਾਣਾ ਕਾਹਲੋਂ, ਹਰਭਜਨ ਸਿੰਘ ਦੁਸਾਂਝ, ਗੁਰਬਚਨ ਸਿੰਘ ਢਿੱਲੋਂ, ਰਣਜੀਤ ਗਿੱਲ ਲਿਕਰ ਸਟੋਰ ਫਰੀਮਾਂਟ, ਗੁਰਨਾਮ ਸਿੰਘ ਸੰਧਰ ਚੇਅਰਮੈਨ ਟੈਕਸਸ, ਅਮ੍ਰਿਤ ਸਰਾਂ, ਸ੍ਰੀ ਸੁੱਚਾ ਰਾਮ, ਗੁਰਬਚਨ ਸਿੰਘ ਬੜੈਚ, ਡਾ. ਅਜੀਤਪਾਲ ਸਿੰਘ ਸੰਧੂ, ਡਾ. ਹਰਕੇਸ਼ ਸਿੰਘ ਸੰਧੂ, ਗੁਰਦਾਵਰ ਸਿੰਘ ਮਾਨ, ਦਵਿੰਦਰ ਸਿੰਘ ਹੋਠੀ, ਡਾ. ਭੁਪਿੰਦਰ ਭੰਡਾਰੀ, ਸੁਖਦੇਵ ਸਿੰਘ ਅਟਵਾਲ।



ਵਿਸ਼ੇਸ਼ ਪ੍ਰੋਗਰਾਮ ਪੇਸ਼ ਕਰਨਗੇ

ਸੁਖਦੇਵ ਸਾਹਿਲ

ਭਾਈਚਾਰੇ ਵਿਚੋਂ ਵੱਖ-ਵੱਖ ਖੇਤਰਾਂ ਵਿਚ ਕੰਮ ਕਰ ਰਹੇ ਪੰਜਾਬੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ।

ਸਪਾਂਸਰਸ਼ਿਪ, ਟੇਬਲ ਬੁੱਕ ਕਰਨ ਤੇ ਹੋਰ ਜਾਣਕਾਰੀ ਲਈ ਕਾਲ ਕਰੋ

ਬਲਬੀਰ ਸਿੰਘ ਐਮ.ਏ. 510-938-7771

ਦਿਲਬਾਗ ਸਿੰਘ ਰੰਧਾਵਾ, ਸਰਪ੍ਰਸਤ 510-648-1611

ਮੰਚ ਸੰਚਾਲਨ: ਜਸਪਾਲ ਸਿੰਘ ਸੈਣੀ, ਜਗਤਾਰ ਸਿੰਘ ਗਿੱਲ

ਜਸਪਾਲ ਸਿੰਘ ਸੈਣੀ (408-393-9505), ਰਣਜੀਤ ਕੰਦੋਲਾ, ਮੈਨੇਜਿੰਗ ਐਡੀਟਰ (530-315-1020), ਬੂਟਾ ਰਾਮ ਜੋਸ਼ੀ (559-803-0055), ਜਗਤਾਰ ਗਿੱਲ (408-857-4455)

ਪ੍ਰੋਗਰਾਮ ਦਾ ਸਥਾਨ: INDIA KITCHEN, 3878 Walnut Ave Fremont, CA 94538 (510-896-3620)

# ਸੰਪਾਦਕੀ

'ਪਰਦੇਸ ਟਾਇਮਜ਼' ਦੇ ਪਾਠਕਾਂ ਨੂੰ ਨਵੇਂ ਸਾਲ 2014 ਦੀਆਂ ਲੱਖ ਲੱਖ ਵਧਾਈਆਂ। ਅਸੀਂ ਦੁਆ ਕਰਦੇ ਹਾਂ ਕਿ ਸਾਡੇ ਪਾਠਕਾਂ ਅਤੇ ਸਾਰੀ ਦੁਨੀਆਂ ਲਈ ਨਵਾਂ ਸਾਲ ਖੁਸ਼ੀਆਂ-ਖੇੜੇ ਲੈ ਕੇ ਆਵੇ। ਸਾਲ 2014 ਵਿਚ ਕਾਫੀ ਕੁਝ ਨਵਾਂ ਹੋਣ ਦੀ ਆਸ ਦੇ ਨਾਲ ਹੀ ਭਾਰਤ ਵਿਚ ਲੋਕ ਸਭਾ ਦੀਆਂ ਚੋਣਾਂ ਹੋਣ ਜਾ ਰਹੀਆਂ ਹਨ। ਇਹਨਾਂ ਚੋਣਾਂ ਦੇ ਲਈ ਸਰਗਰਮੀਆਂ ਆਰੰਭ ਹੋ ਗਈਆਂ ਹਨ। ਇੱਧਰ ਦਿੱਲੀ ਵਿਚ ਜੋ ਤਬਦੀਲੀ ਇਸ ਵਾਰ ਵੇਖਣ ਨੂੰ ਮਿਲੀ ਹੈ, ਉਸ ਨੇ ਭਾਰਤ ਦੀ ਸਿਆਸਤ ਨੂੰ ਹਲੂਣ ਕੇ ਰੱਖ ਦਿੱਤਾ ਹੈ। ਡੇਢ ਸਾਲ ਪਹਿਲਾਂ ਖੜ੍ਹੀ ਹੋਈ ਨਵੀਂ ਆਮ ਆਦਮੀ ਪਾਰਟੀ ਨੇ ਦਿੱਲੀ ਦੀ ਸੱਤਾ ਸੰਭਾਲ ਲਈ ਹੈ। ਇਸ ਪਾਰਟੀ ਦੇ ਲੀਡਰ ਅਰਵਿੰਦ ਕੇਜਰੀਵਾਲ ਇਕ ਪੜ੍ਹੇ-ਲਿਖੇ ਇਨਸਾਨ ਹਨ ਅਤੇ ਸਿਸਟਮ ਦੀਆਂ ਕਮਜ਼ੋਰੀਆਂ ਤੋਂ ਵਾਕਫ ਹਨ। ਇਹ ਪਾਰਟੀ ਦਿੱਲੀ ਵਿਚ ਸੁਧਾਰ ਕਰਨਾ ਚਾਹੁੰਦੀ ਹੈ, ਪਰ ਸਮੱਸਿਆ ਕਾਂਗਰਸ ਦੁਆਰਾ ਦਿੱਤੀ ਗਈ ਹਮਾਇਤ ਦੀ ਹੈ। ਕਾਂਗਰਸ ਦਾ ਆਪਸੀ ਕਾਟੋ-ਕਲੇਸ਼, ਭ੍ਰਿਸ਼ਟਾਚਾਰ ਅਤੇ ਮਹਿੰਗਾਈ ਵਰਗੇ ਮੁੱਦਿਆਂ ਦੇ ਕਾਰਨ ਜੋ ਹਸ਼ਰ ਹੋਇਆ ਹੈ, ਉਸ ਤੋਂ ਇਸ ਪਾਰਟੀ ਨੂੰ ਸਬਕ ਸਿੱਖਣਾ ਚਾਹੀਦਾ ਹੈ ਅਤੇ ਨਵੀਂ ਦਿਸ਼ਾ ਦੇਣ ਲਈ ਤੱਤਪਰ ਪਾਰਟੀ 'ਆਮ ਆਦਮੀ ਪਾਰਟੀ' ਨੂੰ ਕੰਮ ਕਰਨ ਦੇਣਾ ਚਾਹੀਦਾ ਹੈ। ਹਰ ਵਿਅਕਤੀ ਦੇ ਕੁਝ ਨਾ ਕੁਝ ਸਿਆਸੀ ਹਿੱਤ ਤਾਂ ਹੁੰਦੇ ਹੀ ਹਨ, ਜੇਕਰ ਕੇਜਰੀਵਾਲ ਵੀ ਪ੍ਰਧਾਨ ਮੰਤਰੀ ਬਣਨ ਦੀ ਇੱਛਾ ਰੱਖਦੇ ਹਨ ਤਾਂ ਇਸ ਵਿਚ ਬੁਰਾਈ ਨਹੀਂ ਹੈ, ਪਰ ਉਹਨਾਂ ਦਾ ਸਿਸਟਮ ਨੂੰ ਸੁਧਾਰਨ ਦਾ ਏਜੰਡਾ ਜ਼ਰੂਰ ਪ੍ਰਸੰਸਾਯੋਗ ਹੈ ਅਤੇ ਇਸ ਏਜੰਡੇ ਦੀ ਪੂਰਤੀ ਦੇ ਲਈ ਉਹਨਾਂ ਨੂੰ ਹੁਣ ਪੂਰਨ ਤੱਤਪਰਤਾ ਨਾਲ ਕੰਮ ਕਰਨ ਦੀ ਲੋੜ ਹੈ। ਹਾਲਾਂਕਿ ਲੋਕ ਸਭਾ ਚੋਣਾਂ ਦਾ ਐਲਾਨ ਹੋਣ ਦੇ ਨਾਲ ਚੋਣ ਜਾਬਤਾ ਲਾਗੂ ਹੋਣ ਦਾ ਸਮਾਂ ਵੀ ਆ ਗਿਆ ਹੈ, ਪਰ ਜੋ ਕੰਮ ਇਸ ਸਰਕਾਰ ਨੇ ਆਉਂਦਿਆਂ ਕੀਤੇ ਹਨ, ਉਹਨਾਂ ਨੂੰ ਦੇਖਦਿਆਂ ਲੱਗਦਾ ਹੈ ਕਿ ਸਰਕਾਰ ਵਿਚ ਕੁਝ ਨਵਾਂ ਕਰ ਦਿਖਾਉਣ ਦੀ ਇੱਛਾ ਹੈ। ਇਸ ਕਰਕੇ ਕਾਂਗਰਸ ਨੂੰ ਹੁਣ ਰਾਜਨੀਤੀ ਛੱਡ ਕੇ ਸਿਸਟਮ ਨੂੰ ਸੁਧਾਰਨ ਅਤੇ ਇਸ ਦੇ ਲਈ ਕੰਮ ਕਰਨ ਵਾਲੀਆਂ ਧਿਰਾਂ ਨੂੰ ਹਮਾਇਤ ਦੇਣੀ ਚਾਹੀਦੀ ਹੈ।

ਪੰਜਾਬ ਵਿਚ ਡਰੱਗ ਮਾਫੀਏ ਦੀ ਸਿਆਸਤਦਾਨਾਂ ਨਾਲ ਰਲਗੱਡ ਵਿਚਕਾਰ ਹੀ ਪੰਜਾਬ ਸਰਕਾਰ ਪ੍ਰਵਾਸੀ ਭਾਰਤੀ ਸੰਮੇਲਨ ਕਰਵਾ ਰਹੀ ਹੈ। ਬਹੁਤ ਸਾਰੇ ਸਾਡੇ ਪ੍ਰਵਾਸੀ ਵੀਰ ਇਸ ਸੰਮੇਲਨ ਵਿਚ ਸ਼ਾਮਲ ਹੋਣ ਲਈ ਗਏ ਹਨ। ਪ੍ਰਵਾਸੀ ਵੀਰਾਂ ਨੂੰ ਆਨੰਦਪੁਰ ਸਾਹਿਬ, ਜਲੰਧਰ ਅਤੇ ਚੰਡੀਗੜ੍ਹ ਦੇ ਹੋਟਲਾਂ ਦੇ ਚੱਕਰ ਹੀ ਨਹੀਂ ਲਗਾਉਣੇ ਚਾਹੀਦੇ ਬਲਕਿ ਪੰਜਾਬ ਨੂੰ ਘੁੰਮ ਕੇ ਦੇਖਣਾ ਵੀ ਚਾਹੀਦਾ ਹੈ। ਪੰਜਾਬ ਵਿਚ ਅਜਿਹੀਆਂ ਮੁਸ਼ਕਿਲਾਂ ਹਨ, ਜਿਹਨਾਂ ਦੇ ਲਈ ਪ੍ਰਵਾਸੀ ਵੀਰ ਮਦਦ ਕਰ ਸਕਦੇ ਹਨ। ਇਹਨਾਂ ਦੀ ਸ਼ਨਾਖਤ ਕਰਨ ਲਈ ਪਹਿਲਾਂ ਪੰਜਾਬ ਦੇ ਜ਼ਮੀਨੀ ਹਾਲਾਤਾਂ ਨੂੰ ਸਮਝਣਾ ਜ਼ਰੂਰੀ ਹੈ। ਅਸੀਂ ਆਪਣੇ ਕਾਲਮ ਵਿਚ ਪੰਜਾਬ ਦੇ ਜ਼ਮੀਨੀ ਹਾਲਾਤਾਂ ਬਾਰੇ ਲਿਖਦੇ ਰਹਿੰਦੇ ਹਾਂ।

ਪੰਜਾਬ ਵਿਚ ਆਬਾਦੀ ਦਾ ਵਾਧਾ, ਗੰਭੀਰ ਬਿਮਾਰੀਆਂ, ਬੇਰੁਜ਼ਗਾਰੀ, ਰਵਾਇਤੀ ਅਰਥਚਾਰੇ ਦੀ ਵਿਗੜ ਰਹੀ ਹਾਲਤ, ਨਸ਼ਿਆਂ ਦਾ ਪ੍ਰਕੋਪ, ਨੌਜਵਾਨਾਂ ਦੀ ਨਿਰਾਸ਼ਤਾ ਅਤੇ ਵਿਗੜ ਰਹੇ ਪਾਣੀ ਦੇ ਕਾਰਨ ਹੱਸਦੇ ਵੱਸਦੇ ਪੰਜਾਬ ਨੂੰ ਭਵਿੱਖ ਲਈ ਗੰਭੀਰ ਖ਼ਤਰਾ ਪੈਦਾ ਹੋ ਗਿਆ ਹੈ। ਇਹ ਮੁਸ਼ਕਿਲਾਂ ਸਾਡੀਆਂ-ਤੁਹਾਡੀਆਂ ਸਾਂਝੀਆਂ ਹਨ। ਸਰਕਾਰਾਂ ਸਿਰਫ ਵੋਟ ਬੈਂਕ ਅਤੇ ਸਿਆਸਤ ਤੱਕ ਸੀਮਤ ਹੋ ਗਈਆਂ ਹਨ, ਇਸ ਕਰਕੇ ਸਮਾਜ ਦੇ ਮੈਂਬਰ ਹੋਣ ਦੇ ਨਾਤੇ ਸਾਡੀ ਬਹੁਤ ਵੱਡੀ ਜ਼ਿੰਮੇਵਾਰੀ ਬਣਦੀ ਹੈ ਕਿ ਪੰਜਾਬ ਦੇ ਜ਼ਮੀਨੀ ਹਾਲਾਤਾਂ ਨੂੰ ਦੇਖੀਏ।

–ਬਲਬੀਰ ਸਿੰਘ ਐਮ ਏ

Balbir Singh M.A.
Editor in Chief & Publisher
e-mail: bsma54@gmail.com

Tel : 510-938-7771, Fax510-740-3520

36415 RUSCHIN DR. NEWARK, CA 94560

Ranjit Kandola ,Managing Editor
Cell : 530-315-1020, Yuba City

Buta Ram joshi Staff Reporter, Fresno 559-803-0055

Web designed www.pardestimes.com
by Aman Bansil 510-589-2245

The Pardes Times And People Associated With It Are Not Responsible For Any Claims Made By The Advertisers And Don't Endorse Any Product Or Services Advertised In The Pardes Times. Please Consult Your Attorney Before , Buying/Hiring Contracting Through The Ads Published In The News Paper. The Pardes Times Is In Business Of Selling Spaces And Claims Made By Advertisers Are Not Tested/Confirmed By An Independent Source.

# ਇਹੀ ਹਾਲ ਰਿਹਾ ਤਾਂ ਨਹੀਂ ਉਭਰ ਸਕੇਗੀ ਕਾਂਗਰਸ



Sinder Singh Pasiana
(Advocate)
Email - sindersingh2009@gmail.com
(91-86991-19745 M)

ਪੰਜਾਬ ਕਾਂਗਰਸ ਵਿਚ ਇਕ ਵਾਰ ਫਿਰ ਅੰਦਰੂਨੀ ਫੁੱਟ ਪੂਰੇ ਜ਼ੋਰਦਾਰ ਤਰੀਕੇ ਨਾਲ ਉਭਰ ਕੇ ਸਾਹਮਣੇ ਆਈ ਹੈ। ਫੁੱਟ ਦਾ ਇਹ ਆਲਮ ਉਸ ਵਕਤ ਹੈ, ਜਦੋਂ ਕੇਂਦਰ ਵਿਚ ਕਾਂਗਰਸ ਦੀਆਂ ਚੂਲਾਂ ਹਿੱਲ ਗਈਆਂ ਹਨ। ਪੰਜ ਸੂਬਿਆਂ ਵਿਚ ਹਾਲ ਹੀ ਵਿਚ ਹੋ ਹਟੀਆਂ ਚੋਣਾਂ ਵਿਚੋਂ ਚਾਰ ਵਿਚ ਕਾਂਗਰਸ ਦਾ ਸਫਾਇਆ ਹੋ ਗਿਆ ਹੈ। ਦਿੱਲੀ ਵਿਚ ਤਾਂ ਕਾਂਗਰਸ ਦੀ ਇੰਨੀ ਗਿੱਦੜ-ਕੁੱਟ ਹੋਈ ਹੈ, ਕਿ ਇਹ ਪਾਰਟੀ ਲਟਕਵੀ ਵਿਧਾਨ ਸਭਾ ਦੀ ਸੂਰਤ ਵਿਚ ਦੁਬਾਰਾ ਚੋਣ ਮੈਦਾਨ ਵਿਚ ਜਾਣ ਤੋਂ ਵੀ ਡਰ ਰਹੀ ਹੈ। ਪੰਜਾਬ ਵਿਚ ਕਾਂਗਰਸ ਨੂੰ ਮਿਲੀ ਅਚੰਭੇਜਨਕ ਹਾਰ ਤੋਂ ਬਾਅਦ ਕੇਂਦਰੀ ਕਾਂਗਰਸ ਨੇ ਪੰਜਾਬ ਕਾਂਗਰਸ ਦੀ ਕਮਾਨ ਪ੍ਰਤਾਪ ਸਿੰਘ ਬਾਜਵਾ ਦੇ ਹੱਥ ਸੌਂਪ ਦਿੱਤੀ। ਬਾਜਵਾ ਨੇ ਆਉਂਦਿਆਂ ਹੀ ਇਕ ਵਾਰ ਤਾਂ ਕਾਂਗਰਸ ਵਿਚ ਉਭਰ ਲਿਆਂਦਾ, ਪਰ ਫੁੱਟ ਨੂੰ ਠੱਲ੍ਹਣ ਦੇ ਲਈ ਉਹਨਾਂ ਨੇ ਅਜਿਹਾ ਕੋਈ ਯਤਨ ਨਾ ਕੀਤਾ ਕਿ ਸਾਰੀ ਕਾਂਗਰਸ ਇੱਕ ਮੰਚ ਤੇ ਇਕੱਠੀ ਹੋ ਜਾਵੇ। ਇਸੇ ਦਾ ਨਤੀਜਾ ਹੈ ਕਿ ਜਿਉਂ ਹੀ ਪੰਜਾਬ ਕਾਂਗਰਸ ਦੀਆਂ ਅਹੁਦੇਦਾਰੀਆਂ ਵੰਡਣੀਆਂ ਸ਼ੁਰੂ ਕੀਤੀਆਂ, ਬਾਜਵਾ ਵਿਰੁੱਧ ਬਗਾਵਤੀ ਸੁਰਾਂ ਆਰੰਭ ਹੋ ਗਈਆਂ। ਇੰਨਾ ਹੀ ਨਹੀਂ ਜਦੋਂ ਬਾਜਵਾ ਨੇ ਇਹ ਕੰਮ ਕੇਂਦਰੀ ਕਮਾਨ ਦੇ ਹੱਥੋਂ ਕਰਵਾਇਆ ਤਾਂ ਵੀ ਹਾਲਾਤ ਬਦ ਤੋਂ ਬਦਤਰ ਹੋ ਗਏ। ਪੰਜਾਬ ਕਾਂਗਰਸ ਦੀ ਇਸ ਫੁੱਟ ਦਾ ਹੀ ਨਤੀਜਾ ਹੈ ਕਿ ਕਾਂਗਰਸ ਨੂੰ ਪੰਜਾਬ ਵਿਚ ਵਾਰ ਵਾਰ ਨਮੋਸ਼ੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਸਮਾਂ ਬੜਾ ਮੁਸ਼ਕਿਲਾਂ ਭਰਿਆ ਸਮਾਂ ਚੱਲ ਰਿਹਾ ਹੈ। ਇਸ ਵਕਤ ਦਿੱਲੀ ਦੀ ਰਾਜਨੀਤੀ ਵਿਚ ਆਈ ਤਬਦੀਲੀ ਦੇ ਕਾਰਨ ਸਾਰਾ ਮੁਲਕ ਪ੍ਰਭਾਵਿਤ ਹੋ ਰਿਹਾ ਹੈ ਅਤੇ ਸਥਾਪਤ ਸਿਆਸੀ ਪਾਰਟੀਆਂ ਨੂੰ ਕਾਂਬਾ ਚੜ੍ਹਿਆ ਪਿਆ ਹੈ। ਚਾਰ ਵਿਧਾਨ ਸਭਾਵਾਂ ਦੀਆਂ ਚੋਣਾਂ ਹਾਰਨ ਤੋਂ ਬਾਅਦ ਲੱਗਦਾ ਸੀ ਕਿ ਪੰਜਾਬ ਕਾਂਗਰਸ ਦੀ ਕਾਰਜਕਾਰਨੀ ਦੀ ਨਵੀਂ ਸੂਚੀ 'ਚ ਕ੍ਰਾਂਤੀਕਾਰੀ ਬਦਲਾਅ ਦੇਖਣ ਨੂੰ ਮਿਲਣਗੇ ਅਤੇ ਬੇਦਾਗ ਵਰਕਰਾਂ ਨੂੰ ਸੂਚੀ 'ਚ ਜਗ੍ਹਾ ਦਿੱਤੀ ਜਾਵੇਗੀ। ਇਸ ਗੱਲ ਦੀ ਵੀ ਉਮੀਦ ਕੀਤੀ ਜਾ ਰਹੀ ਸੀ ਕਿ ਕੇਜਰੀਵਾਲ ਦੀ 'ਆਪ' ਦੀ ਜਿੱਤ ਤੋਂ ਬਾਅਦ ਕਾਂਗਰਸ ਹਾਈ ਕਮਾਨ ਨੇ ਕੁਝ ਸਬਕ ਲਿਆ ਹੋਵੇਗਾ ਅਤੇ ਗਰੀਬ ਤੇ ਸਾਧਾਰਨ ਵਰਕਰ ਨੂੰ ਵੀ ਸੂਬਾ ਕਾਰਜਕਾਰਨੀ 'ਚ ਜਗ੍ਹਾ ਮਿਲੇਗੀ ਪਰ ਸੂਚੀ 'ਚ ਅਮੀਰਾਂ ਅਤੇ ਕਰੋੜਪਤੀਆਂ ਦੀ ਭੀੜ ਨੂੰ ਦੇਖ ਕੇ ਲੱਗਦਾ ਹੈ ਕਿ ਪਾਰਟੀ ਹਾਈ ਕਮਾਨ ਨੇ ਅਜੇ ਵੀ ਕੋਈ ਸਬਕ ਨਹੀਂ ਲਿਆ। ਬੇਸ਼ੱਕ ਕੇਜਰੀਵਾਲ ਆਪਣੀ ਛੋਟੀ ਜਿਹੀ ਕਾਰ ਵੈਗਨ ਆਰ 'ਚ ਹੀ ਵਿਧਾਨ ਸਭਾ ਪਹੁੰਚ ਗਏ ਹੋਣ ਪਰ ਪੰਜਾਬ ਕਾਂਗਰਸ 'ਚ ਜ਼ਿਆਦਾਤਰ ਉਨ੍ਹਾਂ ਹੀ ਲੋਕਾਂ ਨੂੰ ਅਹੁਦੇਦਾਰ ਬਣਾਇਆ ਗਿਆ ਹੈ ਜੋ ਬੀ. ਐਮ. ਡਬਲਿਊ, ਮਰਸੀਡੀਜ਼ ਜਾਂ ਫਾਰਚਿਊਨਰ 'ਚ ਸਵਾਰੀ ਕਰਨ ਦੀ ਸਮਰੱਥਾ ਰੱਖਦੇ ਹਨ। ਆਮ ਵਰਕਰਾਂ ਦੇ ਮੁਕਾਬਲੇ ਵੱਡੇ ਜ਼ਿਮੀਂਦਾਰਾਂ, ਸ਼ੈਲਰ ਮਾਲਕਾਂ, ਕਾਲੋਨਾਈਜ਼ਰਾਂ, ਹੋਟਲ ਮਾਲਕਾਂ, ਟਰਾਂਸਪੋਰਟਰਾਂ, ਵੱਡੇ ਵਪਾਰੀਆਂ ਅਤੇ ਉਦਯੋਗਪਤੀਆਂ ਨੂੰ ਹੀ ਪਹਿਲ ਦਿੱਤੀ ਗਈ ਹੈ।

ਅੱਜ ਪਾਰਟੀ ਦਾ ਆਮ ਆਦਮੀ ਇਹ ਪੁੱਛਣ ਲਈ ਮਜਬੂਰ ਹੈ ਕਿ ਰਾਹੁਲ ਗਾਂਧੀ ਉਂਝ ਤਾਂ ਕਹਿੰਦੇ ਹਨ ਕਿ ਕਾਂਗਰਸ ਨੂੰ ਆਮ ਆਦਮੀ ਦੀ ਪਾਰਟੀ ਬਣਾਉਣਾ ਹੈ ਪਰ ਕੀ ਕੇਵਲ ਸਿੰਘ ਢਿੱਲੋਂ, ਰਾਣਾ ਗੁਰਮੀਤ ਸਿੰਘ ਸੋਢੀ, ਓਮ ਪ੍ਰਕਾਸ਼ ਸੋਨੀ, ਬ੍ਰਹਮ ਮਹਿੰਦਰਾ, ਜਗਮੋਹਨ ਸਿੰਘ ਕੰਗ, ਰਣਦੀਪ ਸਿੰਘ ਨਾਭਾ, ਸੰਗਤ ਸਿੰਘ ਗਿਲਜ਼ੀਆਂ, ਸੀ. ਡੀ. ਕੰਬੋਜ, ਹਰਮਿੰਦਰ ਸਿੰਘ ਜੱਸੀ, ਪਰਮਿੰਦਰ ਸਿੰਘ ਪਿੰਕੀ, ਡਾ. ਰਾਜ ਕੁਮਾਰ ਚੱਬੇਵਾਲ, ਫਤਿਹਜੰਗ ਸਿੰਘ ਬਾਜਵਾ, ਲਾਲੀ ਮਜੀਠੀਆ, ਰਾਜਨਬੀਰ ਸਿੰਘ, ਸੁਰਿੰਦਰ ਡਾਬਰ, ਰਮੇਸ਼ ਸਿੰਗਲਾ, ਹੰਸਰਾਜ ਜੋਸਨ, ਡਿੰਪਾ, ਕਰਣ ਕੌਰ ਬਰਾੜ, ਤੇਜਿੰਦਰ ਸਿੰਘ ਬਿੱਟੂ, ਵਿਕਰਮ ਸਿੰਘ, ਕੁਸ਼ਲਦੀਪ ਸਿੰਘ ਢਿੱਲੋਂ, ਗੁਰਕੀਰਤ ਸਿੰਘ ਕੋਟਲੀ, ਡੀ. ਆਰ. ਭੱਟੀ (ਰਿਟਾ. ਡੀ. ਜੀ. ਪੀ.), ਰਾਮਪਾਲ ਅਤੇ ਜੀਤ ਮੋਹਿੰਦਰ ਸਿੰਘ ਸਿੱਧੂ ਆਮ ਆਦਮੀ ਹਨ? ਤਰਲੋਚਨ ਸਿੰਘ ਸੂੰਢ, ਚੰਨੀ, ਕਾਂਗੜ, ਧਰਮਸੋਤ, ਸੀਬੀਆ, ਰਜ਼ੀਆ ਸੁਲਤਾਨਾ, ਸਰਦੂਲ ਸਿੰਘ, ਭਾਰਤ ਭੂਸ਼ਣ, ਜੋਗਿੰਦਰ ਸਿੰਘ ਮਾਨ, ਯੋਗਿੰਦਰ ਸਿੰਘ ਢੀਂਗਰਾ, ਕੈਂਥ, ਰਾਜਾ ਵੜਿੰਗ ਆਦਿ ਆਮ ਆਦਮੀ ਨਹੀਂ ਹਨ। ਕੋਈ ਧਨਵਾਨ ਹੈ, ਕੋਈ ਐਮ. ਪੀ. ਤਾਂ ਕੋਈ ਐਮ. ਐਲ.ਏ. ਰਹਿ ਚੁੱਕਾ ਹੈ। ਕੇਜਰੀਵਾਲ ਵਲੋਂ ਆਮ ਆਦਮੀ ਦੀ ਜਿਹੜੀ ਗੱਲ ਸ਼ੁਰੂ ਕੀਤੀ ਗਈ ਹੈ, ਉਸਦਾ ਅਸਰ ਕਾਂਗਰਸ ਨੂੰ ਛੱਡ ਕੇ ਬਾਕੀ ਸਾਰੀਆਂ ਪਾਰਟੀਆਂ 'ਤੇ ਦਿਖਾਈ ਦੇ ਰਿਹਾ ਹੈ ਪਰ ਕਾਂਗਰਸ ਅਜੇ ਵੀ ਪਤਾ ਨਹੀਂ ਕਿਉਂ ਅੱਖਾਂ ਬੰਦ ਰੱਖਣੀਆਂ ਚਾਹੁੰਦੀ ਹੈ। ਪੰਜਾਬ ਦੇ ਉਪ ਮੁੱਖ ਮੰਤਰੀ ਸਾਦਗੀ ਦਿਖਾਉਂਦੇ ਹੋਏ ਅੰਮ੍ਰਿਤਸਰ ਦੀਆਂ ਗਲੀਆਂ 'ਚ ਚਾਟਾਂ ਖਾਂਦੇ ਹੋਏ ਦਿਖਾਈ ਦਿੰਦੇ ਹਨ ਅਤੇ ਆਪਣੇ ਜਲੰਧਰ ਦੇ ਦੌਰੇ 'ਚ ਉਨ੍ਹਾਂ ਵਲੋਂ ਆਪਣੇ ਸੁਰੱਖਿਆ ਘੇਰੇ ਨੂੰ ਅੱਧਾ ਕੀਤੇ ਜਾਣ ਦੀ ਵੀ ਸੂਚਨਾ ਹੈ। ਰਾਜਸਥਾਨ ਦੀ ਮੁੱਖ ਮੰਤਰੀ ਵਸੁੰਧਰਾ ਰਾਜੇ ਸਿੰਧੀਆ ਨੇ ਵੀ ਆਪਣੀ ਸੁਰੱਖਿਆ 'ਚ ਜ਼ਿਕਰਯੋਗ ਕਟੌਤੀ ਕੀਤੀ ਹੈ।

**ਪੰਜਾਬ ਵਿਚ ਤਬਦੀਲੀ ਲਿਆ ਸਕੇਗੀ ਆਮ ਆਦਮੀ ਪਾਰਟੀ?**

ਦਿੱਲੀ ਦੀ ਸੱਤਾ ਤੇ ਆਮ ਆਦਮੀ ਦੇ ਕਬਜ਼ੇ ਤੋਂ ਬਾਅਦ ਪੰਜਾਬ ਵਿਚ ਇਹ ਚਰਚਾ ਪੂਰੇ ਜ਼ੋਰ ਨਾਲ ਚੱਲ ਪਈ ਹੈ ਕਿ ਦਿੱਲੀ ਦੀ ਤਰਜ਼ ਤੇ ਆਮ ਆਦਮੀ ਪਾਰਟੀ ਪੰਜਾਬ ਵਿਚ ਵੀ ਤਬਦੀਲੀ ਲਿਆ ਸਕਦੀ ਹੈ। ਇਸ ਚਰਚਾ ਦੇ ਨਾਲ ਹੀ ਸੱਤਾਧਾਰੀ ਅਕਾਲੀ ਦਲ ਅਤੇ ਭਾਜਪਾ ਨੂੰ ਤਾਂ ਤ੍ਰੇਲੀਆਂ ਆਉਣੀਆਂ ਹੀ ਸਨ, ਫੁੱਟ ਦਾ ਸ਼ਿਕਾਰ ਕਾਂਗਰਸ ਨੂੰ ਤਾਂ ਹੋਰ ਵੀ ਵੱਡੀ ਸਮੱਸਿਆ ਪੈਦਾ ਹੋ ਗਈ ਹੈ। ਪੰਜਾਬ ਦੀ ਸੱਤਾਧਾਰੀ ਅਕਾਲੀ ਦਲ ਦੇ ਅੰਦਰ ਇਹ ਚਰਚਾ ਬਹੁਤ ਜ਼ੋਰ ਸ਼ੋਰ ਨਾਲ ਆਰੰਭ ਹੋ ਗਈ ਹੈ ਕਿ ਆਮ ਆਦਮੀ ਪਾਰਟੀ ਜੇਕਰ ਪੰਜਾਬ ਵੱਲ ਰੁਖ ਕਰਦੀ ਹੈ ਤਾਂ ਇਕ ਵੱਡਾ ਵਰਗ ਉਸ ਪਾਰਟੀ ਦੇ ਪਿੱਛੇ ਲੱਗਣ ਲਈ ਤਿਆਰ ਬੈਠਾ ਹੈ ਅਤੇ ਇਹ ਪਾਰਟੀ ਕਾਂਗਰਸ ਅਤੇ ਅਕਾਲੀ ਦਲ ਦੀ ਵਾਰੀ-ਵਾਰੀ

(ਬਾਕੀ ਸਫਾ 7 ਤੇ)

# ਮਨਮੋਹਨ ਸਿੰਘ ਦੀ ਅਗਲੀ ਪਾਰੀ ਤੋਂ ਇਨਕਾਰ

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਆਪਣੇ ਕਾਰਜਕਾਲ ਦੇ ਲਗਪਗ ਸਾਢੇ ਨੌਂ ਵਰ੍ਹਿਆਂ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਮੀਡੀਆ ਸਾਹਮਣੇ ਪੇਸ਼ ਕਰਦਿਆਂ ਜਿੱਥੇ ਅਗਲੀ ਪਾਰੀ ਖੇਡਣ ਤੋਂ ਸਪਸ਼ਟ ਇਨਕਾਰ ਕਰ ਦਿੱਤਾ ਹੈ, ਉੱਥੇ ਕਾਂਗਰਸ ਵਜੋਂ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਪਦ ਦਾ ਉਮੀਦਵਾਰ ਬਣਾਏ ਜਾਣ ਦੇ ਸੰਕੇਤ ਵੀ ਦਿੱਤੇ ਹਨ। ਭਾਜਪਾ ਦੇ ਪ੍ਰਧਾਨ ਮੰਤਰੀ ਪਦ ਦੇ ਉਮੀਦਵਾਰ ਨਰਿੰਦਰ ਮੋਦੀ ਬਾਰੇ ਡਾ. ਮਨਮੋਹਨ ਸਿੰਘ ਨੇ ਪਹਿਲੀ ਵਾਰ ਤੇਜ਼-ਤਰਾਰ ਸ਼ਬਦਾਂ ਵਿੱਚ ਕਿਹਾ ਕਿ ਅਹਿਮਦਾਬਾਦ ਦੀਆਂ ਸੜਕਾਂ ਉੱਤੇ ਕਤਲੇਆਮ ਕਰਵਾਉਣ ਵਾਲੇ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਬਣਾਉਣਾ ਵਿਨਾਸ਼ਕਾਰੀ ਹੋਵੇਗਾ। ਨਰਿੰਦਰ ਮੋਦੀ ਉੱਤੇ ਹੋਰ ਵਾਰ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਉਸ ਦਾ ਕਾਂਗਰਸ-ਮੁਕਤ ਭਾਰਤ ਦਾ ਸੁਪਨਾ ਕਦੇ ਵੀ ਪੂਰਾ ਨਹੀਂ ਹੋਵੇਗਾ।



ਪ੍ਰਧਾਨ ਮੰਤਰੀ ਨੇ ਇਨ੍ਹਾਂ ਅਫ਼ਵਾਹਾਂ ਦਾ ਵੀ ਜ਼ੋਰਦਾਰ ਖੰਡਨ ਕੀਤਾ ਕਿ ਕਾਂਗਰਸ ਪ੍ਰਧਾਨ ਅਤੇ ਉਨ੍ਹਾਂ ਵਿਚਕਾਰ ਤਾਲਮੇਲ ਠੀਕ ਨਹੀਂ ਰਿਹਾ ਅਤੇ ਉਨ੍ਹਾਂ ਉੱਤੇ ਅਸਤੀਫ਼ਾ ਦੇਣ ਲਈ ਕਦੇ ਦਬਾਅ ਵੀ ਪਾਇਆ ਗਿਆ ਸੀ। ਕਾਂਗਰਸ ਦੇ ਉਪ-ਪ੍ਰਧਾਨ ਰਾਹੁਲ ਗਾਂਧੀ ਬਾਰੇ ਸਕਾਰਾਤਮਕ ਰਵੱਈਏ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਜਿੱਥੇ ਉਸਦੀਆਂ ਭਾਵਨਾਵਾਂ ਦਾ ਸਤਿਕਾਰ ਕਰਨ ਦੀ ਗੱਲ ਆਖੀ, ਉੱਥੇ ਇਹ ਵੀ ਕਿਹਾ ਕਿ ਉਸ ਵਿੱਚ ਪ੍ਰਧਾਨ ਮੰਤਰੀ ਪਦ ਦਾ ਉਮੀਦਵਾਰ ਬਣਨ ਦੀ ਪੂਰੀ ਸਮਰੱਥਾ ਹੈ। ਪੰਜ ਰਾਜਾਂ ਦੀਆਂ ਵਿਧਾਨ ਸਭਾ ਹੋਣਾਂ ਵਿੱਚ ਕਾਂਗਰਸ ਦੀ ਹਾਰ ਲਈ ਪਾਰਟੀ ਵੱਲੋਂ ਚੰਗਾ ਪ੍ਰਦਰਸ਼ਨ ਨਾ ਕਰ ਸਕਣ ਦੀ ਗੱਲ ਵੀ ਉਨ੍ਹਾਂ ਕਬੂਲੀ ਪਰ ਨਾਲ ਹੀ ਇਹ ਵੀ ਕਿਹਾ ਕਿ ਅਗਲੀ ਸਰਕਾਰ ਯੂ.ਪੀ.ਏ. ਦੀ ਹੀ ਹੋਵੇਗੀ।

ਪ੍ਰੈਸ ਕਾਨਫਰੰਸ ਦੌਰਾਨ ਪ੍ਰਧਾਨ ਮੰਤਰੀ ਨੇ ਮਹਿੰਗਾਈ ਸਬੰਧੀ ਸਰਕਾਰ ਦੀ ਅਸਫ਼ਲਤਾ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰਦਿਆਂ ਕਿਹਾ ਕਿ ਮਹਿੰਗਾਈ ਨਾ ਟਾਲੇ ਜਾ ਸਕਣ ਵਾਲੇ ਵਿਸ਼ਵਵਿਆਪੀ ਕਾਰਨਾਂ ਕਰਕੇ ਵਧੀ ਹੈ। ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਉਨ੍ਹਾਂ ਕੁਝ ਬੇਨਿਯਮੀਆਂ ਹੋਣ ਨੂੰ ਤਾਂ ਮੰਨਿਆ ਪਰ ਨਾਲ ਹੀ 'ਕੈਗ' ਅਤੇ ਮੀਡੀਆ ਉੱਤੇ ਇਸ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਨ ਦਾ ਇਲਜ਼ਾਮ ਵੀ ਲਗਾਇਆ। ਯੂ.ਪੀ.ਏ. ਸਰਕਾਰ ਦੀ ਕਾਰਗੁਜ਼ਾਰੀ 'ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਐਨ.ਡੀ.ਏ. ਨਾਲੋਂ ਕਿਤੇ ਬਿਹਤਰ ਰਹੀ ਹੈ। ਅਮਰੀਕਾ ਨਾਲ ਪਰਮਾਣੂ ਸਮਝੌਤੇ ਨੂੰ ਉਨ੍ਹਾਂ ਆਪਣੇ ਕਾਰਜਕਾਲ ਦਾ ਸਭ ਤੋਂ ਅਹਿਮ ਕਾਰਜ ਮੰਨਿਆ ਹੈ। ਪ੍ਰੈਸ ਕਾਨਫਰੰਸ ਵਿੱਚ ਪ੍ਰਧਾਨ ਮੰਤਰੀ ਨੇ ਭਾਵੇਂ ਯੂ.ਪੀ.ਏ. ਸਰਕਾਰ ਨਾਲ ਜੁੜੇ ਵਿਵਾਦਗ੍ਰਸਤ ਮੁੱਦਿਆਂ 'ਤੇ ਆਪਣਾ ਪੱਖ ਬਾਖ਼ੂਬੀ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਉਹ ਮਹਿੰਗਾਈ ਅਤੇ ਭ੍ਰਿਸ਼ਟਾਚਾਰ ਜਿਹੇ ਮੁੱਦਿਆਂ ਤੋਂ ਆਪਣੀ ਅਤੇ ਸਰਕਾਰ ਦੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੇ। ਭਾਜਪਾ ਅਤੇ ਮੋਦੀ ਬਾਰੇ ਪ੍ਰਧਾਨ ਮੰਤਰੀ ਨੂੰ ਆਪਣੇ ਵਿਚਾਰ ਕਹਿਣ ਦਾ ਹੱਕ ਹੈ ਪਰ ਯੂ.ਪੀ.ਏ. ਸਰਕਾਰ ਦੀਆਂ ਨੀਤੀਆਂ ਕਾਰਨ ਵਧ ਰਹੀ ਮਹਿੰਗਾਈ ਅਤੇ ਭ੍ਰਿਸ਼ਟਾਚਾਰ ਦੇ ਨਾਲ-ਨਾਲ ਲਗਾਤਾਰ ਹੇਠਾਂ ਆ ਰਹੀ ਵਿਕਾਸ ਦਰ ਲਈ ਵੀ ਉਹ ਪੂਰੀ ਤਰ੍ਹਾਂ ਜੁਆਬਦੇਹ ਹਨ। ਗੱਠਜੋੜ ਸਰਕਾਰ ਦੀਆਂ ਮਜਬੂਰੀਆਂ ਤੋਂ ਭਾਵੇਂ ਮੁਨਕਰ ਨਹੀਂ ਹੋਇਆ ਜਾ ਸਕਦਾ ਪਰ ਸਰਕਾਰ ਦੀ ਕਾਰਗੁਜ਼ਾਰੀ ਸਬੰਧੀ ਪ੍ਰਧਾਨ ਮੰਤਰੀ ਆਪਣੀ ਜ਼ਿੰਮੇਵਾਰੀ ਤੋਂ ਇਨਕਾਰੀ ਨਹੀਂ ਹੋ ਸਕਦੇ।

ਇਸ ਗੱਲ ਵਿੱਚ ਕੋਈ ਦੋ ਰਾਇ ਨਹੀਂ ਕਿ ਆਪਣੇ ਕਾਰਜਕਾਲ ਦੌਰਾਨ ਪ੍ਰਧਾਨ ਮੰਤਰੀ ਨਿੱਜੀ ਰੂਪ ਵਿੱਚ ਇਮਾਨਦਾਰ ਰਹੇ ਹਨ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਇੱਕ ਬੇਦਾਗ਼ ਸਿਆਸਤਦਾਨ ਵਾਲੀ ਰਹੀ ਹੈ। ਉਨ੍ਹਾਂ ਦਾ ਇਹ ਦਾਅਵਾ ਬਿਲਕੁਲ ਠੀਕ ਜਾਪਦਾ ਹੈ ਕਿ ਉਨ੍ਹਾਂ ਨੇ ਕਦੇ ਵੀ ਆਪਣੇ ਦਫ਼ਤਰ ਦਾ ਇਸਤੇਮਾਲ ਆਪਣੇ ਕਿਸੇ ਰਿਸ਼ਤੇਦਾਰ ਜਾਂ ਦੋਸਤ ਨੂੰ ਫ਼ਾਇਦਾ ਪਹੁੰਚਾਉਣ ਲਈ ਨਹੀਂ ਕੀਤਾ। ਲੱਖਾਂ ਯਤਨਾਂ ਦੇ ਬਾਵਜੂਦ ਵਿਰੋਧੀ ਧਿਰਾਂ ਉਨ੍ਹਾਂ ਉੱਤੇ ਹੁਣ ਤਕ ਕੋਈ ਸਿੱਧਾ-ਸਪਸ਼ਟ ਦੋਸ਼ ਲਾਉਣ ਵਿੱਚ ਅਸਫ਼ਲ ਰਹੀਆਂ ਹਨ। ਕੌਮਾਂਤਰੀ ਮਾਮਲਿਆਂ ਵਿੱਚ ਉਨ੍ਹਾਂ ਦੀ ਦੂਰਦ੍ਰਿਸ਼ਟੀ ਅਤੇ ਯੋਗਤਾ ਜੱਗ-ਜ਼ਾਹਰ ਹੈ। ਪਾਕਿਸਤਾਨ, ਸ੍ਰੀਲੰਕਾ ਅਤੇ ਅਮਰੀਕਾ ਨਾਲ ਸਬੰਧਾਂ ਦੇ ਮੁੱਦੇ 'ਤੇ ਭਾਵੇਂ ਭਾਜਪਾ ਉਨ੍ਹਾਂ ਦੀ ਆਲੋਚਨਾ ਕਰਦੀ ਰਹੀ ਹੈ ਪਰ ਇਹ ਸੱਚ ਹੈ ਕਿ ਉਨ੍ਹਾਂ ਆਪਣੀ ਕੂਟਨੀਤਕ ਸਮਝ ਨਾਲ ਨਾ ਕੇਵਲ ਜੰਗ ਦੇ ਬੱਦਲਾਂ ਨੂੰ ਹੀ ਟਾਲਿਆ ਬਲਕਿ ਕੌਮਾਂਤਰੀ ਸਬੰਧਾਂ ਨੂੰ ਹੋਰ ਮਜ਼ਬੂਤ ਵੀ ਬਣਾਇਆ। ਇਹ ਠੀਕ ਹੈ ਕਿ ਡਾ. ਮਨਮੋਹਨ ਸਿੰਘ ਨੇ ਮੁਲਕ ਦੀ ਅਰਥ-ਵਿਵਸਥਾ ਨੂੰ ਮਜ਼ਬੂਤ ਬਣਾਉਣ ਲਈ ਜੋ ਮਹੱਤਵਪੂਰਨ ਰੋਲ ਬਤੌਰ ਵਿੱਤ ਮੰਤਰੀ ਕੀਤਾ ਸੀ, ਉਸ ਦੇ ਮੁਕਾਬਲੇ ਪ੍ਰਧਾਨ ਮੰਤਰੀ ਦੇ ਕਾਰਜਕਾਲ ਵਿੱਚ ਸਫ਼ਲ ਨਹੀਂ ਹੋ ਸਕੇ। ਮਨਰੇਗਾ, ਸਿੱਖਿਆ ਦਾ ਅਧਿਕਾਰ, ਸੂਚਨਾ ਦਾ ਅਧਿਕਾਰ, ਨਵਾਂ ਭੂਮੀ ਗ੍ਰਹਿਣ ਕਾਨੂੰਨ, ਜਨ ਲੋਕਪਾਲ ਅਤੇ ਮਿਡ-ਡੇਅ ਮੀਲ ਸਮੇਤ ਕਈ ਮਹੱਤਵਪੂਰਨ ਲੋਕਪੱਖੀ ਯੋਜਨਾਵਾਂ ਭਾਵੇਂ ਡਾ. ਮਨਮੋਹਨ ਸਿੰਘ ਦੇ ਕਾਰਜਕਾਲ ਦੀ ਹੀ ਦੇਣ ਹਨ ਪਰ ਮਹਿੰਗਾਈ ਅਤੇ ਭ੍ਰਿਸ਼ਟਾਚਾਰ ਨੇ ਇਨ੍ਹਾਂ ਨੂੰ ਵੀ ਹਾਸ਼ੀਏ 'ਤੇ ਕਰ ਦਿੱਤਾ ਹੈ।

ਘੱਟ ਗਿਣਤੀਆਂ, ਔਰਤਾਂ ਅਤੇ ਪਛੜੇ ਵਰਗਾਂ ਲਈ ਵੀ ਯੂ.ਪੀ.ਏ. ਨੇ ਕਾਫ਼ੀ ਕੁਝ ਕੀਤਾ ਹੈ ਪਰ ਆਲੋਚਨਾ ਦੇ ਭਾਰੂ ਰਹਿਣ ਕਾਰਨ ਆਮ ਲੋਕ ਇਨ੍ਹਾਂ ਤੋਂ ਪ੍ਰਭਾਵਿਤ ਨਹੀਂ ਹੋ ਸਕੇ। ਸਰਕਾਰ ਵੱਲੋਂ ਆਰਥਿਕ ਸੁਧਾਰਾਂ ਲਈ ਕੀਤੇ ਗਏ ਯਤਨ ਵੀ ਵਿਰੋਧੀ ਧਿਰ ਦੇ ਨਕਾਰਾਤਮਕ ਰਵੱਈਏ ਕਾਰਨ ਲੋੜੀਂਦੀ ਕਾਰਗੁਜ਼ਾਰੀ ਨਹੀਂ ਵਿਖਾ ਸਕੇ। ਪ੍ਰਧਾਨ ਮੰਤਰੀ ਵੱਲੋਂ ਪ੍ਰੈਸ ਕਾਨਫਰੰਸ ਵਿੱਚ ਕੀਤਾ ਗਿਆ ਇਹ ਦਾਅਵਾ ਝੁਠਲਾਇਆ ਨਹੀਂ ਜਾ ਸਕਦਾ ਕਿ ਹਾਲਤਾਂ ਅਤੇ ਗੱਠਜੋੜ ਦੀਆਂ ਮਜਬੂਰੀਆਂ ਦੇ ਬਾਵਜੂਦ ਉਨ੍ਹਾਂ ਬਿਹਤਰ ਕਾਰਗੁਜ਼ਾਰੀ ਵਿਖਾਈ ਹੈ। ਪ੍ਰਧਾਨ ਮੰਤਰੀ ਦੀ ਪ੍ਰੈਸ ਕਾਨਫਰੰਸ ਕਾਂਗਰਸ ਪਾਰਟੀ ਦੀ ਛਬੀ ਸੁਧਾਰਨ ਵਿੱਚ ਕਿੰਨੀ ਕੁ ਸਫ਼ਲ ਰਹੇਗੀ, ਇਹ ਤਾਂ ਸਮਾਂ ਹੀ ਦੱਸੇਗਾ ਪਰ ਉਨ੍ਹਾਂ ਆਪਣੇ ਵੱਲੋਂ ਸਰਕਾਰ ਦੀ ਕਾਰਗੁਜ਼ਾਰੀ ਨੂੰ ਦਰੁਸਤ ਠਹਿਰਾਉਣ ਦੀ ਪੂਰੀ ਕੋਸ਼ਿਸ਼ ਕੀਤੀ ਹੈ।



ਸ ਹਰਕੇਸ਼ ਸਿੰਘ ਕਹਿਲ
559-323-1640

## ਅਲੋਪ ਹੋ ਰਹੀਆਂ ਖੁਰਾਕਾਂ

# ਜਿਉਂਦੇ ਰਹਿਣ ਘਰਾਟਾਂ ਵਾਲੇ

ਪਾਣੀ ਨਾਲ ਚੱਲਣ ਵਾਲੀ ਆਟਾ ਪੀਹਣ ਵਾਲੀ ਚੱਕੀ ਨੂੰ ਘਰਾਟ ਕਹਿੰਦੇ ਹਨ। ਘਰਾਟ ਨੂੰ ਪਣਚੱਕੀ ਵੀ ਕਹਿੰਦੇ ਹਨ। ਪਣ ਦਾ ਅਰਥ ਪਾਣੀ ਹੈ। ਪਾਣੀ ਨਾਲ ਚੱਲਣ ਕਰਕੇ ਹੀ ਇਸ ਦਾ ਨਾਂ ਪਣਚੱਕੀ ਪਿਆ ਹੈ। ਘਰਾਟ ਨਹਿਰ ਦੇ ਕੰਢੇ ਉਤੇ ਲੱਗਦੇ ਹਨ 'ਜਦ ਪੰਜਾਬ ਵਿਚ ਅੰਗਰੇਜ਼ ਆਏ, ਉਹਨਾਂ ਨੇ ਨਹਿਰਾਂ ਕੱਢੀਆਂ। ਉਹਨਾਂ ਨੇ ਹੀ ਨਹਿਰਾਂ ਤੇ ਘਰਾਟ ਲਾਏ। ਘਰਾਟਾਂ ਤੋਂ ਪਹਿਲਾਂ ਹੱਥ ਚੱਕੀਆਂ ਤੇ ਆਟਾ ਪੀਹਿਆ ਜਾਂਦਾ ਸੀ। ਜ਼ਿਆਦਾ ਔਰਤਾਂ ਹੀ ਆਟਾ ਪੀਂਹਦੀਆਂ ਸਨ। ਆਮ ਤੌਰ ਤੇ ਪਹਿਰ ਦੇ ਤੜਕੇ ਉੱਠ ਕੇ ਪੀਂਹਦੀਆਂ ਸਨ। ਘਰਾਟਾਂ ਦੇ ਲੱਗਣ ਪਿੱਛੋਂ ਹੀ ਖਰਾਸ ਲਾਉਣ ਦੀ ਕਾਢ ਨਿਕਲੀ। ਖਰਾਸਾਂ ਨੂੰ ਬਲਦਾਂ ਦੀ ਜੋੜੀ ਜਾਂ ਊਠ ਚਲਾਉਂਦੇ ਸਨ। ਖਰਾਸਾਂ ਤੋਂ ਪਿੱਛੋਂ ਇੰਜਣ ਨਾਲ ਚੱਲਣ ਵਾਲੀਆਂ ਆਟਾ ਪੀਹਣ ਵਾਲੀਆਂ ਮਸ਼ੀਨਾਂ ਲੱਗੀਆਂ। ਹੁਣ ਤਾਂ ਬਿਜਲੀ ਨਾਲ ਚੱਲਣ ਵਾਲੀਆਂ ਮਸ਼ੀਨਾਂ ਤੇ ਆਟਾ ਪੀਹਿਆ ਜਾਂਦਾ ਹੈ।

ਹੁਣ ਮੈਂ ਤੁਹਾਨੂੰ ਘਰਾਟਾਂ ਦੀ ਬਣਤਰ ਬਾਰੇ ਦੱਸਣ ਲੱਗਿਆ ਹਾਂ। ਘਰਾਟ ਨਹਿਰ ਦੇ ਝਾਲ ਵਾਲੇ ਪੁਲ ਤੋਂ ਕੋਈ ਤਿੰਨ ਕੁ ਸੌ ਮੀਟਰ ਲੰਘ ਕੇ ਨਹਿਰ ਦੇ ਕੰਢੇ ਤੇ ਲੱਗਦੇ ਸਨ। ਝਾਲ ਵਾਲਾ ਪੁਲ੍ਹ ਉਹ ਪੁਲ ਹੁੰਦਾ ਹੈ ਜਿਸ ਪੁਲ ਦਾ ਪਾਣੀ ਪੰਜ-ਛੇ ਕੁ ਫੁੱਟ ਦੀ ਉਚੀ ਪੱਧਰ ਤੋਂ ਕਈ ਧਾਰਾਂ ਵਿਚ ਹੋ ਕੇ ਹੇਠਾਂ ਜਾ ਕੇ ਨਹਿਰ ਵਿਚ ਡਿੱਗਦਾ ਹੈ। ਪਾਣੀ ਕਈ ਧਾਰਾਂ ਵਿਚ ਡਿੱਗਣ ਕਰਕੇ ਝਾਲ ਵਾਲੇ ਪੁਲ੍ਹ ਨੂੰ ਧਾਰਾਂ ਵਾਲਾ ਪੁਲ੍ਹ ਵੀ ਕਹਿੰਦੇ ਹਨ। ਘਰਾਟ ਲਾਉਦ ਲਈ ਝਾਲ ਵਾਲੇ ਪੁਲ੍ਹ ਤੋਂ ਕੋਈ ਤਿੰਨ ਸੌ ਮੀਟਰ ਪਹਿਲਾਂ ਨਹਿਰ ਵਿਚੋਂ ਪਾਣੀ ਦਾਇਕ ਨਾਲਾ ਕੱਢਿਆ ਜਾਂਦਾ ਹੈ। ਨਹਿਰ ਵਿਚੋਂ ਇਸ ਨਾਲੇ ਵਿਚ ਪਾਣੀ ਛੱਡਣ ਲਈ ਤੇ ਪਾਣੀ ਬੰਦ ਕਰਨ ਲਈ ਲੱਕੜ ਦੇ ਫੱਟੇ ਲੱਗੇ ਹੁੰਦੇ ਹਨ। ਇਸ ਨਾਲੇ ਦੇ ਪਾਣੀ ਨਾਲ ਹੀ ਘਰਾਟ ਚੱਲਦੇ ਹਨ। ਘਰਾਟ ਚਲਾਉਣ ਤੋਂ ਪਿੱਛੋਂ ਨਾਲੇ ਦਾ ਇਹ ਪਾਣੀ ਫਿਰ ਨਹਿਰ ਵਿਚ ਜਾ ਡਿੱਗਦਾ ਹੈ। ਇਸ ਤਰ੍ਹਾਂ ਜਦ ਘਰਾਟ ਚਲਾਉਣੇ ਹੁੰਦੇ ਸਨ ਤਾਂ ਨਾਲੇ ਵਿਚ ਪਾਣੀ ਛੱਡ ਦਿੰਦੇ ਸਨ। ਜਦ ਨਹੀਂ ਚਲਾਉਣੇ ਹੁੰਦੇ ਸਨ ਤਾਂ ਪਾਣੀ ਨਹੀਂ ਛੱਡਦੇ ਸਨ।

ਘਰਾਟ ਲਾਉਣ ਵਾਲੀ ਬਿਲਡਿੰਗ ਦੀ ਜਿਹੜੀ ਕੰਧ ਨਾਲੇ ਵਿਚ ਉਸਾਰੀ ਜਾਂਦੀ ਹੈ, ਉਸ ਕੰਧ ਤੱਕ ਤਾਂ ਨਾਲੇ ਦਾ ਪਾਣੀ ਇਕੱਠਾ ਆਉਂਦਾ ਹੈ। ਉਸ ਕੰਧ ਦੇ ਅੰਦਰ ਵੱਲ ਵੱਖਰੀਆਂ-ਵੱਖਰੀਆਂ ਉਨੀਆਂ ਕੰਧਾਂ ਕੱਢੀਆਂ ਜਾਂਦੀਆਂ ਹਨ, ਜਿੰਨੇ ਘਰਾਟ ਲਾਉਣੇ ਹੁੰਦੇ ਹਨ। ਜੇਕਰ ਚਾਰ ਘਰਾਟ ਲਾਉਣੇ ਹੁੰਦੇ ਹਨ ਤਾਂ ਨਾਲੇ ਦੇ ਪਾਣੀ ਨੂੰ ਚਾਰ ਹਿੱਸਿਆਂ ਵਿਚ ਵੰਡਣ ਲਈ ਕੰਧਾਂ ਕੱਢੀਆਂ ਜਾਂਦੀਆਂ ਹਨ। ਜੇ ਵੱਧ ਲਾਉਣੇ ਹੁੰਦੇ ਹਨ ਤਾਂ ਵੱਧ।

ਬਿਲਡਿੰਗ ਦੀ ਪਿਛਲੀ ਕੰਧ ਨਾਲ ਹੀ ਚਾਰੇ ਚੱਕੀਆਂ ਵਿਚ ਪਾਣੀ ਛੱਡਣ ਲਈ ਅਤੇ ਪਾਣੀ ਬੰਦ ਕਰਨ ਲਈ ਫੱਟੇ ਲਾਏ ਜਾਂਦੇ ਹਨ। ਜਿੰਨੇ ਘਰਾਟ/ਚੱਕੀਆਂ ਚਲਾਉਣੀਆਂ ਹੁੰਦੀਆਂ ਸਨ, ਉਨੇ ਘਰਾਟਾਂ/ਚੱਕੀਆਂ ਦੇ ਫੱਟੇ ਚੱਕ ਦਿੰਦੇ ਹਨ। ਬਾਕੀ ਦੇ ਬੰਦ ਰਹਿੰਦੇ ਸਨ। ਇਹਨਾਂ ਕੰਧਾਂ ਦੇ ਵਿਚਾਲੇ ਜਿੱਥੋਂ ਦੀ ਪਾਣੀ ਲੰਘਦਾ ਹੈ, ਉਸ ਉਪਰ ਲੱਕੜ ਦੇ ਮਜ਼ਬੂਤ ਫੱਟੇ ਲਾਏ ਜਾਂਦੇ ਹਨ। ਇਹਨਾਂ ਫੱਟਿਆਂ ਉਪਰ ਹੀ ਘਰਾਟ ਦਾ ਹੇਠਲਾ ਪੱਥਰ/ਪੁੜ ਪੱਕੇ ਤੌਰ 'ਤੇ ਫਿੱਟ ਕੀਤਾ ਜਾਂਦਾ ਹੈ। ਇਸ ਪੁੜ ਦੇ ਵਿਚਾਲੇ ਲੋਹੇ ਦੀ ਛੇ-ਸੱਤ ਫੁੱਟ ਲੰਮੀ ਲੱਠ ਪਾਈ ਜਾਂਦੀ ਹੈ। ਇਸ ਲੱਠ ਦੇ ਹੇਠਲੇ ਹਿੱਸੇ ਤੇ ਲੱਕੜ ਦੇ ਬੜੇ-ਬੜੇ ਫਰ ਫਿੱਟ ਕੀਤੇ ਜਾਂਦੇ ਹਨ। ਇਹ ਫਰ ਇਕ ਕਿਸਮ ਦਾ ਘਰਾਟ ਦਾ ਪੱਖਾ ਹੁੰਦਾ ਹੈ। ਲੋਹੇ ਦੀ ਲੱਠ ਦਾ ਥੋੜ੍ਹਾ ਜਿਹਾ ਹਿੱਸਾ ਹੇਠਲੇ ਪੁੜ ਤੋਂ ਉਪਰ ਹੁੰਦਾ ਹੈ। ਲੱਠ ਦੇ ਇਸ ਉਪਰਲੇ ਹਿੱਸੇ ਵਿਚ ਲੋਹੇ ਦੀ ਮੰਨਮੀ ਪਾਈ ਜਾਂਦੀ ਹੈ।



ਹੇਠਲੇ ਪੁੜ ਉਪਰ ਇਕ ਹੋਰ ਪੁੜ ਰੱਖਿਆ ਜਾਂਦਾ ਹੈ। ਇਸ ਪੁੜ ਦਾ ਵਿਚਾਲੇ ਵਾਲਾ ਹਿੱਸਾ ਥੋੜ੍ਹਾ ਜਿਹਾ ਖਾਲੀ ਹੁੰਦਾ ਹੈ। ਜਦ ਪੱਖੇ ਉਪਰ ਪੰਜ-ਛੇ ਕੁ ਫੁੱਟ ਉਪਰੋਂ ਪਾਣੀ ਦੀ ਤੇਜ ਧਾਰ ਪੈਂਦੀ ਹੈ ਤਾਂ ਉਸ ਨਾਲ ਪੱਖਾ ਘੁੰਮਦਾ ਹੈ। ਪੱਖੇ ਦੇ ਘੁੰਮਣ ਨਾਲ ਲੱਠ ਵਿਚ ਜੋ ਮੰਨਮੀ ਹੁੰਦੀ ਹੈ, ਉਹ ਉਪਰਲੇ ਪੱਥਰ ਨੂੰ ਘੁੰਮਾਉਂਦੀ ਹੈ। ਉਪਰਲੇ ਪੱਥਰ ਦੇ ਘੁੰਮਣ ਨਾਲ ਜੋ ਦਾਣੇ ਪੱਥਰਾਂ ਦੇ ਵਿਚਾਲੇ ਡਿੱਗਦੇ ਹਨ, ਉਹਨਾਂ ਦਾਣਿਆਂ ਦਾ ਆਟਾ ਬਣਦਾ ਰਹਿੰਦਾ ਹੈ। ਉਪਰਲੇ ਪੱਥਰ ਦੇ ਉਪਰਲੇ ਤੋਂ ਹੇਠਲੇ ਕਿਨਾਰਿਆਂ ਨੂੰ ਟੁੱਟਣ ਤੋਂ ਬਚਾਉਣ ਲਈ ਉਹਨਾਂ ਕਿਨਾਰਿਆਂ ਉਪਰ ਲੋਹੇ ਦੇ ਕੜੇ ਚਾੜ੍ਹੇ ਜਾਂਦੇ ਹਨ।

ਚੱਕੀਆਂ ਦੀਆਂ ਕੰਧਾਂ ਉਪਰ ਲੱਕੜ ਦੇ ਚੌਖਟੇ ਬਣਾ ਕੇ ਰੱਖੇ ਜਾਂਦੇ ਹਨ। ਇਹਨਾਂ ਚੌਖਟਿਆਂ ਉਪਰ ਤੂਤ ਦੀਆਂ ਛਿਟੀਆਂ ਦੇ ਬੜੇ ਬੜੇ ਟੋਕਰੇ ਬਣਾ ਕੇ ਰੱਖੇ ਜਾਂਦੇ ਹਨ। ਇਹਨਾਂ ਟੋਕਰਿਆਂ ਦੀ ਬਣਤਰ ਅਜਿਹੀ ਹੁੰਦੀ ਹੈ ਕਿ ਇਹਨਾਂ ਦਾ ਥੱਲਾ ਬਹੁਤ ਹੀ ਛੋਟਾ ਜਿਹਾ ਹੁੰਦਾ ਹੈ। ਜਿਉਂ ਜਿਉਂ ਇਹ ਉਪਰ ਨੂੰ ਜਾਂਦੇ ਹਨ ਤਾਂ ਚੌੜੇ ਹੁੰਦੇ ਜਾਂਦੇ ਹਨ। ਇਹ ਐਨੇ ਵੱਡੇ ਹੁੰਦੇ ਹਨ ਕਿ ਇਹਨਾਂ ਵਿਚ ਪੰਜਾਹ-ਸੱਠ ਕਿਲੋ ਤੱਕ ਪੀਹਣ ਪੈ ਜਾਂਦੇ ਹੈ। ਇਹ ਬਹੁਤ ਲੰਘਣੇ ਬਣਾਏ ਹੁੰਦੇ ਹਨ। ਇਹਨਾਂ ਨੂੰ ਅੰਦਰੋਂ ਤੂੜੀ ਮਿੱਟੀ ਨਾਲ ਲਿੱਪਿਆ ਹੁੰਦਾ ਹੈ। ਉਪਰ ਪਾਂਡੂ ਦਾ ਪਰੋਲਾ ਫੇਰਿਆ ਹੁੰਦਾ ਹੈ।

ਇਹਨਾਂ ਟੋਕਰਿਆਂ ਦੇ ਹੇਠਲੇ ਹਿੱਸੇ ਵਿਚ ਲੋਹੇ ਦੀ ਚਾਦਰ ਦੀ ਇਕ ਪਰਨਾਲੀ ਬਣਾ ਕੇ ਲਾਈ ਹੁੰਦੀ ਹੈ। ਇਸ ਪਰਨਾਲੀ ਰਾਹੀਂ ਹੀ ਪੀਹਣ ਦੇ ਦਾਣੇ ਚੱਕੀ ਦੇ ਉਪਰਲੇ ਪੁੜ ਦੇ ਵਿਚਾਲੇ ਡਿੱਗਦੇ ਹਨ। ਇਹ ਦਾਣੇ ਕਿੰਨੇ ਡਿੱਗਣੇ ਚਾਹੀਦੇ ਹਨ, ਇਹਨਾਂ ਨੂੰ ਕੰਟਰੋਲ ਕਰਨ ਲਈ ਪਰਨਾਲੀ ਦੇ ਉਪਰਲੇ ਹਿੱਸੇ ਤੇ ਲੋਹੇ ਦੀ ਚਾਦਰ ਦਾ ਇਕ ਟੁਕੜਾ ਲਾਇਆ ਜਾਂਦਾ ਹੈ। ਇਸ ਟੁਕੜੇ ਵਿਚ ਇਕ ਰੱਸੀ ਪਾਈ ਜਾਂਦੀ ਹੈ। ਇਸ ਰੱਸੀ ਨੂੰ ਲੱਕੜ ਦੀ ਇਕ ਕੀਲੀ ਨਾਲ ਬੰਨ੍ਹਿਆ ਜਾਂਦਾ ਹੈ। ਇਹ ਕੀਲੀ ਚੌਖਟੇ ਵਿਚ ਲਾਈ ਹੁੰਦੀ ਹੈ। ਜਦ ਇਹ ਰੱਸੀ ਕੀਲੀ ਤੇ ਘੱਟ ਵਲ੍ਹੇਟੀ ਜਾਵੇ ਤਾਂ ਪੀਹਣ ਦੇ ਦਾਣੇ ਪੁੜ ਵਿਚਾਲੇ ਘੱਟ ਡਿੱਗਦੇ ਹਨ ਤੇ ਆਟਾ ਪੀਸਿਆ ਜਾਂਦਾ ਹੈ। ਜਦ ਰੱਸੀ ਕੀਲੀ ਉਪਰ ਵੱਧ ਵਲੇਟੀ ਜਾਵੇ ਤਾਂ ਪੀਹਣ ਵਿਚੋਂ ਦਾਣੇ ਜ਼ਿਆਦਾ ਡਿੱਗਦੇ ਹਨ ਤਾਂ ਦਾਣਾ ਪੀਸਿਆ ਜਾਂਦਾ ਹੈ।

ਹੇਠਲੇ ਪੁੜ ਦੇ ਬਾਹਰ ਫੱਟਿਆਂ ਉਪਰ ਸੱਤ-ਅੱਠ ਇੰਚ ਦੀ ਦੂਰੀ ਛੱਡ ਕੇ ਚਾਰ-ਪੰਜ ਕੁ ਇੰਚ ਮੋਟੀ ਤੇ ਪੰਜ-ਛੇ ਕੁ ਇੰਚ ਉਚੀ ਮਿੱਟੀ ਦੀ ਇਕ ਕੰਧ ਬਣਾਈ ਜਾਂਦੀ ਹੈ। ਇਸ ਕੰਧ ਨੂੰ ਬੀਂਡਲ ਕਹਿੰਦੇ ਹਨ। ਇਸ ਨੂੰ ਤੂੜੀ ਮਿੱਟੀ ਨਾਲ ਲਿੱਪਿਆ ਜਾਂਦਾ ਹੈ। ਉਪਰ ਪਾਂਡੂ ਦਾ ਪਰੋਲਾ ਫੇਰਿਆ ਜਾਂਦਾ ਹੈ। ਇਸ ਕੰਧ/ਬੀਂਡਲ ਵਿਚੋਂ ਪੀਸਿਆ ਹੋਇਆ ਆਟਾ ਹੇਠਾਂ ਡਿੱਗਣ ਲਈ ਇਕ ਪਰਨਾਲਾ ਰੱਖਿਆ ਹੁੰਦਾ ਹੈ। ਜਦ ਘਰਾਟ ਚਲਦਾ ਹੈ ਤਾਂ ਆਟਾ ਪਿਸ-ਪਿਸ ਕੇ ਬੀਂਡਲ ਵਿਚ ਆਉਂਦਾ ਰਹਿੰਦਾ ਹੈ। ਬੀਂਡਲ ਭਰਨ ਤੋਂ ਪਿੱਛੋਂ ਆਟਾ ਪਰਨਾਲੇ ਰਾਹੀਂ ਹੇਠਾਂ ਡਿੱਗਦਾ ਰਹਿੰਦਾ ਹੈ। ਹੇਠਾਂ ਕੱਪੜਾ ਵਿਛਾਇਆ ਹੁੰਦਾ ਹੈ। ਜਦ ਕੱਪੜੇ ਉਪਰ ਪੰਦਰਾਂ-ਵੀਹ ਕਿਲੋ ਆਟਾ ਇਕੱਠਾ ਹੋ ਜਾਂਦਾ ਹੈ ਤਾਂ ਉਸ ਨੂੰ ਕੱਪੜੇ ਉਪਰੋਂ ਚੁੱਕ ਕੇ ਬੋਰੀ ਵਿਚ ਪਾ ਦਿੱਤਾ ਜਾਂਦਾ ਹੈ। ਜਦ ਕਿਸੇ ਬੰਦੇ ਦਾ ਸਾਰਾ ਆਟਾ ਪੀਸਿਆ ਜਾਂਦਾ ਹੈ ਤਾਂ ਉਹ ਬੰਦਾ ਬੀਂਡਲ ਵਿਚ ਜੋ ਆਟਾ ਪਿਆ ਹੁੰਦਾ ਹੈ, ਉਸ ਨੂੰ ਛੋਟੀ ਜਿਹੀ ਛੂਹਣ ਨਾਲ ਸਾਰਾ ਬਾਹਰ ਕੱਢ ਲੈਂਦਾ ਹੈ। ਫਿਰ ਅਗਲੇ ਬੰਦੇ ਦੀ ਪੀਹਣ ਪਾਇਆ ਜਾਂਦਾ ਹੈ। ਉਸ ਦਾ ਆਟਾ/ਦਾਣਾ ਪੀਸਿਆ ਜਾਂਦਾ ਹੈ। ਹੇਠਲੇ ਪੁੜ ਦੇ ਉਪਰਲੇ ਹਿੱਸੇ ਤੇ ਸੈਣੀ ਅਤੇ ਹਥੌੜੇ ਨਾਲ ਥੋੜ੍ਹੀ ਥੋੜ੍ਹੀ ਦੂਰੀ ਤੇ ਇਕ ਢੰਗ ਅਨੁਸਾਰ ਟੱਕ ਲਾਏ ਜਾਂਦੇ ਹਨ। ਇਸੇ ਤਰ੍ਹਾਂ ਹੀ ਉਪਰਲੇ ਪੁੜ ਦੇ ਹੇਠਲੇ ਹਿੱਸੇ ਤੇ ਵੀ ਟੱਕ ਲਾਏ ਜਾਂਦੇ ਹਨ। ਪੁੜਾਂ ਦੇ ਇਹ ਟੱਕ ਹੀ ਆਟਾ ਪੀਂਹਦੇ ਹਨ। ਜਦ ਇਹ ਟੱਕ ਆਟਾ ਪੀਂਹਦੇ ਪੀਂਹਦੇ ਘਸ ਜਾਂਦੇ ਹਨ ਤਾਂ ਉਪਰਲਾ ਪੁੜ ਚੁੱਕਿਆ ਜਾਂਦਾ ਹੈ। ਫਿਰ ਦੋਵੇਂ ਪੁੜਾਂ ਦੇ ਘਸੇ ਹੋਏ ਟੱਕਾਂ ਨੂੰ ਸੈਣੀ ਨਾਲ ਦੁਬਾਰਾ ਡੂੰਘਾ ਕੀਤਾ ਜਾਂਦਾ ਹੈ। ਟੱਕਾਂ ਨੂੰ ਤੱਸਿਆ ਜਾਦਾ ਹੈ। ਪੁੜਾਂ ਦੇ ਇਸ ਤੱਸਣ/ਡੂੰਘਾ ਕਰਨ ਦੀ ਕਿਰਿਆ ਨੂੰ ਚੱਕੀ ਰਾਹੁਣਾ ਕਹਿੰਦੇ ਹਨ। ਉਪਰਲੇ ਪੱਥਰ ਨੂੰ ਫਿਰ ਹੇਠਲੇ ਪੱਟੇ ਜੜੇ ਪੱਥਰ/ਪੁੜ ਉਪਰ ਰੱਖਿਆ ਜਾਂਦਾ ਹੈ। ਚੱਕੀ ਦੇ ਇਹਨਾਂ ਪੱਥਰਾਂ/ਪੁੜਾਂ ਨਾਲ ਫਿਰ ਆਟਾ, ਦਾਣਾ ਪੀਸਿਆ ਜਾਂਦਾ ਹੈ।

ਘਰਾਟ ਪਾਣੀ ਉਪਰ ਚਲਦੇ ਹਨ। ਇਸ ਲਈ ਆਟਾ ਹੌਲੀ ਹੌਲੀ ਪੀਹਿਆ ਜਾਂਦਾ ਹੈ। ਹੌਲੀ ਆਟਾ ਪੀਹੇ ਜਾਣ ਕਰਕੇ ਪੀਹਣ ਸਮੇਂ ਆਟਾ ਗਰਮ ਨਹੀਂ ਹੁੰਦਾ, ਠੰਡਾ ਹੀ ਰਹਿੰਦਾ ਹੈ। ਇਸ ਲਈ ਘਰਾਟ ਦੇ ਪੀਸੇ ਆਟੇ ਵਿਚ ਸਾਰੇ ਪੌਸ਼ਟਿਕ ਗੁਣ ਰਹਿੰਦੇ ਹਨ। ਇਸ ਦਾ ਵੱਡਾ ਫਰਕ ਮੱਕੀ ਦੇ ਪੀਹੇ ਆਟੇ ਤੋਂ ਵੀ ਲੱਗ ਜਾਂਦਾ ਹੈ। ਘਰਾਟ ਦਾ ਮੱਕੀ ਦਾ ਪੀਹਿਆ ਆਟਾ ਠੰਡੇ ਪਾਣੀ ਨਾਲ ਗੁੱਝ ਜਾਂਦਾ ਹੈ ਜਦਕਿ ਮਸ਼ੀਨ ਦਾ ਮੱਕੀ ਦਾ ਪੀਹਿਆ ਹੋਇਆ ਆਟਾ ਗਰਮ ਪਾਣੀ ਤੋਂ ਬਗੈਰ ਨਹੀਂ ਗੁੱਝਦਾ, ਕਿਉਂਕਿ ਜੋ ਮਸ਼ੀਨ ਦਾ ਪੀਸਿਆ ਹੋਇਆ ਆਟਾ ਗਰਮ ਹੁੰਦਾ ਹੈ। ਗਰਮ ਪੀਹੇ ਆਟੇ ਵਿਚ ਪੌਸ਼ਟਿਕ ਤੱਤ ਵੀ ਘੱਟ ਜਾਂਦੇ ਹਨ। ਘਰਾਟ ਦੇ ਆਟੇ ਤੇ ਮਸ਼ੀਨ ਦੇ ਆਟੇ ਦੀ ਰੋਟੀ ਦਾ ਸੁਆਦ ਵੀ ਵੱਖਰਾ ਹੁੰਦਾ ਹੈ। ਇਸ ਤਰ੍ਹਾਂ ਘਰਾਟ ਦਾ ਆਟਾ ਸਿਹਤ ਲਈ ਵੀ ਵੱਧ ਲਾਭਦਾਇਕ ਹੁੰਦਾ ਹੈ।

ਪੰਜਾਬ ਦੀਆਂ ਸਾਰੀਆਂ ਨਹਿਰਾਂ ਉਪਰ ਘਰਾਟ ਬਣੇ ਹੋਏ ਹਨ। ਪਹਿਲਾਂ ਸਾਰੇ ਚਲਦੇ ਸਨ। ਹੁਣ ਸਾਰੇ ਪੰਜਾਬ ਵਿਚੋਂ ਸਿਰਫ ਗੁਰਦਾਸਪੁਰ ਜ਼ਿਲ੍ਹੇ ਵਿਚ ਹੀ ਕੁਝ ਘਰਾਟ ਚਲਦੇ ਹਨ, ਬਾਕੀ ਸਾਰੇ ਘਰਾਟ ਬੰਦ ਪਏ ਹਨ।

ਘਰਾਟਾਂ ਦਾ ਜ਼ਿਕਰ ਲੋਕ ਗੀਤਾਂ ਵਿਚ ਵੀ ਮਿਲਦਾ ਹੈ। ਪਹਿਲਾਂ ਇਸਤਰੀਆਂ ਪਹਿਰ ਦੇ ਤੜਕੇ ਉਠ ਕੇ ਹੱਥ ਚੱਕੀ ਤੇ ਆਟਾ ਪੀਂਹਦੀਆਂ ਸਨ। ਫਿਰ ਜਿਹਨਾਂ ਪਿੰਡਾਂ ਦੇ ਨੇੜੇ ਘਰਾਟ ਲੱਗੇ, ਉਹਨਾਂ ਪਿੰਡਾਂ ਵਾਲੇ ਆਟਾ ਘਰਾਟਾਂ ਤੋਂ ਪਿਹਾਉਣ ਲੱਗੇ। ਇਸੇ ਲਈ ਤਾਂ ਉਸ ਸਮੇਂ ਦਾ ਲੋਕ ਗੀਤ ਬਣਿਆ ਹੋਇਆ ਹੈ-

ਜਿਉਂਦੇ ਰਹਿਣ ਘਰਾਟਾਂ ਵਾਲੇ
ਸੁੱਤੀਆਂ ਨਾ ਜਾਗਦੀਆਂ

ਘਰਾਟਾਂ ਦੀ ਆਮਦ ਨੇ ਜਨਾਨੀਆਂ ਨੂੰ ਚੱਕੀ ਪੀਹਣ ਤੋਂ ਰਾਹਤ ਦਿਵਾਈ। ਉਹਨਾਂ ਨੂੰ ਸੁਖ ਦਾ ਸਾਹ ਵੀ ਦਿਵਾਇਆ, ਸਗੋਂ ਉਹਨਾਂ ਦਾ ਹੋਰ ਹੌਸਲਾ ਵੀ ਵਧਾਇਆ। ਇਸੇ ਲਈ ਤਾਂ ਕਈ ਇਸਤਰੀਆਂ ਇਹ ਵੀ ਕਹਿਣ ਲੱਗ ਪਈਆਂ-

ਚੱਕੀ ਛੁੱਟ ਗਈ
ਚੁੱਲ੍ਹੇ ਨੇ ਛੁੱਟ ਜਾਣਾ
ਤੀਮੀਆਂ ਦਾ ਰਾਜ ਆ ਗਿਆ।

ਘਰਾਟ/ਚੱਕੀ ਦੇ ਦੋ ਪੁੜਾਂ ਦੇ ਵਿਚਾਲੇ ਆ ਕੇ ਹੀ ਦਾਣਿਆਂ ਦਾ ਆਟਾ ਬਣਦਾ ਹੈ। ਇਸੇ ਲਈ ਤਾਂ ਭਗਤ ਕਬੀਰ ਜੀ ਕਹਿੰਦੇ ਹਨ-

ਚਲਦੀ ਚੱਕੀ ਵੇਖ ਕੇ ਭਇਆ ਕਬੀਰਾ ਰੋਇ
ਦੋ ਪਾਟਨ ਕੇ ਬੀਚ ਮੇ ਸਾਬਤ ਰਹਾ ਨਾ ਕੋਇ

ਘਰਾਟ ਬਾਰੇ ਇਕ ਬੁਝਾਰਤ ਵੀ ਹੈ-

ਬਾਲ ਕੰਬੇ ਲੋਟਾ ਕੰਬੇ
ਰਾਜੇ ਦਾ ਬੇਟਾ ਪਾਣੀ ਮੰਗੇ।

# ਇਹੀ ਹਾਲ ਰਿਹਾ ਤਾਂ ਨਹੀਂ ਉਭਰ ਸਕੇਗੀ ਕਾਂਗਰਸ

ਸਰਕਾਰ ਦਾ ਫਾਰਮੂਲਾ ਤੋੜ ਕੇ ਤੀਜਾ ਬਦਲ ਬਣ ਸਕਦੀ ਹੈ। ਪੰਜਾਬ ਵਿਚ ਹੁਣ ਤੱਕ ਦੀ ਰਾਜਨੀਤੀ ਨੂੰ ਦੇਖੀਏ ਤਾਂ ਤੀਜਾ ਬਦਲ ਜ਼ਿਆਦਾ ਕਾਮਯਾਬ ਨਹੀਂ ਹੋ ਸਕਿਆ। ਇਸ ਤੋਂ ਪਹਿਲਾਂ ਜਥੇਦਾਰ ਗੁਰਚਰਨ ਸਿੰਘ ਟੌਹੜਾ, ਬਲਵੰਤ ਸਿੰਘ ਰਾਮੂਵਾਲੀਆ, ਮਨਪ੍ਰੀਤ ਸਿੰਘ ਬਾਦਲ, ਬਸਪਾ ਅਤੇ ਕਮਿਊਨਿਸਟਾਂ ਨੇ ਅਜਿਹੀਆਂ ਕੋਸ਼ਿਸ਼ਾਂ ਕੀਤੀਆਂ ਹਨ ਪਰ ਪੰਜਾਬ ਦੀ ਸਿਆਸਤ ਪਿਛਲੇ 60 ਸਾਲਾਂ ਤੋਂ ਦੋ ਦਲੀ ਹੀ ਚਲੀ ਆ ਰਹੀ ਹੈ।

ਜਿੱਥੋਂ ਤੱਕ ਆਮ ਆਦਮੀ ਪਾਰਟੀ ਦਾ ਸਬੰਧ ਹੈ, ਕਾਂਗਰਸ ਅਤੇ ਅਕਾਲੀ ਦਲ ਵਿਚ ਇਕ ਵੱਡਾ ਵਰਗ ਅਜਿਹਾ ਹੈ, ਜਿਹੜਾ ਇਸ ਪਾਰਟੀ ਦੀ ਗੱਡੀ ਵਿਚ ਚੜ੍ਹਨ ਲਈ ਤਿਆਰ ਬੈਠਾ ਹੈ। ਦੋਵਾਂ ਦੇ ਵੋਟ ਬੈਂਕ ਦਾ ਇਕ ਵੱਡਾ ਹਿੱਸਾ ਪਹਿਲਾਂ ਹੀ ਇਹਨਾਂ ਦੋਵਾਂ ਪਾਰਟੀਆਂ ਤੋਂ ਅੱਕਿਆ ਪਿਆ ਹੈ ਅਤੇ ਉਹ ਤੀਜੇ ਬਦਲ ਵਜੋਂ ਉਭਰਨ ਵਾਲੀ ਆਮ ਆਦਮੀ ਪਾਰਟੀ ਨੂੰ ਖੁੱਲ੍ਹੀ ਹਮਾਇਤ ਦੇਵੇਗਾ, ਪਰ ਇਸ ਪਾਰਟੀ ਦਾ ਵੀ ਹਸ਼ਰ ਪਹਿਲਾਂ ਵਾਲਾ ਹੋ ਸਕਦਾ ਹੈ, ਕਿਉਂਕਿ ਜੇਕਰ ਆਮ ਆਦਮੀ ਪਾਰਟੀ ਨੇ ਕਾਂਗਰਸ ਅਤੇ ਅਕਾਲੀ ਦਲ ਦੇ ਬਦਨਾਮ ਲੀਡਰਾਂ ਨੂੰ ਲੈ ਕੇ ਚੋਣ ਲੜੀ ਤਾਂ ਆਮ ਲੋਕੀ ਇਸ ਪਾਰਟੀ ਵੱਲ ਜ਼ਿਆਦਾ ਉਤਸ਼ਾਹਿਤ ਨਹੀਂ ਹੋਣਗੇ। ਪੰਜਾਬ ਵਿਚ ਤਬਦੀਲੀ ਦੀਆਂ ਵਿਆਪਕ ਸੰਭਾਵਨਾਵਾਂ ਹਨ, ਪਰ ਇਹ ਤਬਦੀਲੀ ਕਾਂਗਰਸ ਅਤੇ ਅਕਾਲੀ ਦਲ ਦੇ ਉਹ ਲੀਡਰ ਨਹੀਂ ਲਿਆ ਸਕਦੇ, ਜਿਹੜੇ ਪਹਿਲਾਂ ਵੀ 'ਗੰਗਾ ਗਏ ਗੰਗਾ ਰਾਮ, ਜਮਨਾ ਗਏ ਜਮਨਾ ਦਾਸ' ਦੀ ਰਾਜਨੀਤੀ ਕਰਦੇ ਚਲੇ ਆਏ ਹਨ। ਅਜਿਹੇ ਮੌਕਾਪ੍ਰਸਤ ਲੋਕਾਂ ਨੂੰ ਤਾਂ ਖੁਦ ਅਕਾਲੀ ਦਲ ਅਤੇ ਕਾਂਗਰਸ ਤੱਕ ਨਕਾਰਦੀਆਂ ਆ ਰਹੀਆਂ ਹਨ, ਪਰ ਇਹੀ ਲੋਕ ਜੇਕਰ ਹੁਣ ਆਮ ਆਦਮੀ ਪਾਰਟੀ ਵਿਚ ਟਪੂਸੀ ਮਾਰਦੇ ਹਨ ਤਾਂ ਇਹਨਾਂ ਦੀ ਉਹੀ ਆਦਤ ਰਹਿਣੀ ਹੈ ਅਤੇ ਇਹਨਾਂ ਨੂੰ ਪੰਜਾਬ ਦਾ ਆਮ ਆਦਮੀ ਮੂੰਹ ਲਗਾਉਣ ਵਾਲਾ ਨਹੀਂ ਹੈ। ਪੰਜਾਬ ਵਿਚ ਨਿਰੋਲ ਦਿੱਲੀ ਵਰਗਾ ਤਜਰਬਾ ਦੁਹਰਾਏ ਜਾਣ ਦੀਆਂ ਆਪਾਰ ਸੰਭਾਵਨਾਵਾਂ ਹਨ। ਪੰਜਾਬ ਦੀ ਸਿਆਸਤ ਵਿਚ ਇਸ ਵਕਤ ਹਾਲਾਤ ਇਹ ਹਨ ਕਿ ਮੰਤਰੀਆਂ, ਵਿਧਾਇਕਾਂ ਅਤੇ ਸਾਬਕਾ ਵਿਧਾਇਕਾਂ ਦੇ ਪੁੱਤ-ਪੋਤੇ ਹੀ ਅੱਗੇ ਉਹਨਾਂ ਦੀਆਂ ਕੁਰਸੀਆਂ ਦੇ ਦਾਅਵੇਦਾਰ ਬਣ ਰਹੇ ਹਨ। ਦੋਵੇਂ ਸਿਆਸੀ ਪਾਰਟੀਆਂ ਦੇ ਅੰਦਰ ਕੰਮ ਕਰਨ ਵਾਲੇ ਵਰਕਰ ਸਵਰਗ ਸਿਧਾਰਨ ਤੱਕ ਵਰਕਰ ਹੀ ਰਹਿੰਦੇ ਹਨ। ਉਹਨਾਂ ਦਾ ਕੰਮ ਵੋਟਾਂ ਪੁਆਉਣਾ, ਪ੍ਰਚਾਰ ਕਰਨਾ, ਚੋਣਾਂ ਵੇਲੇ ਰਿਓੜੀਆਂ ਦੀ ਵੰਡ ਵਿਚ ਮੂਹਰੇ ਹੋਣਾ ਹੀ ਰਹਿ ਗਿਆ ਹੈ। ਉਹਨਾਂ ਦੇ ਪੁੱਤ-ਪੋਤੇ ਨਾ ਕਦੀ ਇਹਨਾਂ ਪਾਰਟੀਆਂ ਵਿਚ ਟਿਕਟ ਲੈ ਸਕਦੇ ਹਨ ਅਤੇ ਨਾ ਹੀ ਚੋਣ ਲੜ ਸਕਦੇ ਹਨ। ਇਹਨਾਂ ਦੋਵੇਂ ਪਾਰਟੀਆਂ ਨੇ ਅਜਿਹਾ ਚੱਕਰਵਿਊ ਬਣਾ ਦਿੱਤਾ ਹੈ ਕਿ ਆਮ ਆਦਮੀ ਚੋਣ ਲੜਨ ਬਾਰੇ ਸੋਚ ਹੀ ਨਹੀਂ ਸਕਦਾ।

ਪੰਜਾਬ ਦੇ ਲੋਕਾਂ ਦੀ ਇਸ ਗੁਲਾਮ ਹੁੰਦੀ ਮਾਨਸਿਕਤਾ ਨੂੰ ਹੁਲਾਰਾ ਦੇਣ ਲਈ ਜੇਕਰ ਕੋਈ ਆਸ ਦੀ ਕਿਰਨ ਹੈ ਤਾਂ ਉਹ ਆਮ ਆਦਮੀ ਪਾਰਟੀ ਹੀ ਹੈ, ਜਿਹੜੀ ਆਮ ਆਦਮੀ ਨੂੰ ਲੀਡਰ ਅਤੇ ਮੰਤਰੀ ਬਣਾਉਂਦੀ ਹੈ, ਪੜ੍ਹੇ-ਲਿਖੇ, ਹੰਢੇ ਹੋਏ ਆਮ ਲੋਕਾਂ ਨੂੰ ਸਿਆਸਤ ਦੇ ਸਿਖਰ ਤੇ ਪਹੁੰਚਾਉਂਦੀ ਹੈ। ਇਹਨਾਂ ਲੋਕਾਂ ਨੂੰ ਨਾਲ ਲੈ ਕੇ ਜੇਕਰ ਆਮ ਆਦਮੀ ਪੰਜਾਬ ਵਿਚ ਆਪਣੇ ਪੈਰ ਰੱਖਦੀ ਹੈ ਤਾਂ ਨਿਸਚਿਤ ਹੀ ਇਹ ਮੌਜੂਦਾ ਨਿਜ਼ਾਮ ਨੂੰ ਉਖਾੜ ਸਕਦੀ ਹੈ। ਜੇਕਰ ਉਹੀ ਘਸੇ-ਪਿਟੇ ਚਿਹਰੇ ਹੁਣ ਆਮ ਆਦਮੀ ਵਿਚ ਮੂਹਰੇ ਹੋ ਕੇ ਤੁਰ ਪਏ, ਜਿਹੜੇ ਪਹਿਲਾਂ ਕਦੀ ਕਾਂਗਰਸ, ਕਦੀ ਅਕਾਲੀ ਦਲ ਵਿਚ ਦਿਖਾਈ ਦਿੰਦੇ ਸਨ ਤਾਂ ਆਮ ਆਦਮੀ ਪਾਰਟੀ ਦਾ ਹਸ਼ਰ ਵੀ ਉਹੀ ਹੋਵੇਗਾ, ਜਿਹੜਾ ਪਹਿਲਾਂ ਉਭਰੇ ਤੀਜੇ ਮੋਰਚਿਆਂ ਦਾ ਹੋਇਆ ਹੈ।

# ਨਵਾਂ ਸਾਲ

ਨਵਾਂ ਸਾਲ ਸੁੱਖਾਂ ਦਾ ਲਿਆਈਂ ਰੱਬਾ ਮੇਰਿਆ
ਸਭਨਾਂ ਤੇ ਮਿਹਰ ਵਰਸਾਈਂ ਰੱਬਾ ਮੇਰਿਆ
ਦਾਰੂ ਪੀ ਕੇ ਜਿਹੜੇ ਲੋਕੀ ਕੰਮ ਨਹੀਂ ਕਰਦੇ
ਉਹਨਾਂ ਨੂੰ ਤੂੰ ਕੰਮਾਂ ਉਤੇ ਲਾਈਂ ਰੱਬਾ ਮੇਰਿਆ
ਕੁਰਸੀ ਤੇ ਬੈਠ ਕੇ ਜਿਹੜੇ ਖਾਈ ਜਾਂਦੇ ਦੇਸ਼ ਨੂੰ
ਉਹਨਾਂ ਨੂੰ ਤੂੰ ਕੁਰਸੀ ਤੋਂ ਲਾਹੀਂ ਰੱਬਾ ਮੇਰਿਆ
ਅਰਬਾਂ ਦਾ ਖਾ ਕੇ ਜਿਹੜੇ ਮਾਰਦੇ ਡਕਾਰ ਨਹੀਂ
ਉਹਨਾਂ ਦੇ ਤੂੰ ਢਿੱਡੀਂ ਵੱਟ ਪਾਈ ਰੱਬਾ ਮੇਰਿਆ
ਸਜ਼ਾ ਪੂਰੀ ਕਰ ਜਿਹੜੇ ਫਸੇ ਬੈਠੇ ਜੇਲ੍ਹਾਂ ਵਿਚ
ਉਹਨਾਂ ਨੂੰ ਤੂੰ ਬਾਹਰ ਕਢਾਈਂ ਰੱਬਾ ਮੇਰਿਆ
ਚਰਾਸੀ ਦਿਆਂ ਪੀੜਤਾਂ ਨੂੰ ਤੀਹ ਸਾਲ ਹੋ ਚਲੇ
ਉਹਨਾਂ ਨੂੰ ਤੂੰ ਇਨਸਾਫ ਦਵਾਈਂ ਰੱਬਾ ਮੇਰਿਆ
ਹੱਥ ਜੋੜ 'ਹੋਠੀ' ਇਹੀ ਕਰੇ ਅਰਦਾਸ
ਨਵਾਂ ਸਾਲ ਸੁਖਾਂ ਦਾ ਲੰਘਾਈ ਰੱਬਾ ਮੇਰਿਆ।

– ਦਵਿੰਦਰ ਹੋਠੀ
408-476-7754

# ਥਾਲੀ ਦਾ ਰੰਗ ਬਦਲੋ, ਘਟੇਗਾ ਮੋਟਾਪਾ

ਲੰਡਨ- ਭਾਰ ਘਟਾਉਣ ਦੀ ਇੱਛਾ ਰੱਖਣ ਵਾਲੇ ਲੋਕਾਂ ਨੂੰ ਇਹ ਖਬਰ ਰਾਹਤ ਦੇ ਸਕਦੀ ਹੈ। ਨਵੀਂ ਖੋਜ ਮੁਤਾਬਕ ਭੋਜਨ ਦੀ ਥਾਲੀ ਦਾ ਰੰਗ ਭਾਰ ਘਟਾਉਣ 'ਚ ਮਦਦਗਾਰ ਸਿੱਧ ਹੋ ਸਕਦੀ ਹੈ। ਵੈੱਬਸਾਈਟ 'ਫੀਮੇਲਫਸਟ ਡਾਟ ਟੂ ਡਾਟ ਯੂਕੇ' ਮੁਤਾਬਕ ਇਸ ਖੋਜ 'ਚ ਕਿਹਾ ਗਿਆ ਹੈ ਕਿ ਥਾਲੀ ਦਾ ਰੰਗ ਜੇ ਚਿੱਟੇ ਦੀ ਥਾਂ ਚਮਕੀਲਾ ਹੋਵੇ ਤਾਂ ਇਸ ਨਾਲ ਖਾਣ-ਪੀਣ ਸੰਤੁਲਤ ਹੋ ਜਾਂਦਾ ਹੈ। ਜਨਰਲ ਆਫ ਕੰਜਿਊਮਰ ਰਿਸਰਚ 'ਚ ਪ੍ਰਕਾਸ਼ਤ ਅਧਿਐਨ ਮੁਤਾਬਕ ਭੋਜਨ ਅਤੇ ਥਾਲੀ ਦੇ ਰੰਗ 'ਚ ਫਰਕ ਕਾਰਨ ਅਸੀਂ ਥਾਲੀ 'ਚ ਘੱਟ ਭੋਜਨ ਰੱਖਣਾ ਚਾਹੁੰਦੇ ਹਾਂ।

ਖੋਜਕਾਰ ਦੱਸਦੇ ਹਨ ਕਿ ਭੋਜਨ ਦੇ ਰੰਗ ਅਤੇ ਥਾਲੀ ਦੇ ਰੰਗ 'ਚ ਫਰਕ ਨਾਲ ਅਸਲ 'ਚ ਕੁਝ ਨਹੀਂ ਹੁੰਦਾ ਤਾਂ ਫਿਰ ਉਹ ਕਿਹੜੀ ਚੀਜ਼ ਹੈ, ਜਿਸ ਨੂੰ ਖਾਣ ਦੀ ਆਦਤ 'ਚ ਬਦਲਾਅ ਹੁੰਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇ ਕਿਸੇ ਸਾਹਮਣੇ ਪਾਸਤਾ ਸੌਸ ਲਾਲ ਥਾਲੀ 'ਚ ਪਰੋਸਿਆ ਜਾਵੇ ਜਾਂ ਫਿਰ ਚਿੱਟੀ ਥਾਲੀ 'ਚ ਚਿੱਟੇ ਚਾਵਲ ਦਿੱਤੇ ਜਾਣ ਤਾਂ ਦੇਖਿਆ ਗਿਆ ਹੈ ਕਿ ਬਹੁਤ ਜ਼ਿਆਦਾ ਪਰੋਸ ਦਿੱਤੇ ਜਾਂਦੇ ਹਨ।

ਕਿਸਤ ਨੰਬਰ- 43 — ਬਲਬੀਰ ਸਿੰਘ ਐਮ.ਏ.




# ਮਾਵਾਂ ਦੇ ਪਰਛਾਵੇਂ ਵਾਲਾ ਪੰਜਾਬ

# ਪੰਜਾਬ ਦੀ ਟਰੈਫਿਕ

ਹਰ ਸਾਲ ਵਾਂਗ ਐਤਕੀ 2014 ਨਵੇਂ ਸੁਨੇਹੇ, ਨਵੇਂ ਵਿਚਾਰ ਤੇ ਨਵੀਆਂ ਸੋਚਾਂ ਤੇ ਹੋਰ ਬਹੁਤ ਕੁਝ ਨਵਾਂ ਲੈ ਕੇ ਹਰ ਵਿਹੜੇ 'ਚ ਪਹੁੰਚਿਆ ਹੈ। ਤੁਸੀਂ ਜਿਵੇਂ ਵੀ ਇਸ ਨੂੰ ਆਓ ਭਗਤ ਕਰੀ, ਇਹ ਉਵੇਂ ਹੀ ਖੁਸ਼ ਹੋ ਗਿਆ। ਇਨਸਾਨ ਵੀ ਬੱਸ ਹਰ ਰੌਸ਼ਨ ਚੀਜ਼ ਨੂੰ ਵੇਖ ਕੇ ਤਰੋ ਤਾਜ਼ਾ ਹੋ ਜਾਂਦਾ ਹੈ, ਕਿਉਂਕਿ ਇਹੀ ਇਕ ਵਕਤ ਹੈ ਜਦੋਂ ਅਸੀਂ ਆਪਣੇ ਬੋਲਣ ਵਿਚ ਫਰਕ ਲਿਆਉਂਦੇ, ਜਿਵੇਂ ਅਸੀਂ ਪਿਛਲੇ ਸਾਲ ਇਵੇਂ ਕੀਤਾ ਸੀ, ਭਾਵ 2013 ਵਿਚ ਹੁਣ ਅਸੀਂ ਇਵੇਂ ਕਰਾਂਗੇ, ਭਾਵ 2014 ਵਿਚ। ਇਹ ਰਵਾਇਤ ਹਰ ਇਨਸਾਨ ਤੇ ਫੁੱਲ-ਬੂਟੇ ਤੱਕ ਬਿਲਕੁਲ ਇੰਨ ਬਿੰਨ ਲਾਗੂ ਹੋ ਜਾਂਦੀ ਹੈ। ਨਵੇਂ ਸਾਲ ਵਿਚ ਅਸੀਂ ਇਕ ਪ੍ਰਣ ਕਰ ਲਈਏ ਕਿ ਐਤਕੀ ਕਿਸੇ ਤੇ ਹੱਥ ਨਹੀਂ ਚੁੱਕਣਾ। ਸਿਰਫ ਅਸੀਂ ਗੱਲਬਾਤ ਨਾਲ ਹੀ ਨਬੇੜਨਾ ਹੈ। ਯਕੀਨ ਕਰੋ ਤੁਹਾਡੀ ਵਡਿਆਈ ਹਰ ਪਾਸੇ ਹੋਣ ਲੱਗ ਪਵੇਗੀ। ਇਸੇ ਤਰ੍ਹਾਂ ਅਸੀਂ ਜੇਕਰ ਕਿਸੇ ਦੇ ਵੀ ਇਸ ਨਾਲ ਕੰਮ ਆਉਣ ਦੀ ਬਿਰਤੀ ਬਣਾ ਲਈਏ, ਹੋ ਸਕਦਾ ਹੈ ਕਿਸੇ ਜ਼ਰੂਰਤਮੰਦ ਦੀ ਅਸੀਂ ਮਦਦ ਕਰ ਸਕੀਏ। ਜ਼ਰੂਰਤਮੰਦ ਤੋਂ ਯਾਦ ਆਇਆ, ਮੈਂ ਪੰਜਾਬ ਗਿਆ ਤਾਂ ਪਿਛਲੇ ਸਾਲ ਨਵੰਬਰ 2013 ਵਿਚ ਸੀ ਪਰ ਮੇਰੇ ਮਨ ਵਿਚ ਉਥੇ ਦੀ ਤਸਵੀਰ ਹਾਲੇ ਵੀ ਉਵੇਂ ਦੀ ਉਵੇਂ ਹੀ ਹੈ। ਪੰਜਾਬ ਦੀ ਆਬਾਦੀ ਪਿਛਲੀ ਵਾਰ ਸਿਰਫ 2 ਕਰੋੜ77 ਲੱਖ ਸੀ (2011 ਵਿਚ)। ਇਹ ਵੱਧ ਕੇ 2012 ਵਿਚ 3 ਕਰੋੜ 15 ਲੱਖ 82 ਹਜ਼ਾਰ ਹੋ ਗਈ। 2013 ਵਿਚ 3 ਕਰੋੜ 60 ਲੱਖ ਹੋ ਗਈ। ਕੀ ਇਉਂ ਨਹੀਂ ਲੱਗ ਰਿਹਾ ਹੈ ਕਿ ਜੰਗਲ ਦੀ ਅੱਗ ਵਾਂਗ ਇਹ ਆਬਾਦੀ ਵਧਦੀ ਜਾ ਰਹੀ ਹੈ। ਤੇ ਇਸ ਦੇ ਵਧਣ ਦੇ ਨਾਲ ਕੰਮਕਾਰ ਵੀ ਇਸੇ ਰਫ਼ਤਾਰ ਨਾਲ ਵਧਣਗੇ, ਫਿਰ ਤਾਂ ਗੱਲ ਸਹੀ ਹੈ ਨਹੀਂ ਤਾਂ ਫਿਰ ਲੋਕ ਭੁੱਖਮਰੀ ਦਾ ਸ਼ਿਕਾਰ ਹੋਣਗੇ।

ਸ਼ਹਿਰਾਂ ਦੀ ਭੀੜ ਦੇਖ ਕੇ ਜੀਅ ਕਾਹਲਾ ਪੈਣ ਲੱਗਦਾ ਹੈ, ਇਉਂ ਲੱਗਣ ਲੱਗਦਾ ਹੈ ਕਿ ਲੋਕ ਜੋ ਕਿਧਰਿਓਂ ਵੀ ਲੰਘ ਰਹੇ ਹਨ, ਬੱਸ ਆਪਣੇ ਬਚਾਅ ਵਿਚ ਹੀ ਲੱਗੇ ਹੋਏ ਹਨ। ਕਿਸੇ ਹੋਰ ਦਾ ਉਹਨਾਂ ਨੂੰ ਕੋਈ ਖਿਆਲ ਨਹੀਂ, ਨਾ ਹੀ ਕਿਸੇ ਦਾ ਬਚਾਅ ਕਰਨ ਦੀ ਲੋੜ ਸਮਝਦੇ ਹਨ।

ਪੰਜਾਬ ਦੇ ਖੇਤਰਫਲ ਅਨੁਸਾਰ ਇਹ ਆਬਾਦੀ ਬਹੁਤ ਹੀ ਜ਼ਿਆਦਾ ਹੈ। ਇੰਨੇ ਕੁ ਪੰਜਾਬ ਵਿਚ ਇਸ ਤੋਂ ਅੱਧੀ ਕੁ ਜਨਸੰਖਿਆ ਨੂੰ ਇਹ ਪੰਜਾਬ ਸੰਭਾਲ ਸਕਦਾ ਹੈ।

ਇੱਧਰ ਕੈਲੇਫੋਰਨੀਆ ਦੀ ਆਬਾਦੀ 3 ਕਰੋੜ 80 ਲੱਖ, 41 ਹਜ਼ਾਰ ਦੇ ਕਰੀਬ ਹੈ ਤੇ ਧਰਤੀ ਪੱਖੋਂ 4,23,970 ਕਿਲੋਮੀਟਰ ਜਾਂ 163696 ਸਕੁਏਅਰ ਮੀਲ ਹੈ। ਜੋ ਕਿ ਪੰਜਾਬ ਦੇ ਮੁਕਾਬਲੇ ਜਿੱਥੇ ਸਿਰਫ 1 ਲੱਖ 37 ਹਜ਼ਾਰ ਮੀਲ ਦਾ ਰਕਬਾ ਬਣਦਾ ਹੈ, ਤੋਂ ਬਹੁਤ ਜ਼ਿਆਦਾ ਹੈ।

ਪੰਜਾਬ ਵਿਚ 12 ਹਜ਼ਾਰ ਤੋਂ ਵੀ ਜ਼ਿਆਦਾ ਪਿੰਡ ਹਨ ਪਰ ਇਹ ਆਬਾਦੀ ਜੋ ਇੰਨੀ ਵਧੀ ਹੋਈ ਹੈ, ਨੇ ਪੰਜਾਬ ਦੀਆਂ ਸੜਕਾਂ ਤੇ ਹਨੇਰੀ ਲਿਆਂਦੀ ਹੋਈ ਹੈ। ਜਿੱਧਰ ਜਾਓ, ਜਿਸ ਸ਼ਹਿਰ ਜਾਓ, ਬੱਸ ਇਨਸਾਨ ਵੇਖ ਕੇ ਦੰਗ ਹੀ ਰਹਿ ਜਾਂਦਾ ਹੈ।

ਮੈਂ ਅੰਮ੍ਰਿਤਸਰ, ਲੁਧਿਆਣਾ, ਜਲੰਧਰ, ਤਰਨਤਾਰਨ, ਪਟਿਆਲਾ, ਨਵਾਂ ਸ਼ਹਿਰ, ਰੋਪੜ, ਚੰਡੀਗੜ੍ਹ, ਸ਼ਿਮਲਾ, ਆਨੰਦਪੁਰ ਸਾਹਿਬ, ਨਕੋਦਰ, ਕਪੂਰਥਲਾ, ਫਿਲੌਰ, ਫਗਵਾੜਾ ਤੇ ਹੁਸ਼ਿਆਰਪੁਰ ਤੇ ਕੁਝ ਕਸਬੇ ਆਦਮਪੁਰ, ਸਰਹਿੰਦ, ਮਾਛੀਵਾੜਾ, ਰਾਜਪੁਰਾ ਤੇ ਕੁਝ ਹੋਰਾਂ ਵਿਚੋਂ ਲੰਘਣ ਦਾ ਉਪਰਾਲਾ ਕੀਤਾ ਤੇ ਜਿੱਧਰੋਂ ਵੀ ਲੰਘੇ, ਭੀੜ ਤੇ ਭੀੜ, ਗੱਡੀ ਤੇ ਗੱਡੀ ਤੇ ਮੋਟਰ ਸਾਈਕਲ, ਟਰੱਕ, ਬੱਸਾਂ, ਸਕੂਟਰ ਤੇ ਖ਼ਬਰੇ ਕੀ ਕੀ ਹੋਰ ਸੜਕਾਂ ਤੇ ਖਿਲਰੇ ਫਿਰਦੇ ਹਨ। ਕਿਸੇ ਨੂੰ ਇਹ ਚੀਜ਼ਾਂ ਚਲਾਉਣ ਲਈ ਕੋਈ ਖਾਸ ਸਿਖਲਾਈ ਲੈਣ ਦੀ ਵੀ ਲੋੜ ਨਹੀਂ, ਸ਼ਾਇਦ ਹੈਂਡਲ ਫੜਨਾ ਸਿੱਖ ਕੇ ਜਦੋਂ ਉਹ ਵੱਡੀਆਂ ਵੱਡੀਆਂ ਗੱਡੀਆਂ ਚਲਾਉਣ ਲੱਗਦੇ ਹਨ, ਸ਼ਾਇਦ ਉਹਨਾਂ ਨੂੰ ਭੁਲੇਖਾ ਲੱਗਦਾ ਹੋਵੇਗਾ ਕਿ ਉਹ ਡਰਾਇਵਰ ਬਣ ਗਏ ਹਨ। ਪਰ ਮੁਆਫ ਕਰਨਾ ਹੈਂਡਲ ਸਿੱਧਾ ਫੜਨ ਨੂੰ ਡਰਾਇਵਰੀ ਨਹੀਂ ਕਿਹਾ ਜਾਂਦਾ।

ਇਸ ਦੇ ਸਾਰੇ ਕਾਨੂੰਨ ਸਿੱਖਣੇ ਪੈਂਦੇ ਹਨ। ਜੋ ਪੰਜਾਬ ਦੇ ਬਹੁਤੇ ਡਰਾਇਵਰਾਂ ਨੂੰ ਨਹੀਂ ਆਉਂਦੇ। ਟਰੱਕ ਡਰਾਈਵਰਾਂ ਨੂੰ ਤਾਂ ਸ਼ਾਇਦ ਇਹ ਸਿਖਲਾਈ ਦਿੱਤੀ ਹੀ ਨਹੀਂ ਜਾਂਦੀ, ਇਹ ਕਲੀਨਰ ਤੋਂ ਡਰਾਈਵਰ ਬਣ ਕੇ ਬਹੁਤ ਕੁਝ ਗਲਤ ਕਰਨ ਵਿਚ ਮੁਹਾਰਤ ਰੱਖਦੇ ਹਨ ਤੇ ਗੱਡੀ ਚਲਾਉਣ ਵੇਲੇ ਪੂਰਾ ਆਰਾਮ ਵੀ ਨਹੀਂ ਕਰਦੇ। ਜਿੰਨੇ ਮਰਜ਼ੀ ਪੰਜਾਬ ਜਾਂ ਦੂਸਰੇ ਰਾਜਾਂ ਵਿਚ ਸੜਕਾਂ ਤੇ ਟਰੈਕ (ਲਾਈਨਾਂ) ਵੀ ਬਣਾ ਦਿੱਤੀਆਂ ਹਨ, ਉਹ ਫਿਰ ਵੀ ਵਿਚਕਾਰ ਜਿਹੇ ਰੱਖ ਕੇ ਟਰੱਕ ਚਲਾਉਂਦੇ ਹਨ। ਉਹਨਾਂ ਦਾ ਵਿਚਾਰ ਹੁੰਦਾ ਹੈ ਕਿ ਟਰੱਕ ਕਾਫੀ ਵੱਡਾ ਹੈ ਜੋ ਫਸੇਗਾ ਥੱਲੇ ਆਵੇਗਾ, ਉਹੀ ਮਰੇਗਾ। ਅਸੀਂ ਉਚੇ ਟਰੱਕ ਵਿਚ ਬੈਠੇ ਹਾਂ। ਜਿੱਥੇ ਜਿੱਥੇ ਤਿੰਨ ਲਾਈਨਾਂ ਹਨ, ਉਥੇ ਉਹ ਪਹਿਲੀ ਲਾਈਨ ਵਿਚ ਹੀ ਤੁਰੇ ਜਾਂਦੇ ਹਨ।

ਕਿਸੇ ਕਿਸਮ ਦੀ ਸਿਖਲਾਈ ਨਾ ਲਏ ਹੋਣ ਦੀ ਵਜ੍ਹਾ ਨਾਲ ਬਹੁਤੇ ਡਰਾਈਵਰ ਜਿੱਧਰੋਂ ਦਿਲ ਕਰਦਾ ਹੈ ਸੜਕਾਂ ਤੋਂ ਟਰੱਕਾਂ ਵਾਲੇ ਲੰਘੀ ਜਾਂਦੇ ਹਨ। ਜੇ ਕਿਸੇ ਵਿਚ ਜਾ ਵੱਜਣ ਤਾਂ ਉਸ ਕਾਰ ਜੀਪ ਦੀ ਹਾਲਤ ਖਸਤਾ ਬਣ ਜਾਂਦੀ ਹੈ। ਲੋਕ ਵੀ ਕਾਰਾਂ ਚਲਾਉਣ ਲੱਗਿਆਂ ਇਹ ਸ਼ਾਇਦ ਸੋਚਦੇ ਨਹੀਂ ਕਿ ਉਹ ਤੁਹਾਡੀ ਕਾਰ ਤੋਂ ਬਹੁਤ ਭਾਰੀ ਹੈ, ਇਸ ਵਿਚ ਹੋਰ ਲੋਕ ਵੀ ਨਾਲ ਦਰੜੇ ਜਾਣਗੇ। ਪਰ ਕੀ ਕਰਨ ਲੋਕਾਂ ਦੀ ਇੰਨੀ ਭੀੜ ਵਿਚ ਡਰਾਈਵਰ ਸੜਕਾਂ ਤੇ ਹਾਥੀ ਦੀ ਚਾਲ ਚੱਲਦੇ ਹਨ ਤੇ ਕਈ ਵਾਰ ਉਹਨਾਂ ਨੂੰ ਪਤਾ ਵੀ ਨਹੀਂ ਲੱਗਦਾ ਕਿ ਉਹਨਾਂ ਦੇ ਟਰੱਕ ਥੱਲੇ ਕੋਈ ਆ ਕੇ ਮਰ ਵੀ ਗਿਆ ਹੈ ਕਿ ਨਹੀਂ। ਉਹ 4 ਅੱਖਾਂ ਨਾਲ ਤਾਂ ਚਲਾ ਨਹੀਂ ਸਕਦੇ, ਦੋ ਹੀ ਹਨ, ਉਹ ਜਿੰਨੀ ਕੁ ਨਜ਼ਰ ਦੁੜਾਉਂਦੇ ਹਨ, ਉਹਨਾਂ ਟਰੱਕ ਅੱਗੇ ਵਧਾਈ ਜਾਂਦੇ ਹਨ। ਇਹੀ ਟਰੱਕ ਡਰਾਈਵਰ ਇਹਨਾਂ ਦੇਸ਼ਾਂ ਵਿਚ ਵਧੀਆ ਟਰੱਕ ਚਲਾ ਸਕਦੇ ਹਨ। ਪਰ ਅਫਸੋਸ ਇਸ ਗੱਲ ਦਾ ਹੈ ਕਿ ਪੰਜਾਬ ਵਿਚ ਆਵਾਜਾਈ ਦੇ ਕਾਨੂੰਨ ਦੇ ਬਾਵਜੂਦ ਵੀ ਕੋਈ ਇਹਨਾਂ ਦੀ ਪਰਵਾਹ ਨਹੀਂ ਕਰਦਾ ਤੇ ਹੁੰਦਾ ਕੀ ਹੈ? ਲੋਕਾਂ ਦੀ ਕਾਹਲੀ ਦੇ ਕਾਰਨ 20-25 ਲੋਕੀ ਰੋਜ਼ਾਨਾ ਮਾਰੇ ਜਾਂਦੇ ਹਨ ਅਤੇ ਕਈ ਸੌ ਜ਼ਖਮੀ ਹੁੰਦੇ ਹਨ।

ਸਿੱਧਾ ਸਾਦਾ ਕਾਰਨ ਹੈ ਕੋਈ ਕਿਸੇ ਦੀ ਨਹੀਂ ਸੁਣ ਰਿਹਾ। ਆਪੋ ਧਾਪੀ ਪਈ ਹੈ। ਇਉਂ ਲੱਗਦਾ ਹੈ ਜਿਵੇਂ ਪੰਜਾਬ ਦੇ ਲੋਕ ਬਿਨਾਂ ਮਕਸਦ ਤੋਂ ਦੌੜ ਰਹੇ ਹਨ। ਕੰਮ ਪੰਜਾਬ ਵਿਚ ਹੈ ਨਹੀਂ, ਕੋਈ ਇੰਡਸਟਰੀ ਪੰਜਾਬ ਵਿਚ ਨਵੀਂ ਨਹੀਂ ਲੱਗ ਰਹੀ, ਜਿਹੜੀ ਹੈ ਉਹ ਪੁਰਾਣੀ ਹੋ ਚੁੱਕੀ ਹੈ।

ਜਿੱਧਰ ਜਾਓ ਮੁਲਖਈਆ ਇਉਂ ਤੁਰਿਆ ਫਿਰਦਾ ਹੈ, ਜਿਵੇਂ ਸਾਰੇ ਜੰਗ ਜਿੱਤਣ ਵੱਲ ਤੁਰੇ ਹੋਏ ਹੋਣ ਜਾਂ ਇਉਂ ਕਹਿ ਲਓ ਦਿਸ਼ਾਹੀਣ ਹੀ ਦੌੜੇ ਭੱਜੇ ਫਿਰ ਰਹੇ ਹਨ। ਜਿੱਧਰ ਜਾਓ ਮੁਲਖਈਆ ਇਉਂ ਤੁਰਿਆ ਫਿਰਦਾ ਹੈ, ਜਿਵੇਂ ਸਾਰੇ ਜੰਗ ਜਿੱਤਣ ਵੱਲ ਤੁਰੇ ਹੋਏ ਹੋਣ ਜਾਂ ਇਉਂ ਕਹਿ ਲਓ ਦਿਸ਼ਾਹੀਣ ਹੀ ਦੌੜੇ ਭੱਜੇ ਫਿਰ ਰਹੇ ਹਨ। ਕੀਮਤਾਂ ਅਸਮਾਨੀ ਛੂਹ ਰਹੀਆਂ ਹਨ।

ਇਕ ਦੂਸਰੇ ਤੋਂ ਅੱਗੇ ਕਾਰਾਂ ਭਜਾਈ ਫਿਰਦੇ ਹਨ। ਦੂਹਰੀ ਸੜਕ ਤੇ ਇਕ ਦੂਸਰੇ ਤੋਂ ਅੱਗੇ ਜਾਣ ਲਈ ਅੱਗਿਉਂ ਆਉਂਦੀ ਕਿਸੇ ਚੀਜ਼ ਨੂੰ ਵੀ ਦੇਖਦੇ ਨਹੀਂ। ਬੱਸ ਫਿਰ ਕੀ ਹੋਣਾ ਹੈ 5-7 ਸਵਾਰੀਆਂ ਇੱਧਰੋਂ 5-7 ਉਧਰੋਂ ਆ ਟਕਰਾਉਂਦੀਆਂ ਹਨ, ਕਿਸੇ ਦੇ ਘਰ ਉਜੜ ਜਾਂਦੇ ਹਨ, ਕੋਈ ਘਰ ਪਹੁੰਚ ਨਹੀਂ ਪਾਉਂਦਾ। ਬਹੁਤੇ ਲੋਕ ਬਿਨਾਂ ਕਸੂਰੋਂ ਹੀ ਮਰਦੇ ਹਨ। ਮੈਂ ਕਾਰ ਦੇ ਡਰਾਈਵਰ ਨੂੰ ਜਾਂਦਿਆਂ ਹੀ ਕਹਿ ਦਿੱਤਾ ਕਿ ਭਾਈ ਜਿੱਧਰ ਜਿੱਧਰ ਸਾਨੂੰ ਤੁਸੀਂ ਲੈ ਕੇ ਜਾਣਾ ਹੈ, ਉਧਰ ਜਾਣ ਦੀ ਸਾਨੂੰ ਕਾਹਲੀ ਕੋਈ ਨਹੀਂ। ਅਸੀਂ ਸਿਰਫ ਆਪਣੇ ਪਾਸੇ ਰੱਖ ਕੇ ਕਾਰ ਚਲਾ ਕੇ ਪਹੁੰਚਣਾ ਚਾਹੁੰਦੇ ਹਾਂ।

ਤੇਰੀ ਮਿਹਰਬਾਨੀ ਹੋਵੇਗੀ ਜੇ ਸਾਨੂੰ ਸੈਰ ਆਰਾਮ ਨਾਲ ਕਰਵਾ ਸਕੇਂ। ਖੈਰ ਡਰਾਈਵਰ ਸਿਆਣਾ ਨਿਕਲਿਆ, ਕਹਿੰਦਾ ਸਰਦਾਰ ਜੀ ਮੈਂ ਕਾਰ ਚਲਾ ਕੇ ਆਪ ਨੂੰ ਅਤੇ ਤੁਹਾਨੂੰ ਕਿਸੇ ਮੁਸੀਬਤ ਵਿਚ ਪਾਉਣ ਲਈ ਕੋਈ ਕਾਹਲ ਨਹੀਂ ਕਰਾਂਗਾ।

ਅਸੀਂ 10-15 ਮਿੰਟ ਦੀ ਦੇਰੀ ਨਾਲ ਹਰ ਜਗ੍ਹਾ ਆਰਾਮ ਨਾਲ ਪਹੁੰਚ ਜਾਂਦੇ ਸੀ। ਕੋਈ ਵੀ ਤਕਲੀਫ਼ ਨਹੀਂ ਹੋਈ। ਹਾਂ ਇਕ ਦੋ ਵਾਰ ਦੀ ਗੱਲ ਹੈ, ਜਲੰਧਰ ਤੋਂ ਨਵਾਂ ਸ਼ਹਿਰ ਆਉਂਦਿਆਂ ਇਕ ਮੋਟਰ ਸਾਇਕਲ ਵਾਲਾ ਨੌਜਵਾਨ ਸਾਨੂੰ ਇਉਂ ਕੱਟ ਕੇ ਗਿਆ, ਜਿਵੇਂ ਹੋਣੀ ਉਸਦਾ ਇੰਤਜ਼ਾਰ ਕਰਦੀ ਹੋਵੇ। ਸਾਡੀਆਂ ਅੱਖਾਂ ਦੇ ਸਾਹਮਣੇ ਹੀ ਉਹ ਇਕ ਟਰੱਕ ਦੀ ਲਪੇਟ ਵਿਚ ਆ ਗਿਆ ਤੇ ਜ਼ਿੰਦਗੀ ਨੂੰ ਬੇਮਤਲਬ ਸਮਝ ਕੇ ਛੱਡ ਗਿਆ। ਮਾਂ-ਬਾਪ ਨੂੰ ਜਦੋਂ ਪਤਾ ਲੱਗਾ ਹੋਵੇਗਾ, ਉਹ ਸੁੰਨ ਹੋ ਗਏ ਹੋਣਗੇ।

ਨਵਾਂ ਸ਼ਹਿਰ ਤੋਂ ਅੰਮ੍ਰਿਤਸਰ ਜਾਂਦਿਆਂ ਇਕ 7-8 ਸੀਟਾਂ ਵਾਲੀ ਵੈਨ ਸਾਨੂੰ ਦੋ ਤਿੰਨ ਵਾਰ ਕੱਟਣ ਦੀ ਕੋਸ਼ਿਸ਼ ਕਰਦੀ ਕਰਦੀ ਸਫਲ ਹੋ ਗਈ, 4 ਕੁ ਮੀਲ ਦੂਰ ਜਾ ਕੇ ਜਿੱਥੇ ਬੰਗਾ ਲਾਗੇ ਸ਼ਹੀਦ ਭਗਤ ਸਿੰਘ ਦਾ ਬੁੱਤ ਹੈ, ਉਸ ਦੇ ਲਾਗੇ ਹੀ ਸਿੱਧੀ ਟੱਕਰ ਹੋਣੋਂ ਬਚਦਾ ਹੋਇਆ ਉਲਟਾ ਹੋ ਗਿਆ ਤੇ ਹਾਲੇ ਅਸੀਂ ਦੂਰ ਸੀ, ਸਵਾਰੀਆਂ ਜੋ ਵਿਚ ਸਨ, ਜ਼ਮੀਨ ਵੱਲ ਸਿਰ ਕਰਕੇ ਚੀਖਾਂ ਮਾਰ ਰਹੀਆਂ ਸਨ ਕਿ ਕੋਈ ਉਹਨਾਂ ਨੂੰ ਬਚਾ ਲਵੇ- ਕੀ ਖੱਟਿਆ ਤੇਜ਼ੀ ਨੇ।

ਇਕ ਵੱਡਾ ਕਾਰਨ ਇਹ ਵੀ ਹੈ ਕਿ ਪੰਜਾਬ ਵਿਚ ਨਸ਼ਿਆਂ ਨੇ ਬਹੁਤ ਹੀ ਬੁਰਾ ਹਾਲ ਕੀਤਾ ਹੋਇਆ ਹੈ। ਇਹ ਡਰਾਈਵਰ ਲੋਕ ਵੀ ਇਹਨਾਂ ਨਿਕੰਮੀਆਂ ਨਕਲੀ ਦਵਾਈਆਂ ਦਾ ਜਿਸ ਨਾਲ ਸਿਰ ਘੁੰਮ ਜਾਵੇ, ਦਾ ਸੇਵਨ ਕਰਦੇ ਹਨ।

ਆਪ ਨਹੀਂ ਮਰਨਗੇ ਤੇ ਗਰੰਟੀ ਹੈ ਕਿਸੇ ਹੋਰ ਨੂੰ ਮਾਰ ਲੈਣਗੇ। ਤਿੰਨ ਚਾਰ ਹਫਤੇ ਤੱਕ ਅਸੀਂ ਡਰ ਡਰ ਕੇ ਕਿਧਰੇ ਜਾਂਦੇ ਰਹੇ ਤੇ ਮਸਾਂ ਘਰ ਮੁੜਦੇ ਰਹੇ। ਜਦੋਂ ਜਾਵੋ, ਉਹਨਾਂ ਬਹਾਦਰ ਡਰਾਈਵਰਾਂ ਨੂੰ ਇਕ ਟੁੱਕ ਸੁਣਾ ਦਿਓ ਕਿ "ਅਸੀਂ ਮਰਨ ਨਹੀਂ ਆਪਣੀ ਮਿੱਟੀ ਦੀ ਖੁਸ਼ਬੂ ਲੈਣ ਆਏ ਹਾਂ" ਤੁਹਾਡੀ ਗਲਤੀ ਨਾਲ ਆਪਣੇ ਪਰਿਵਾਰ ਲਈ ਮੁਸੀਬਤ ਮੁੱਲ ਲੈਣ ਨਹੀਂ।

---------------









# ਮੈਂ ਸੱਜ ਵਿਆਹੀ ਨਾਰ- ਮੈਂ ਦੇਸ਼ ਦਾ ਪਹਿਰੇਦਾਰ- ਨਿਰਮਲ ਸਿੰਘ ਨਿਰਮਲ



**ਜਗਤਾਰ ਸਿੰਘ ਗਿੱਲ, ਫਰੀਮਾਂਟ**
(ਪਿੰਡ ਪੁਰਾਣੇ ਵਾਲਾ, ਮੋਗਾ) 408-857-4455

## ਮੁੱਖ ਸੰਪਾਦਕ ਵੱਲੋਂ ਟੀਮ ਦਾ ਸ਼ਲਾਘਾ

ਕਾਫਰ ਹੋ ਕੇ ਲੱਭ ਲੈਂਦੇ ਨੇ ਖੋਜ਼ੀ ਅੰਤ ਟਿਕਾਣਾ- ਨਿਰਮਲ ਸਿੰਘ ਨਿਰਮਲ ਗਾਇਕ ਨੂੰ ਲੱਭਣ ਦਾ ਸਿਹਰਾ ਲਾਲ ਚੰਦ ਯਮਲਾ ਜੱਟ ਕਮੇਟੀ ਲੁਹਾਰਾ (ਮੋਗਾ) ਦੇ ਅਣਥੱਕ ਕਾਰਕੁੰਨਾਂ ਦੇ ਸਿਰ ਬੱਝਦਾ ਹੈ, ਜਿਹਨਾਂ ਵਿਚ ਸਰਪ੍ਰਸਤ ਬਲਵਿੰਦਰ ਬਾਵਾ, ਗਾਇਕ ਨਜ਼ੀਰ ਮੁਹੰਮਦ, ਰਿਕਾਰਡਿੰਗ ਕੰਪਨੀ ਦੇ ਮਾਲਕ ਅਸ਼ੋਕ ਬਾਂਸਲ ਮਾਨਸਾ ਤੇ ਸਾਡੇ ਕਾਲਮ ਨਵੀਸ ਜਗਤਾਰ ਗਿੱਲ ਹੋਰੀਂ ਸ਼ਾਮਲ ਹਨ। ਇਹ ਕੰਮ ਇੰਨਾ ਸੌਖਾ ਨਹੀਂ ਹੈ ਪਰ ਜਿਹਨਾਂ ਨੇ ਕੁਝ ਕਰਨ ਦੀ ਠਾਣੀ ਹੁੰਦੀ ਹੈ ਉਹ ਟਿਕ ਕੇ ਨਹੀਂ ਬਹਿੰਦੇ। ਇਹਨਾਂ ਨੇ ਇਸ ਗਾਇਕ ਦੀ ਪੈੜ ਦੱਬ ਕੇ ਦਿੱਲੀ ਜਾ ਲੱਭਿਆ। ਫੋਨ ਤੇ ਇੰਟਰਵਿਊ ਪੰਜ ਵਾਰ ਕੀਤੀ ਤੇ ਲੇਖ ਤੁਹਾਡੇ ਲਈ ਹਾਜ਼ਰ ਹੈ। ਅਗਲੇਰੇ ਲੇਖਾਂ ਵਿਚ ਦਲੀਪ ਸਿੰਘ ਦੀਪ ਬਾਰੇ ਪੜ੍ਹੋਗੇ। ਫਰਵਰੀ 2015 ਯਮਲਾ ਜੀ ਦੇ ਮੇਲੇ ਤੇ ਲੁਹਾਰੇ ਕਮੇਟੀ ਇਹਨਾਂ ਨੂੰ ਸਨਮਾਨਿਤ ਕਰਨ ਜਾ ਰਹੀ ਹੈ। ਹੁਣ ਤੱਕ ਸੈਂਕੜੇ ਹੀ ਪੁਰਾਣੇ ਗਾਇਕਾਂ ਤੇ ਲੇਖਕਾਂ ਦਾ ਸਨਮਾਨ ਕਰ ਚੁੱਕੀ ਹੈ ਤੇ ਲੋੜਵੰਦਾਂ ਦੀ ਮਾਇਕ ਮਦਦ ਵੀ ਕਰ ਚੁੱਕੀ ਹੈ। ਯਮਲਾ ਜੀ ਦੇ ਦਸ ਮੇਲੇ ਲਗਵਾ ਚੁੱਕੀ ਹੈ। ਪੁਰਾਣੀਆਂ ਵਸਤਾਂ ਦੀ ਸਾਂਭ ਸੰਭਾਲ ਲਈ ਵਿਰਾਸਤ ਭਵਨ ਬਣਾਇਆ ਹੋਇਆ ਹੈ, ਜੋ ਮੈਂ ਆਪ ਅੱਖੀਂ ਵੇਖ ਕੇ ਆਇਆ ਹਾਂ। ਇਸ ਕਮੇਟੀ ਨੇ ਮੈਨੂੰ ਲੁਹਾਰੇ ਵਿਖੇ ਸੱਦ ਕੇ ਸਨਮਾਨਿਤ ਕੀਤਾ। ਇਹਨਾਂ ਦੀ ਅਣਥੱਕ ਸੇਵਾ ਨੂੰ ਮੇਰਾ ਸਲਾਮ ਹੈ।

**– ਬਲਬੀਰ ਸਿੰਘ ਐਮ. ਏ.**
**ਮੁੱਖ ਸੰਪਾਦਕ ਪਰਦੇਸ ਟਾਇਮਜ਼**

ਪਰਮਾਤਮਾ ਦੀ ਬਖਸ਼ਿਸ਼ ਮੇਰੇ ਪਾਠਕਾਂ ਦੀ ਹੱਲਾਸ਼ੇਰੀ ਅਤੇ ਪਿਆਰ ਦੇ ਸਦਕੇ ਮੈਂ ਤਕਰੀਬਨ ਉਹਨਾਂ ਪੁਰਾਣੇ ਸਾਰਿਆਂ ਗਾਇਕਾਂ ਅਤੇ ਲੇਖਕਾਂ ਬਾਰੇ ਖੋਜ ਭਰਪੂਰ ਲੇਖ ਲਿਖ ਚੁੱਕਾ ਹਾਂ, ਜਿਹਨਾਂ ਨੇ ਪੰਜਾਬੀ ਗਾਇਕੀ ਦੀ ਚੜ੍ਹਦੀ ਕਲਾ ਲਈ ਬਹੁਮੁੱਲਾ ਯੋਗਦਾਨ ਪਾਇਆ ਹੈ। ਜ਼ਿਆਦਾਤਰ ਤਾਂ ਰੱਬ ਨੂੰ ਪਿਆਰੇ ਹੋ ਗਏ ਹਨ। ਕੁਝ ਇਕ ਅਖੀਰਲੀ ਮੰਜ਼ਿਲ ਵੱਲ ਵੱਧ ਰਹੇ ਹਨ। ਇਹਨਾਂ ਦੀ ਕਿਸੇ ਨੇ ਸਾਰ ਨਹੀਂ ਲਈ। ਕਈ ਤਾਂ ਠੀਕ ਗੁਜ਼ਾਰਾ ਕਰੀ ਜਾ ਰਹੇ ਹਨ ਪਰ ਕਈ ਗੁਰਬਤ ਦੀ ਜ਼ਿੰਦਗੀ ਜਿਉਂ ਰਹੇ ਹਨ। ਬਾਬੂ ਰਜ਼ਬ ਅਲੀ ਤੇ ਯਮਲਾ ਜੱਟ ਜੀ ਤੋਂ ਲੈ ਕੇ ਚਾਂਦੀ ਰਾਮ, ਹਰਚਰਨ ਗਰੇਵਾਲ, ਦੀਦਾਰ ਸੰਧੂ, ਸ਼ੀਤਲ, ਕਰਨੈਲ ਗਿੱਲ, ਨਰਿੰਦਰ ਬੀਬਾ, ਸੁਰਿੰਦਰ ਤੇ ਪ੍ਰਕਾਸ਼ ਕੌਰ ਹੋਰਾਂ ਬਾਰੇ ਮੇਰੀ ਕਲਮ ਲਿਖ ਚੁੱਕੀ ਹੈ। ਸਾਲ 2008 ਤੋਂ ਲੈ ਕੇ ਲਗਾਤਾਰ ਤਕਰੀਬਨ 150 ਆਰਟੀਕਲ, ਜਿਸ ਵਿਚ 80 ਦੇ ਕਰੀਬ ਗਾਇਕਾਂ-ਲੇਖਕਾਂ ਦੀ ਜੀਵਨੀ ਹੈ, ਮੈਨੂੰ ਲਿਖਣ ਦੀ ਮਿਹਰ ਉਸ ਪਰਵਰਦਗਾਰ ਨੇ ਬਖਸ਼ੀ ਹੈ। ਹੁਣ ਜਿਹਨਾਂ ਬਾਰੇ ਗੱਲ ਕਰਨ ਜਾ ਰਿਹਾ ਹਾਂ, ਉਹ ਯਮਲਾ ਜੀ, ਚਾਂਦੀ ਰਾਮ, ਆਸਾ ਸਿੰਘ ਮਸਤਾਨਾ, ਜਗਤ ਸਿੰਘ ਜੱਗਾ, ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਨਰਿੰਦਰ ਕੌਰ ਤੇ ਨਰਿੰਦਰ ਬੀਬਾ ਦੇ ਸਮਕਾਲੀ ਰਹੇ ਹਨ। ਜਿਹਨਾਂ ਦਾ ਦੋਗਾਣਾ ਪ੍ਰਕਾਸ਼ ਕੌਰ ਨਾਲ ਕਦੇ ਪੰਜਾਬ ਦੀਆਂ ਫਿਜ਼ਾਵਾਂ ਵਿਚ ਗੂੰਜਦਾ ਹੁੰਦਾ ਸੀ-

ਆਓ ਨੀ ਸਹੇਲੀਉ ਮੈਂ ਖੋਹਲ ਕੇ ਸੁਣਾਵਾਂ,
ਕਿੰਝ ਬੀਤੀ ਮੁਕਲਾਵੇ ਵਾਲੀ ਰਾਤ।'

ਨਿਰਮਲ ਜਿਹੇ ਸੁਭਾਅ ਦਾ ਮਾਲਕ, ਮਿੱਠੀ ਮਿੱਠੀ ਨਿਰਮਲ ਜਿਹੀ ਹੇਕ ਲਾਉਣ ਵਾਲਾ ਤੇ ਪਿਆਰ ਭਰੀਆਂ ਨਿਰਮਲ ਜਿਹੀਆਂ ਗੱਲਾਂ ਕਰਨ ਵਾਲਾ ਉਹ ਇਨਸਾਨ ਹੈ ਨਿਰਮਲ ਸਿੰਘ 'ਨਿਰਮਲ'। ਨਿਰਮਲ ਦਾ ਜਨਮ ਉਸ ਸਮੇਂ ਜਲੰਧਰ ਜ਼ਿਲ੍ਹੇ ਦੇ ਪਿੰਡ ਬੱਲੋਵਾਲ ਵਿਖੇ 20 ਅਪ੍ਰੈਲ 1934 ਨੂੰ ਹੋਇਆ ਸੀ। ਹੁਣ ਇਹ ਪਿੰਡ ਨਵਾਂ ਸ਼ਹਿਰ ਵਿਚ ਚਲਾ ਗਿਆ ਹੈ। ਪਿਤਾ ਜੀ ਦਾ ਨਾਂ ਸ. ਸਾਧੂ ਸਿੰਘ ਤੇ ਮਾਤਾ ਜੀ ਸਰਦਾਰਨੀ ਸਵਰਨ ਕੌਰ ਸਨ। ਮੁਢਲੀ ਪੜ੍ਹਾਈ ਪਿੰਡ ਲਿੱਧੜ ਕਲਾਂ ਤੋਂ ਸ਼ੁਰੂ ਕਰਕੇ ਦਸਵੀਂ ਜਮਾਤ ਮੁਕੰਦਪੁਰ ਹਾਈ ਸਕੂਲ ਤੋਂ ਬਹੁਤ ਹੀ ਚੰਗੇ ਅੰਕ ਲੈ ਕੇ ਫਸਟ ਡਵੀਜ਼ਨ ਵਿਚ ਪਾਸ ਕੀਤੀ। ਪਿਤਾ ਜੀ ਸਰਕਾਰੀ ਨੌਕਰੀ, ਪੀ. ਡਬਲਿਊ ਡੀ. ਵਿਚ ਕਰਦੇ ਸਨ। ਉਹਨਾਂ ਦੀ ਬਦਲੀ 1950 ਵਿਚ ਨਿਰਮਲ ਦੇ ਦਸਵੀਂ ਪਾਸ ਕਰਨ ਸਾਰ ਹੀ ਦਿੱਲੀ ਦੀ ਹੋ ਗਈ ਤੇ ਉਦੋਂ ਤੋਂ ਹੀ ਇਹ ਪਰਿਵਾਰ ਦਿੱਲੀ ਰਹਿ ਰਿਹਾ ਹੈ। ਪਰਿਵਾਰ ਵੱਡਾ ਸੀ ਤੇ ਅੱਗੇ ਪੜ੍ਹਾਈ ਨਸੀਬ ਨਹੀਂ ਹੋਈ। ਨਿਰਮਲ ਨੇ ਰੇਡੀਓ ਬਣਾਉਣ ਦਾ ਕੰਮ ਸਿੱਖ ਕੇ ਆਪਣੀ ਦੁਕਾਨ ਖੋਲ੍ਹ ਲਈ 'ਨਿਰਮਲ ਰੇਡੀਓ ਸਰਵਿਸ।'

ਆਪਣੀ ਵਿਆਹੁਤਾ ਜ਼ਿੰਦਗੀ ਬਾਰੇ ਦੱਸਦੇ ਹਨ ਕਿ 1941 ਵਿਚ ਮੇਰਾ ਤੀਜੀ ਜਮਾਤ ਵਿਚ ਪੜ੍ਹਦੇ ਦਾ ਮੰਗਣਾ ਹੋ ਗਿਆ ਸੀ। 1950 ਵਿਚ ਵਿਆਹ ਤੇ 1953 ਵਿਚ ਮੁਕਲਾਵਾ। ਮੈਂ ਹੱਸ ਕੇ ਕਿਹਾ ਉਹ ਗੀਤ ਕਿਤੇ ਮੁਕਲਾਵੇ ਤੋਂ ਪ੍ਰਭਾਵਿਤ ਹੋ ਕੇ ਤਾਂ ਨਹੀਂ ਕਰਵਾਇਆ ਸੀ-

ਆਓ ਮੇਰੇ ਬੇਲੀਉ ਮੈਂ ਖੋਲ੍ਹ ਕੇ ਸੁਣਾਵਾਂ
ਕਿੰਝ ਬੀਤੀ ਮੁਕਲਾਵੇ ਵਾਲੀ ਰਾਤ

ਅੱਗੋਂ ਹੱਸ ਕੇ ਕਹਿਣ ਲੱਗੇ- ਬਿਲਕੁਲ ਉਹਨਾਂ ਦਿਨਾਂ ਦੀ ਹੀ ਗੱਲ ਹੈ। ਫਿਰ ਆਪਣੇ ਮੰਗਣੇ ਦੀ ਹੱਡ ਬੀਤੀ ਸੁਣਾਉਣ ਲੱਗ ਪਏ। ਕਹਿੰਦੇ ਮੈਂ ਤੀਸਰੀ ਵਿਚ ਪੜ੍ਹਨ ਸਕੂਨ ਗਿਆ ਹੋਇਆ ਸੀ। ਘਰੋਂ ਪਰਿਵਾਰ ਦਾ ਮੈਂਬਰ ਆ ਕੇ ਮਾਸਟਰ ਜੀ ਕਹਿਣ ਲੱਗਾ- ਜੀ ਨਿਰਮਲ ਨੂੰ ਥੋੜ੍ਹੇ ਚਿਰ ਲਈ ਛੁੱਟੀ ਦੇ ਦਿਓ, ਇਹਨੂੰ ਵੇਖਣ ਵਾਲੇ ਆਏ ਹੋਏ ਐ।' ਮੈਂ ਪੈਰੋਂ ਨੰਗਾ, ਕੱਛਾ ਪਾਇਆ ਹੋਇਆ ਤੇ ਪੁਰਾਣੇ ਜਿਹੇ ਲੀੜੇ। ਸਾਡੇ ਮਾਸਟਰ ਜੀ ਬੜੇ ਸਿਆਣੇ ਸਨ। ਉਹਨਾਂ ਨੇ ਮੇਰੇ ਕੱਪੜੇ ਕਿਸੇ ਸੋਹਣੇ ਕੱਪੜਿਆਂ ਵਾਲੇ ਮੁੰਡੇ ਨਾਲ ਥੋੜ੍ਹੇ ਚਿਰ ਲਈ ਦੇਖ ਦਿਖਾਈ ਲਈ ਬਦਲਾ ਦਿੱਤੇ ਤੇ ਮੈਨੂੰ ਘਰ ਨੂੰ ਤੋਰ ਦਿੱਤਾ। ਘਰ ਪਹੁੰਚ ਕੇ ਮੈਂ ਸਾਰਿਆਂ ਦੇ ਪੈਰੀਂ ਹੱਥ ਲਾਏ ਤੇ ਸਤਿ ਸ੍ਰੀ ਅਕਾਲ ਵੀ ਬੁਲਾਈ। ਸਾਰੇ ਖੁਸ਼ ਹੋ ਗਏ ਤੇ ਮੈਨੂੰ ਸ਼ਗਨ ਪਾ ਦਿੱਤਾ। ਵੇਖਣ ਵਾਲਿਆਂ ਵਿਚੋਂ ਇਕ ਜਣਾ ਕਹਿੰਦਾ 'ਬੱਚਾ ਬਹੁਤ ਸਿਆਣਾ ਤੇ ਸੋਹਣਾ ਹੈ ਅਤੇ ਕੱਪੜੇ ਵੀ ਬਹੁਤ ਸੋਹਣੇ ਪਾਏ ਹੋਏ ਹਨ।' ਉਸਦੇ ਇੰਨੀ ਕਹਿਣ ਦੀ ਦੇਰ ਸੀ ਕਿ ਮੈਂ ਉਠ ਕੇ ਖੜ੍ਹਾ ਹੋ ਗਿਆ ਤੇ ਕਿਹਾ 'ਜੀ ਇਹ ਕੱਪੜੇ ਤਾਂ ਮੇਰੇ ਆੜੀ ਦੇ ਹਨ। ਮਾਸਟਰ ਜੀ ਹੋਰਾਂ ਨੇ ਬਦਲਾ ਦਿੱਤੇ ਸਨ। ਹੁਣ ਜਾ ਕੇ ਮੈਂ ਆਵਦੇ ਫੇਰ ਪਾ ਲੈਣੇ ਹਨ ਤੇ ਉਹਦੇ ਮੋੜ ਦੇਣੇ ਹਨ।

ਮਾਸਟਰ ਜੀ ਕਹਿੰਦੇ ਸਨ ਤੂੰ ਸੋਹਣਾ ਬਣ ਕੇ ਜਾਹ ਤੇਰਾ ਮੰਗਣਾ ਹੋਜੂਗਾ।'' ਇਹ ਸੁਣ ਕੇ ਸਾਰੇ ਜਣੇ ਉੱਚੀ ਉੱਚੀ ਹੱਸਣ ਲੱਗੇ। ਮੈਨੂੰ ਪਤਾ ਨਾ ਲੱਗੇ ਕਿ ਇਹ ਹੱਸ ਕਿਉਂ ਰਹੇ ਨੇ। ਫਿਰ ਉਹੀ ਬੰਦਾ ਕਹਿਣ ਲੱਗਾ, ''ਬੱਚੇ ਦਾ ਨਾਂ ਹੀ ਨਿਰਮਲ ਨਹੀਂ ਇਹ ਦਿਲ ਦਾ ਵੀ ਨਿਰਮਲ ਹੈ'' ਬੱਸ ਇੱਥੋਂ ਹੀ ਮੈਨੂੰ ਸਾਰੇ ਨਿਰਮਲ ਸਿੰਘ ਨਿਰਮਲ ਕਹਿਣ ਲੱਗ ਪਏ ਤੇ ਇਹ ਮੇਰਾ ਤਖੱਲਸ ਬਣ ਗਿਆ।

ਨਿਰਮਲ ਹੋਰਾਂ ਦੇ ਬਹੁਤੇ ਗੀਤ ਗੌਰੀ ਸ਼ੰਕਰ 'ਸਾਕੀ' ਜੀ ਦੇ ਲਿਖੇ ਹੋਏ ਹਨ ਪਰ ਕੁਝ ਇਕ ਗੀਤ ਚਮਨ ਲਾਲ ਸੁਗਲ ਨੇ ਵੀ ਲਿਖੇ ਸਨ। ਸੁਗਲ ਨੇ 'ਮੁਖੜਾ ਚੰਨ ਵਰਗਾ' ਫਿਲਮ ਬਣਾਈ ਸੀ। ਇਸ ਫਿਲਮ ਵਿਚ ਇਕ ਗੀਤ ਨਿਰਮਲ ਜੀ ਨੇ ਗਾਇਆ ਸੀ, ਜਿਸਦੇ ਬੋਲ ਹਨ- ਭਾਬੀਆਂ ਮੇਰੀਆਂ ਚਾਰ ਚਾਰਾਂ 'ਚੋਂ ਕੋਈ ਨਾ ਚੰਗੀ।'

ਨਿਰਮਲ ਸਿੰਘ ਇਕੋ ਇਕ ਅਜਿਹੇ ਗਾਇਕ ਕਲਾਕਾਰ ਹਨ, ਜਿਹਨਾਂ ਨੂੰ ਤਿੰਨ ਭੈਣਾਂ ਨਰਿੰਦਰ ਕੌਰ, ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਨਾਲ ਗਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਹਨਾਂ ਦੇ ਦੱਸਣ ਮੁਤਾਬਕ ਉਦੋਂ ਸਾਰੇ ਗਾਇਕ ਗਾਇਕਾਵਾਂ ਇਕ ਪਰਿਵਾਰ ਵਾਂਗ ਰਹਿੰਦੇ ਸਨ ਤੇ ਇਕ ਦੂਸਰੇ ਦਾ ਸਤਿਕਾਰ ਕਰਦੇ ਸਨ। ਇਕ ਦੂਜੇ ਦੇ ਗੀਤ ਖਾੜਿਆਂ ਤੇ ਗਾ ਲੈਂਦੇ ਸਨ। ਇਕ ਦੂਜੇ ਨਾਲ ਖਾੜੇ ਲਾਉਣ ਚਲੇ ਜਾਂਦੇ ਸਨ।

ਨਿਰਮਲ ਸਿੰਘ ਹੋਰਾਂ ਦਾ ਪੰਜਾਬ 'ਚ ਕੋਈ ਖਾੜਾ ਨਹੀਂ ਲੱਗਾ ਸੀ ਕਿਉਂਕਿ ਇਹ ਦਿੱਲੀ ਰਹਿੰਦੇ ਸਨ। ਹਾਂ ਪੰਜਾਬ ਦੀਆਂ ਪੌਣਾਂ ਵਿਚ ਇਹਨਾਂ ਦੇ ਗੀਤ ਜ਼ਰੂਰ ਗੂੰਜਦੇ ਰਹੇ ਹਨ। ਬਹੁਤੇ ਖਾੜੇ ਦਿੱਲੀ ਯੂ. ਪੀ. ਪਟਨਾ ਤੇ ਬੰਬੇ ਵੱਲ ਹੀ ਲੱਗਦੇ ਰਹੇ ਹਨ। ਬਹੁਤੀ ਰਿਕਾਰਡਿੰਗ ਐਚ ਐਮ ਵੀ ਤੇ ਪੋਲੀਡੋਰ ਕੰਪਨੀ ਨੇ ਕੀਤੀ। ਫਿਲਿਪਸ ਕੰਪਨੀ ਨੇ ਇਹਨਾਂ ਦੇ ਧਾਰਮਿਕ ਗੀਤ ਰਿਕਾਰਡ ਕੀਤੇ ਸਨ। ਗੀਤ ਕਰਾਉਣ ਸਮੇਂ ਗੌਰ ਸ਼ੰਕਰ ਸਾਕੀ ਹਮੇਸ਼ਾ ਨਾਲ ਹੁੰਦੇ ਸਨ।

ਇੰਗਲੈਂਡ ਵਿਚ ਸ਼ੋਅ ਆਪਣੇ ਸਮੇਂ ਦੀ ਮਸ਼ਹੂਰ ਗਾਇਕਾ ਪੁਸ਼ਪਾ ਹੰਸ ਨਾਲ ਕੀਤੇ। ਪੁਸ਼ਪਾ ਤੋਂ ਨਿਰਮਲ ਦੀਆਂ ਪਾਈਆਂ ਧੂੰਮਾਂ ਨੂੰ ਲੋਕ ਅੱਜ ਤੱਕ ਵੀ ਯਾਦ ਕਰਦੇ ਹਨ। ਰੇਡੀਓ ਹੋਸਟ ਪਿਆਰਾ ਸਿੰਘ ਨੇ ਇੰਗਲੈਂਡ ਵਿਚ ਇਹਨਾਂ ਦੀ ਇੰਟਰਵਿਊ ਕੀਤੀ। ਬਾਹਰਲੇ ਦੇਸ਼ਾਂ ਵਿਚੋਂ ਪ੍ਰੋਗਰਾਮ ਸਿਰਫ ਇੰਗਲੈਂਡ ਵਿਚ ਹੀ ਕੀਤੇ। ਜ਼ਿਆਦਾ ਪ੍ਰੋਗਰਾਮ ਭਾਰਤ ਵਿਚ ਹੀ ਕੀਤੇ।




*ਨਿਰਮਲ ਸਿੰਘ ਦੀ ਰਿਕਾਰਡਿੰਗ ਦਾ ਇਕ ਰੈਪਰ*



ਚੋਣਾਂ ਸਮੇਂ ਲੀਡਰ ਚੰਗੇ ਗਾਇਕਾਂ ਨੂੰ ਆਪਣੇ ਨਾਲ ਪ੍ਰੋਗਰਾਮਾਂ ਤੇ ਲੈ ਜਾਂਦੇ ਸਨ। ਨਿਰਮਲ ਸਿੰਘ ਹੋਰਾਂ ਨੇ ਜਵਾਹਰ ਲਾਲ ਨਹਿਰੂ, ਲਾਲ ਬਹਾਦਰ ਸ਼ਾਸਤਰੀ, ਇੰਦਰਾ ਗਾਂਧੀ, ਅਟਲ ਬਿਹਾਰੀ ਵਾਜਪਾਈ ਤੇ ਗਿਆਨੀ ਜ਼ੈਲ ਸਿੰਘ ਹੋਰਾਂ ਲਈ ਚੋਣਾਂ ਸਮੇਂ ਪ੍ਰੋਗਰਾਮ ਦਿੱਤੇ। ਗਿਆਨੀ ਜ਼ੈਲ ਸਿੰਘ ਦੇ ਬਹੁਤ ਨਜ਼ਦੀਕ ਸਨ। ਇਕ ਵਾਰ ਇਹਨਾਂ ਦੇ ਕਿਸੇ ਰਿਸ਼ਤੇਦਾਰ ਦੇ ਵਿਆਹ ਤੇ ਜੈਲ ਸਿੰਘ ਉਚੇਚਾ ਚੱਲ ਕੇ ਆਏ ਸਨ। ਇਕ ਹੋਰ ਵਿਆਹ ਵਿਚ ਯਮਲਾ ਜੀ ਆਏ ਹੋਏ ਸਨ। ਘਰਦਿਆਂ ਨੇ ਖੁਸ਼ੀ ਨਾਲ ਸਾਰਿਆਂ ਨੂੰ ਦੱਸਿਆ ਕਿ ਸਾਡੇ ਵਿਆਹ ਵਿਚ ਯਮਲਾ ਜੀ ਆਏ ਹੋਏ ਹਨ ਅਤੇ ਦੂਜੇ ਪਾਸੇ ਵਾਲਿਆਂ ਨੇ ਕਿਹਾ- ਘੱਟ ਅਸੀਂ ਵੀ ਨਹੀਂ, ਸਾਡੇ ਵਿਆਹ ਵਿਚ ਨਿਰਮਲ ਸਿੰਘ ਨਿਰਮਲ ਆਏ ਹੋਏ ਹਨ। ਸਾਰੇ ਲੋਕ ਹੈਰਾਨ ਹੋ ਗਏ। ਮਿਲਣੀਆਂ ਸਮੇਂ ਜਦੋਂ ਸਾਰੀਆਂ ਮਿਲਣੀਆਂ ਹੋ ਗਈਆਂ ਤਾਂ ਯਮਲਾ ਜੀ ਤੇ ਨਿਰਮਲ ਸਿੰਘ ਹੋਰਾਂ ਦੀ ਮਿਲਣੀ ਕਰਵਾਈ ਗਈ ਜੋ ਇਕ ਨਿਵੇਕਲੀ ਕਿਸਮ ਦੀ ਮਿਲਣੀ ਹੋ ਨਿੱਬੜੀ।

ਸਿੱਖ ਧਰਮ ਦੇ ਤਖਤਾਂ ਵਿਚੋਂ ਇਹਨਾਂ ਨੇ ਹਜ਼ੂਰ ਸਾਹਿਬ, ਪਟਨਾ ਸਾਹਿਬ ਤੇ ਹਰਿਮੰਦਰ ਸਾਹਿਬ ਵਿਚ ਕਈ ਵਾਰੀ ਧਾਰਮਿਕ ਪ੍ਰੋਗਰਾਮ ਦਿੱਤੇ ਹਨ। ਕਲਕੱਤਾ, ਜੱਬਲਪੁਰ, ਕਾਨ੍ਹਪੁਰ ਤੇ ਤਕਰੀਬਨ ਸਾਰੇ ਭਾਰਤ ਵਿਚ ਪ੍ਰੋਗਰਾਮ ਦਿੱਤੇ। ਇਕ ਵਾਰੀ ਦਿੱਲੀ ਦੇ ਮੋਤੀ ਬਾਗ ਗੁਰਦੁਆਰੇ ਵਿਚ ਰਾਤ ਨੂੰ ਪ੍ਰੋਗਰਾਮ ਚੱਲ ਰਿਹਾ ਸੀ, ਇਹਨਾਂ ਦੀ ਵਾਰੀ ਤੜਕੇ ਤਿੰਨ ਕੁ ਵਜੇ ਆਈ। ਇਹਨਾਂ ਨੇ ਸ਼ਬਦ ਪੜ੍ਹਿਆ- ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ। ਸੁੱਤੇ ਪਏ ਲੋਕ ਉੱਠ ਕੇ ਬੈਠ ਗਏ ਤੇ ਸਾਰੇ ਪੰਡਾਲ ਵਿਚ ਚੁੱਪ ਛਾਈ ਹੋਈ ਸੀ। ਤੂੰਬੀ ਬਹੁਤ ਹੀ ਸੋਹਣੀ ਵਜਾਉਂਦੇ ਸਨ। ਭਾਈ ਗੋਪਾਲ ਸਿੰਘ ਰਾਗੀ ਦੇ ਕਈ ਸ਼ਬਦਾਂ ਵਿਚ ਤੂੰਬੀ ਤੇ ਸਾਥ ਦਿੱਤਾ, ਜਿਵੇਂ ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ
ਨਾਨਕ ਬਣ ਜਾਏ ਇਹ ਜ਼ਿੰਦਗੀ ਦਾ ਦਸਤੂਰ।

ਹਰਚਰਨ ਗਰੇਵਾਲ ਨੂੰ ਤੂੰਬੀ ਨਹੀਂ ਆਉਂਦੀ ਸੀ। ਰਿਕਾਰਡਿੰਗ ਮੌਕੇ ਤੂੰਬੀ ਨਿਰਮਲ ਸਿੰਘ ਹੋਰਾਂ ਦੀ ਹੁੰਦੀ ਸੀ। ਹੋਰ ਵੀ ਕਈ ਗਾਇਕਾਵਾਂ ਨਾਲ ਰਿਕਾਰਡਿੰਗ ਸਮੇਂ ਤੂੰਬੀ ਵਜਾਈ ਸੀ, ਜਿਹਨਾਂ ਵਿਚੋਂ ਨਰਿੰਦਰ ਬੀਬਾ ਹੋਰਾਂ ਨਾਲ ਖਾਸ ਕਰਕੇ ਬਹੁਤ ਨੇੜਤਾ ਸੀ। ਇਹਨਾਂ ਦੇ ਦੱਸਣ ਮੁਤਾਬਕ ਸਾਰੇ ਪਰਿਵਾਰ ਵਾਂਗ ਰਹਿੰਦੇ ਸੀ। ਇਕ ਦੂਸਰੇ ਦੀ ਬੜੀ ਮਦਦ ਕਰਦੇ ਸੀ। ਇਕ ਦੂਜੇ ਦੇ ਗੀਤ ਗਾ ਲੈਂਦੇ ਸੀ, ਤਰਜ਼ਾਂ ਸਾਂਝੀਆਂ ਕਰ ਲੈਂਦੇ, ਸਾਜ਼ ਇਕ ਦੂਜੇ ਤੋਂ ਸਿੱਖ ਲੈਂਦੇ ਸੀ ਅਤੇ ਇਕ ਦੂਜੇ ਨਾਲ ਖਾੜਿਆਂ ਤੇ ਗਾਉਣ ਚਲੇ ਜਾਂਦੇ ਸੀ। ਹੁਣ ਵਾਂਗ ਇਕ ਦੂਜੇ ਨਾਲ ਈਰਖਾ ਨਹੀਂ ਕਰਦੇ ਸੀ।

ਉਹਨਾਂ ਨੇ ਦੱਸਿਆ ਕਿ ਲੁਧਿਆਣੇ ਵਿਚ ਗਾਇਕੀ ਦਾ ਪਹਿਲਾ ਦਫ਼ਤਰ ਹਰਚਰਨ ਗਰੇਵਾਲ ਨੇ ਖੋਲ੍ਹਿਆ ਸੀ। ਆਲ ਇੰਡੀਆ ਰੇਡੀਓ ਸਟੇਸ਼ਨ ਦੇ ਡਾਇਰੈਕਟਰ ਸੋਹਣ ਸਿੰਘ ਗਰੇਵਾਲ ਦੀ ਭਾਰਤ ਨਗਰ ਵਿਚ ਬਿਲਡਿੰਗ 'ਚ ਕਮਰਾ ਕਿਰਾਏ ਤੇ ਲਿਆ ਸੀ। ਚਾਂਦੀ ਰਾਮ ਦਾ ਦਫ਼ਤਰ ਘਰੇ ਹੀ ਸੀ ਤੇ ਯਮਲਾ ਜੀ ਵੀ ਘਰੋਂ ਹੀ ਪ੍ਰੋਗਰਾਮ ਬੁੱਕ ਕਰਦੇ ਸਨ।

ਗਰੇਵਾਲ ਨੂੰ ਦੇਖ ਕੇ ਬਾਅਦ ਵਿਚ ਆਈਆਂ ਜੋੜੀਆਂ ਦੇ ਦਫ਼ਤਰ ਵੀ ਇੱਥੇ ਹੀ ਇਸੇ ਬਿਲਡਿੰਗ ਵਿਚ ਬਣ ਗਏ ਤੇ ਬਾਅਦ ਵਿਚ ਲੁਧਿਆਣਾ ਗਾਇਕੀ ਦਾ ਗੜ੍ਹ ਬਣ ਗਿਆ। ਗਾਇਕ ਚਾਹੇ ਬਠਿੰਡੇ ਦਾ ਹੁੰਦਾ ਜਾਂ ਜਲੰਧਰ ਦਾ, ਦਫ਼ਤਰ ਲੁਧਿਆਣੇ ਹੀ ਬਣਾਉਂਦਾ। ਗਾਇਕ ਵੀ ਬਹੁਤੇ ਲੁਧਿਆਣੇ ਸ਼ਹਿਰ ਨੇ ਹੀ ਪੈਦਾ ਕੀਤੇ।

ਨਿਰਮਲ ਸਿੰਘ ਹੋਰਾਂ ਬਾਰੇ ਲਿਖ ਕੇ ਮੈਨੂੰ ਇਕ ਖਾਸ ਖੁਸ਼ੀ ਮਹਿਸੂਸ ਹੋ ਰਹੀ ਹੈ। ਇਹਨਾਂ ਨੂੰ ਲੱਭਣਾ ਆਸਾਨ ਕੰਮ ਨਹੀਂ ਸੀ ਪਰ ਅਸੀਂ ਲੱਭਦੇ ਲਭਾਉਂਦੇ ਦਿੱਲੀ ਜਾ ਲੱਭੇ। ਸਾਡੀ ਲਾਲ ਚੰਦ ਯਮਲਾ ਕਮੇਟੀ ਵਿਚ ਕਈ ਅਜਿਹੇ ਬੰਦੇ ਹਨ ਜੋ ਹਰ ਵੇਲੇ ਤਿਆਰ ਰਹਿੰਦੇ ਹਨ। ਬਲਵਿੰਦਰ ਬਾਵੇ ਨੇ ਇਹਨਾਂ ਦੀ ਖੋਜ ਹੋਰ ਪੁਰਾਣੇ ਕਲਾਕਾਰਾਂ ਤੋਂ ਕੀਤੀ। ਗਾਇਕ ਨਜ਼ੀਰ ਮੁਹੰਮਦ ਨੇ ਸੰਪਰਕ ਕਰਕੇ ਬਾਵੇ ਨੂੰ ਫੋਨ ਨੰਬਰ ਦਿੱਤਾ ਤੇ ਬਾਵੇ ਨੇ ਗੱਲ ਕਰਕੇ ਮੇਰੇ ਨਾਲ ਸੰਪਰਕ ਕਰਵਾਇਆ।

ਮੈਂ ਚਾਰ ਪੰਜ ਹਫਤੇ ਫੋਨ ਕਰਕੇ ਇਹ ਜਾਣਕਾਰੀ ਲਈ ਤੇ ਲੇਖ ਤੁਹਾਡੇ ਹਾਜ਼ਰ ਹੈ। ਇੰਨਾ ਹੀ ਨਹੀਂ, ਅਸੀਂ ਰਿਕਾਰਡਿੰਗ ਕੰਪਨੀ ਦੇ ਮਾਲਕ ਅਸ਼ੋਕ ਬਾਂਸਲ ਮਾਨਸਾ ਨਾਲ ਸੰਪਰਕ ਕਰਕੇ ਉਹਨਾਂ ਨੂੰ ਦਿੱਲੀ ਨਿਰਮਲ ਸਿੰਘ ਹੋਰਾਂ ਨੂੰ ਮਿਲਣ ਭੇਜਿਆ ਤੇ ਇਹਨਾਂ ਦੇ ਗੀਤਾਂ ਦੀ ਨਵੀਂ ਸੀ. ਡੀ. ਤਿਆਰ ਕਰਨ ਬਾਰੇ ਗੱਲਬਾਤ ਤੈਅ ਹੋ ਚੁੱਕੀ ਹੈ, ਜੋ ਜਲਦੀ ਹੀ ਪਾਠਕਾਂ ਦੇ ਪੇਸ਼ ਕਰਾਂਗੇ। ਪੰਜਾਬ ਵਿਚ ਬਾਂਸਲ ਇਕੋ ਇਕ ਇਨਸਾਨ ਹੈ, ਜਿਹਨਾਂ ਨੇ ਪੁਰਾਣੀਆਂ ਸੀਡੀਆਂ ਤਿਆਰ ਕਰਕੇ ਐਚ ਐਮ ਵੀ ਨੂੰ ਦਿੱਤੀਆਂ ਜੋ ਪਾਠਕ ਆਨੰਦ ਲੈ ਰਹੇ ਹਨ।

ਇਹਨਾਂ ਦੇ ਰਿਕਾਰਡ ਗੀਤ ਤਕਰੀਬਨ 100 ਦੇ ਕਰੀਬ ਹਨ, ਕੁਝ ਦੇ ਮੁਖੜੇ ਇਸ ਪ੍ਰਕਾਰ ਹਨ:-

1. ਲੱਕ ਤੇਰਾ ਹਲਕਾ ਅੜੀਏ ਲਵਾਦੂੰ ਨਲਕਾ ਅੜੀਏ
2. ਥੱਲੇ ਪਿਪਲੀ ਦੇ ਕੱਤਦੀਏ ਨਾਰੇ ਨੀ ਪੱਖਾ ਲੈ ਲਾ ਮਿੱਤਰਾਂ ਦੇ
3. ਤੇਰੀ ਤੋਰ ਵੇਖਣੇ ਨੂੰ ਜੀਅ ਕਰਦਾ
4. ਜੱਟੀ ਪੜ੍ਹ ਕੇ ਜਮਾਤਾਂ ਚਾਰ ਪੰਚਣੀ ਪਿੰਡ ਦੀ ਬਣੀ
5. ਪੱਲੇ ਪਈ ਲੜਾਕੀ ਨਾਰ ਮੇਰੀ ਤੌਬਾ
6. ਕੋਈ ਦੇ ਜਾ ਨਿਸ਼ਾਨੀ ਨੀ ਰਾਹੇ ਰਾਹੇ ਜਾਣ ਵਾਲੀਏ
7. ਗੋਰੀਏ ਨਹੀਂ ਛੱਡਣੀ ਨਹੀਂ ਛੱਡਣੀ ਤੇਰੀ ਬਾਂਹ।

ਇਹਨਾਂ ਸੋਲੋ ਗੀਤਾਂ ਤੋਂ ਇਲਾਵਾ ਕੁਝ ਇਕ ਦੋਗਾਣੇ ਵੀ ਹਨ-
ਮੈਂ ਸੱਜ ਵਿਆਹੀ ਨਾਰ ਨਾਰ
ਮੇਰਾ ਸੱਜਰਾ ਸੱਜਰਾ ਪਿਆਰ, ਵਿਛੋੜਾ ਪਾਵੀਂ ਨਾ

ਮੈਂ ਦੇਸ ਦਾ ਪਹਿਰੇਦਾਰ ਦਾਰ
ਤੂੰ ਦੇ ਕੇ ਮੈਨੂੰ ਤਲਵਾਰ ਰੁਕਾਵਟ ਪਾਵੀਂ ਨਾ।
ਹੱਥ ਨਾਰ ਦੇ ਪੈਰ ਨੂੰ ਫੜਕੇ
ਵੇ ਕੰਡਾ ਮੇਰਾ ਕੱਢ ਮਿੱਤਰਾ।
ਕਾਹਤੋਂ ਗਈ ਸੀ ਅਸਾਂ ਦੇ ਨਾਲ ਲੜਕੇ
ਨੀ ਕੰਡਾ ਤੇਰਾ ਨਹੀਉਂ ਕੱਢਣਾ।
ਅਸੀਂ ਸ਼ਹਿਰੀਏ ਸ਼ੌਕੀਨ
ਵੇ ਮੈਂ ਵੀ ਪਿੰਡ ਦੀ ਕੁੜੀ
ਵੇ ਰੰਗ ਮੇਰਾ ਫੱਕ ਹੋ ਗਿਆ
ਨੀ ਦਿਲ ਵਾਲੀ ਗੱਲ ਦੱਸ ਜਾ।
ਕਿੰਝ ਬੀਤੀ ਮੁਕਾਲਾਵੇ ਰਾਤ
ਆਓ ਨੀ ਸਹੇਲੀਓ ਆਓ ਮੇਰੇ ਬੇਲੀਓ, ਮੈਂ ਖੋਲ੍ਹ ਕੇ ਸੁਣਾਵਾਂ।

ਅਸੀਂ ਨਿਰਮਲ ਸਿੰਘ ਹੋਰਾਂ ਦੀ ਲੰਮੀ ਉਮਰ ਦੀ ਦੁਆ ਕਰਦੇ ਹਾਂ ਤੇ ਉਹਨਾਂ ਦੇ ਸਹਿਯੋਗ ਲਈ ਰਿਣੀ ਹਾਂ। ਇਹੋ ਜਿਹੀਆਂ ਪੈੜਾਂ ਪਾਉਣ ਵਾਲੇ ਇਨਸਾਨ ਰੋਜ਼ ਨਹੀਂ ਜੰਮਦੇ। ਮੇਰੀ ਕਲਮ ਵੱਲੋਂ ਉਹਨਾਂ ਨੂੰ ਸਲਾਮ ਹੈ ਸੱਜਦਾ ਹੈ

**– ਜਗਤਾਰ ਗਿੱਲ**

# ਪੰਜਾਬ ਵਿਚ 10 ਤੇ 11 ਜਨਵਰੀ ਨੂੰ ਹੋਵੇਗਾ ਐਨ.ਆਰ.ਆਈ.ਸੰਮੇਲਨ

ਚੰਡੀਗੜ੍ਹ, 6 ਜਨਵਰੀ- ਪੰਜਾਬ ਸਰਕਾਰ ਵਲੋਂ ਵਿਦੇਸ਼ੀ ਵਸਦੇ ਪੰਜਾਬੀਆਂ ਨਾਲ ਸਾਂਝ ਹੋਰ ਪੀਡੀ ਕਰਨ ਤੇ ਉਨ੍ਹਾਂ ਨੂੰ ਪੰਜਾਬ ਦੀ ਤਰੱਕੀ ਵਿਚ ਭਾਗੀਦਾਰੀ ਬਣਾਉਣ ਲਈ ਪ੍ਰਵਾਸੀ ਭਾਰਤੀ ਸੰਮੇਲਨ-2014 ਇਸ ਵਾਰ 10 ਤੇ 11 ਜਨਵਰੀ ਨੂੰ ਕਰਵਾਇਆ ਜਾ ਰਿਹਾ ਹੈ। ਅੱਜ ਇੱਥੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ ਸ. ਬਿਕਰਮ ਸਿੰਘ ਮਜੀਠੀਆ ਦੇ ਨਾਲ ਇਸ ਸਬੰਧੀ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਦੱਸਿਆ ਕਿ ਪਹਿਲੇ ਦਿਨ 10 ਜਨਵਰੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਰਾਸਤ- ਏ-ਖਾਲਸਾ ਵਿਖੇ ਸੰਮੇਲਨ ਦੀ ਸ਼ੁਰੂਆਤ ਹੋਵੇਗੀ, ਜਿਸ ਵਿਚ ਸਾਰੇ ਮਹਾਂਦੀਪਾਂ ਤੋਂ ਚੁਣੇ ਹੋਏ ਪੰਜਾਬੀ ਮੂਲ ਦੇ ਪ੍ਰਤੀਨਿਧੀ ਭਾਗ ਲੈਣਗੇ ਜਿਸ ਵਿਚ ਮੁੱਖ ਤੌਰ 'ਤੇ 3 ਕੇਂਦਰੀ ਮੰਤਰੀ, 15 ਸਾਂਸਦ, 7 ਵਿਧਾਇਕ, ਮੇਅਰ ਤੇ 32 ਪੱਤਰਕਾਰਾਂ ਤੋਂ ਇਲਾਵਾ ਕੌਂਸਲਰ ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਮੁਖੀ ਤੇ ਪ੍ਰਤੀਨਿਧੀ ਸ਼ਾਮਿਲ ਹਨ। ਇਸੇ ਦਿਨ ਪ੍ਰਵਾਸੀ ਪੰਜਾਬੀਆਂ ਨਾਲ ਉਨ੍ਹਾਂ ਦੀਆਂ ਮੁਸ਼ਕਿਲਾਂ ਤੋਂ ਇਲਾਵਾ ਪੰਜਾਬ ਦੀ ਤਰੱਕੀ ਬਾਰੇ ਵਿਚਾਰ ਵਟਾਂਦਰਾ ਹੋਵੇਗਾ। ਸੰਮੇਲਨ ਦੌਰਾਨ 32 ਤੋਂ ਵੱਧ ਅਖਬਾਰਾਂ, ਰੇਡੀਓ ਚੈਨਲਾਂ ਆਦਿ ਦੇ ਸੰਪਾਦਕ ਤੇ ਹੋਰ ਪ੍ਰਤੀਨਿਧੀ ਭਾਗ ਲੈਣਗੇ।

ਸ. ਬਾਦਲ ਨੇ ਨਾਲ ਹੀ ਦੱਸਿਆ ਕਿ ਦੂਜੇ ਦਿਨ ਖੁੱਲਾ ਸ਼ੈਸ਼ਨ ਜਲੰਧਰ ਵਿਖੇ ਬਾਠ ਕੈਸਲ ਵਿਖੇ ਹੋਵੇਗਾ। ਬਇਸ ਵਾਰ ਭਾਗ ਲੈਣ ਵਾਲੇ ਚੁਣੇ ਹੋਏ ਪ੍ਰਤੀਨਿਧੀਆਂ ਦੀ ਗਿਣਤੀ 3 ਗੁਣਾ ਹੈ।

# Bhogal Dental Group



Laser Treatment
Lumineers/Veneers
Dentures & Partials
Root Canals
Bad Breath
Cosmetic Dentistry
Crowns & Bridges
Tooth Extraction
Gum Treatment



Dr. Raja Bhogal

37070 Newark Blvd, Suite C
Newark, CA 94560

510-797-2840

drraja@rbhogaldds.com





kulbir heer
510-304-7733

ਹੈਲਥ ਕੇਅਰ ਰਿਫੋਰਮ ਫਰੀ ਐਨਰੋਲਮੈਂਟ ਅਸਿਸਟੈਂਟ



Manjit heer
510-378-1040

## "Health care reform"

Free Enrollment Assistance.
Learn how Health Insurance will Effect
your Taxes Going Forward.

We are IRS "Enrolled Agents"
for income tax prep. assistance.

Please Call 510-885-1040

We are COVERED CA "Certified Enrolled
Counselors" for Health Insurance Assistance

COVERED CALIFORNIA
Certified Enrollment Counselor

WE WAVE, YOU SAVE!
www.libertyTax.com
LIBERTY TAX SERVICE
1-866-871-1040



# TRAVEL FOR LESS INC.



INDIA | PAKISTAN | EUROPE

ਅਗਰ ਤੁਸੀ ਇੰਡਿਆ ਜਾਣ ਲਈ ਸਸਤੀਆਂ ਟਿਕਟਾਂ
ਲੈਣ ਦੇ ਚਾਹਵਾਨ ਹੋ ਤਾ ਟਿਕਟ ਖ੍ਰੀਦਣ ਤੋ ਪਹਿਲਾਂ
ਇੱਕ ਵਾਰ ਸਾਨੂੰ ਜਰੂਰ ਕਾਲ ਕਰੋ।

CST NO : 2031914-40

**Fremont Office**




TRAVEL FOR LESS INC
39156 STATE STREET
FREMONT CA – 94538
510-791-330

**San Jose Office**




TRAVEL FOR LESS INC
2850 Quimby Rd, Suite 150
Sanjose Ca 95148
408-791-2600

BUY TRAVEL TICKETS
AT WHOLESALE PRICE

Open 7 days a week

Still searching seats for
December travel to
INDIA
Call us for special fares




BBB IATAN

3RD TIME IN A ROW
2011
BEST OF FREMONT AWARD

Serving the Bay Area Since 1996

Fax: 510.791.3361 | Email: info@letsflyhome.com

www.letsflyhome.com

510.791.3300 (Fremont)
408.791.2600(San Jose)
916.419.4323 (Sacramento)
559.892.0009 (Fresno)
661.829.4467 (Bakersfield)



# Preet Fabrics & Appliance

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ, ਫੈਸ਼ਨ ਦਾ ਹੋਰ ਸਾਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ।

ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।

YOUR ONE-STOP CENTER FOR BOTH FABRICS & APPLIANCES

5156 mowry AVE. Fremont, CA 94538

TEL: 510-797-7111 FAX: 510-739-6350

(For More Info. Call Onkar)

APPLIANCES WE CARRY ALL MAJOR BRANDS!!




SONY, SANY, JVC, PANASONIC, LUGGAGE CROSS, PARKER PENS, OSTER BLENDERS

- Tvs, VCRs, DVD
- Tape Recorders
- Camcorders
- DVD Players
- Cordless Phones
- Watches (Seiko, Citizen & Swistar)
- Shavers & Trimmers
- Cellular Phones
- Medical Equipment
- Calling Cards

# M.K Nijjar DDS
# Ruchi Nijjar DDS

LASER DENTISTRY

NO SHOTS, NO DRILL, NO PAIN!



- Esthetic Crowns, Bridges & Dentures
- Teeth Whitening-Oral Surgery
- Root Canal Treatments
- Treatment & Prevention of Gum Disease

FAMILY DENTISTRY COSMETIC DENTISTRY

New Patients & Children Welcome



510-794-7058 www.drnijjar.com

(Across from Washington Hospital & Bart) 1895 Mowry Ave. Ste 104 Fremont

# Raja

New Introducing Chaat Corner

King of Sweets Now Presents

Come and Enjoy Mouth Watering Chaat All Day



ਹੁਣ ਸ਼ੂਗਰ ਦੇ ਮਰੀਜ਼ਾਂ ਵਾਸਤੇ ਵੀ ਹਰ ਤਰ੍ਹਾਂ ਦੀ ਮਿਠਾਈ ਲੈ ਸਕਦੇ ਹੋ

- BHEL PAPDI CHAAT
- GOL GAPPE (PANI PURI)
- FALUDA KULFI
- KHASTA KACHORI

RAJA SWEETS & INDIAN CUISINE

31583 Alvarado Blvd. Union City, CA 94587

Phone : (510) 489-9100



# Cosmetic & Family Dentistry

# UPPAL DENTAL CARE

50 % Discount for Cash Patients

INVISALIGN Start from $ 2850 Off

Call for Details
Straighten Teeth Without Wires



Charanjit S Uppal D.D.S.

FREE TEETH WHITENING WITH PAID EXAM, X-RAY & CLEANING YOUR INSURANCE USUALLY COVER THESE SERVICES

- Laser Treatment
- Lumineers/Veneers
- Dentures & Partials
- Root Canals
- Bad Breath
- Cosmetic Dentistry
- Crowns & Bridges
- Tooth Extraction
- Gum Treatment

Not Valid with any other offer

Strictly Maintained Sterilization Standards
Most Insurance Plans Accepted

FREE TEETH WHITENING
ਸਫਾਈ ਤੇ ਐਕਸ-ਰੇ, ਇੰਸ਼ੋਰੈਂਸ ਵੱਲੋਂ ਹੀ ਭੁਗਤਾਨ ਹੋ ਜਾਵੇਗਾ।

1191 W Tennyson Rd. # 4, Hayward. (CA) 94544
510-786-1780

1750 CLEAR LAKE AVE Milpitas, CA 95035
408-942-4400

www.uppaldental.com

# Moon Indian Cuisine

MOON indian cuisine

510-780-9233

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

* 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
* ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
* ਬਹੁਤ ਹੀ ਤਜ਼ਰਬੇਕਾਰ ਕੁੱਕ



Paul
510-978-7170

Fish Pakora
ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ। ਘੱਟ ਕੀਮਤ 'ਤੇ ਲੈ ਸਕਦੇ ਹੋ।



Gill
510-709-5285

Over 30 Years Experience in Restaurant & Catering Business

ਇੰਡੀਅਨ-ਫਿਜੀ, ਪਾਕਿਸਤਾਨੀ ਕੁਜ਼ੀਨ

ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544
Phone (510)780-9233 Fax (510) 780-9812

www.moonindiancuisine.net

In the last column, I promised that I will be explained how we can detoxify our body through four natural elimination channels. Those natural elimination channels are the lungs, the pores of the skin, the kidneys, and the bowels. In this column, I am only explaining two natural elimination channels.

1. The Kidneys Channel:

The kidneys resemble large purplish brown beans and lie above the small of the back on either side of the spine. The right kidney is slightly lower than the left to allow room for the liver. They are about four to five inches long and weigh about six ounces apiece. Blood moves into each kidney through the renal artery and returns to the heart through renal vein. There are about a million tiny coiled tubes called nephrons in the kidneys. Nephrons filter out urea, uric acid, creatinine, and other wastes from the blood and pass them into ureters. The ureters take the urine into the urinary bladder, below the pelvis, where it is expelled through the urethra. The body expels about a quart and a half of urine each day.

Cleansing the kidneys and bladder will reduce the likelihood of kidneys and bladder infections. Well-functioning kidneys help regulate the acid and alkaline balance that is crucial to health. They also help regulate blood pressure, and they are the major elimination channel. When the kidneys are toxic, the skin must pick some of their elimination responsibilities. Acne, dandruff, psoriasis and eczema often clear up when the kidneys are cleansed. Another reason to cleanse is to prevent kidney stones. Water fasting is the best and easy way to detoxify our body through the kidneys channel.

Water fasting to detoxify our body through the kidneys channel

-24 hours water fasting

-36 hours water fasting

-7 days water fasting

Use one teaspoon of raw honey and fresh lemon juice per full glass of distilled water. No any food or juice allowed during water fasting. (Use appropriate water fasting depends upon the patient condition.)

After the proper cleanse, start with fresh fruits and juices at breakfast. Eat more fruits and juices in lunch. Eat big salads of wholesome vegetables and dark leafy greens in dinner.

Start taking "The Mucusless Diet" in the routine.

2. Colon Therapy or Bowels Channels:

The colon is a sewage system and through neglect and abuse it becomes a cesspool. When it is cleaned and normal, we are well and happy, but let the colon stagnate and it will distill the poisons of decay, fermentation and putrefaction.

It will poison the brain and nervous system so that we become mentally depressed and irritable. It will poison the heart so we are weak and restless, poison the lungs so the breath is foul, poison the digestive organs so we are distressed and bloated, and poison the blood so the skin is sallow and unhealthy. In short, every organ of the body is poisoned. We age prematurely, look, and feel old. Our joints are stiff and painful and a sluggish brain overtakes us. The bowels eliminate not only the food waste but also waste matter known as body waste, in the form of used up cells and tissues, the result of our physical and mental activities, which if not eliminated cause protein putrefaction resulting in toxemia or acidosis. The retention of such body waste has a much more insidious effect on our health than in generally suspected, and its elimination is one of the first steps toward perceptible progress toward health. The cleansing procedure will effect such elimination quickly, particularly for adults.

Juice fasting to detoxify our body through the bowels channel

-Three day cleansing program (Juices fasting)

- First thing in the morning, drinks sixteen ounces of prune juice.
- Within ½ hour take an eight ounce glass of apple juice. Swish each mouthful thoroughly in the mouth so the saliva will mix with it.
- When desire, drink a glass of plain distilled water and then after ½ hour take more apple juice.
- One gallon of apple juice is consumed throughout one day or depends upon person's age and condition.
- Do not eat anything all day. Take only an apple or two with apple juice if feel hungry.
- Take one or two teaspoons of olive oil three times a day to aid lubricating bile and liver ducts.
- Take Dr. Christopher "Lower Bowel Formula", two capsules three times a day.
- Continue this detoxification for three consecutive days.
- After the cleanse, it is always profitable to fast one to three days using only distilled water and then a day of juice before return to salads or regular foods.
- Start with fresh fruits and juices at breakfast. Eat more fruits and juices in lunch. Eat big salads of wholesome vegetables and dark leafy greens in dinner.
- Start taking "The Mucusless Diet" in the routine

Please try to detoxify your kidneys and bowels natural elimination channels. I am sure you will feel much better and more energetic. I will be discussed rest of the other two natural elimination channels, lungs and pours of the skin in the next column, till than God bless all of you.



**Kulwant Singh Gill**
(Doctor of Philosophy;
Doctor of Natural Medicine)
Email: drkalvingill@gmail.com
Cell: (408) 807-2519

# ਪੰਜਾਬ ਨਹੀ, ਹਰਿਆਣਾ 'ਤੇ ਪਵੇਗਾ 'ਆਪ' ਦਾ ਅਸਰ

- ਬੀ. ਕੇ. ਚੰਮ

ਅਰਥ ਸ਼ਾਸਤਰ ਖ਼ਾਸ ਤੌਰ 'ਤੇ ਮੁਫ਼ਤ ਤੋਹਫੇ ਅਤੇ ਰਾਹਤਾਂ ਵੰਡਣ ਦੇ ਦੌਰ 'ਚ ਸਿਆਸਤ 'ਤੇ ਹਾਵੀ ਹੋ ਜਾਂਦਾ ਹੈ। ਹਾਲਾਂਕਿ ਦਿੱਲੀ 'ਚ ਸੱਤਾਧਾਰੀ 'ਆਮ ਆਦਮੀ ਪਾਰਟੀ' ਵਲੋਂ ਹਰੇਕ ਘਰ ਨੂੰ ਰੋਜ਼ਾਨਾ 700 ਲੀਟਰ ਮੁਫ਼ਤ ਪਾਣੀ ਦੇਣ ਅਤੇ ਬਿਜਲੀ ਦੀਆਂ ਦਰਾਂ 'ਚ ਕਟੌਤੀ ਕਰਨ ਦੇ ਲਏ ਫ਼ੈਸਲੇ ਨਾਲ ਕੌਮੀ ਪੱਧਰ 'ਤੇ ਇਸ ਦੇ ਪੈਣ ਵਾਲੇ ਅਸਰ ਬਾਰੇ ਅਜੇ ਅਟਕਲਾਂ ਹੀ ਲਗਾਈਆਂ ਜਾ ਸਕਦੀਆਂ ਹਨ, ਫਿਰ ਵੀ ਇਸ ਗੱਲ 'ਚ ਕੋਈ ਸ਼ੱਕ ਨਹੀਂ ਕਿ 'ਆਮ ਆਦਮੀ ਪਾਰਟੀ' ਦੇ ਲੋਕ-ਲੁਭਾਊ ਫੈਸਲਿਆਂ ਨੇ ਮਹਿੰਗਾਈ ਅਤੇ ਸਿੱਕੇ ਦੇ ਪਸਾਰ ਦੇ ਬੋਝ ਕਾਰਨ ਤ੍ਰਾਹ-ਤ੍ਰਾਹ ਕਰ ਰਹੇ ਦਿੱਲੀ ਦੇ ਮੱਧ ਅਤੇ ਹੇਠਲੇ ਮੱਧਵਰਗ ਦੇ ਕਾਫੀ ਵੱਡੇ ਹਿੱਸੇ ਨੂੰ ਕੁਝ ਰਾਹਤ ਦਿੱਤੀ ਹੈ।

ਭਾਰਤ ਵਿਚ ਇਕ ਤੋਂ ਬਾਅਦ ਇਕ ਸਰਕਾਰ ਦੇ ਦੌਰ 'ਚ ਬੇਸ਼ੱਕ ਅਰਬਪਤੀਆਂ ਦੀ ਗਿਣਤੀ ਕਈ ਗੁਣਾ ਵਧੀ ਹੈ ਪਰ ਵੱਖ-ਵੱਖ ਮੱਧਵਰਗੀ ਲੋਕਾਂ ਦੀ ਗਿਣਤੀ 'ਚ ਪਿਛਲੇ ਕੁਝ ਦਹਾਕਿਆਂ ਦੌਰਾਨ ਹੀ ਜ਼ਿਆਦਾ ਵਾਧਾ ਹੋਇਆ ਹੈ, ਫਿਰ ਵੀ 'ਆਪ' ਦੇ ਮੁਫ਼ਤ ਪਾਣੀ ਅਤੇ ਸਬਸਿਡੀਯੁਕਤ ਬਿਜਲੀ ਦੇਣ ਦੇ ਫੈਸਲਿਆਂ ਨਾਲ ਵੱਖ-ਵੱਖ ਸੂਬਿਆਂ 'ਚ ਸੱਤਾਧਾਰੀ ਪਾਰਟੀਆਂ 'ਸੱਪ ਦੇ ਮੂੰਹ 'ਚ ਕੋਹੜਕਿਰਲੀ' ਵਰਗੀ ਸਥਿਤੀ 'ਚ ਫਸ ਗਈਆਂ ਹਨ।

ਜੇ ਉਹ 'ਆਪ' ਵਰਗੇ ਫੈਸਲੇ ਲਾਗੂ ਕਰਦੀਆਂ ਹਨ ਤਾਂ ਉਨ੍ਹਾਂ ਦੇ ਸੂਬਿਆਂ ਦੀ ਪਹਿਲਾਂ ਹੀ ਤਾਰ-ਤਾਰ ਹੋ ਚੁੱਕੀ ਆਰਥਿਕ ਹਾਲਤ ਹੋਰ ਵੀ ਬਦਤਰ ਹੋ ਜਾਵੇਗੀ, ਜਿਸ ਦੇ ਲੀਹ 'ਤੇ ਆਉਣ ਦੀ ਨੇੜਲੇ ਭਵਿੱਖ 'ਚ ਕੋਈ ਸੰਭਾਵਨਾ ਨਹੀਂ। ਜੇ ਉਹ 'ਆਪ' ਦੀਆਂ ਲੋਕ-ਲੁਭਾਊ ਨੀਤੀਆਂ ਉਤੇ ਅਮਲ ਨਹੀਂ ਕਰਦੀਆਂ ਤਾਂ ਉਨ੍ਹਾਂ ਨੂੰ ਇਸ ਦੀ ਚੋਣਾਂ ਵਿਚ ਅਤੇ ਭਾਰੀ ਸਿਆਸੀ ਕੀਮਤ ਚੁਕਾਉਣੀ ਪਵੇਗੀ।

ਅਸੀਂ ਇਥੇ 'ਆਪ' ਦੇ ਫੈਸਲਿਆਂ ਨਾਲ ਕੌਮੀ ਪੱਧਰ 'ਤੇ ਨਿਕਲਣ ਵਾਲੇ ਆਰਥਿਕ ਅਤੇ ਸਿਆਸੀ ਨਤੀਜਿਆਂ ਦੀ ਚਰਚਾ ਨਹੀਂ ਕਰਾਂਗੇ, ਅਸੀਂ ਤਾਂ ਭਾਰਤ ਦੇ ਉੱਤਰੀ ਖੇਤਰ 'ਚ ਪੈਂਦੇ ਸੂਬਿਆਂ ਪੰਜਾਬ ਅਤੇ ਹਰਿਆਣਾ 'ਤੇ ਹੀ ਪੈਣ ਵਾਲੇ ਇਸ ਦੇ ਸੰਭਾਵੀ ਅਸਰ ਬਾਰੇ ਵਿਚਾਰ ਕਰਾਂਗੇ ਕਿਉਂਕਿ ਇਨ੍ਹਾਂ ਦੋਹਾਂ ਸੂਬਿਆਂ 'ਚ ਪਿਛਲੇ ਕੁਝ ਸਾਲਾਂ ਤੋਂ ਮੁਫ਼ਤ ਦੇ ਤੋਹਫ਼ੇ ਵੰਡਣ ਦਾ ਹੜ੍ਹ ਜਿਹਾ ਆਇਆ ਹੋਇਆ ਹੈ।

ਮੁਫ਼ਤ ਪਾਣੀ ਅਤੇ ਬਿਜਲੀ ਦੀਆਂ ਦਰਾਂ 'ਚ ਕਟੌਤੀ ਦੇ ਦਿੱਲੀ ਸਰਕਾਰ ਦੇ ਫ਼ੈਸਲੇ ਦਾ ਸ਼ਾਇਦ ਪੰਜਾਬ 'ਤੇ ਕੋਈ ਜ਼ਿਆਦਾ ਅਸਰ ਨਹੀਂ ਪਵੇਗਾ ਕਿਉਂਕਿ ਇਹ ਸੂਬਾ ਪਹਿਲਾਂ ਹੀ ਮੁਫ਼ਤ ਦੇ ਗੱਫੇ ਅਤੇ ਰਿਆਇਤਾਂ ਦੇ ਰਿਹਾ ਹੈ। ਇਨ੍ਹਾਂ ਦਾ ਖਾਸ ਤੌਰ 'ਤੇ ਸੱਤਾਧਾਰੀ ਅਕਾਲੀ-ਭਾਜਪਾ ਗੱਠਜੋੜ ਨੂੰ ਚੋਣ ਲਾਭ ਵੀ ਹੋਇਆ ਹੈ।

2012 ਦੀਆਂ ਵਿਧਾਨ ਸਭਾ ਚੋਣਾਂ ਦੀ ਹੀ ਗੱਲ ਲੈ ਲਓ, ਬਿਨਾਂ ਸ਼ੱਕ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪੁੱਤਰ ਸੁਖਬੀਰ ਬਾਦਲ ਦੀ ਜਥੇਬੰਦਕ ਸਮਰੱਥਾ ਅਤੇ ਕਾਰਪੋਰੇਟ ਦਾਅ ਇਸਤੇਮਾਲ ਕੀਤੇ ਜਾਣ 'ਚ ਨਿਭਾਈ ਭੂਮਿਕਾ ਜ਼ਿਕਰਯੋਗ ਹੈ ਪਰ 2007-12 ਦੇ ਕਾਰਜਕਾਲ ਦੌਰਾਨ ਇਸ ਸਰਕਾਰ ਵਲੋਂ ਦਿੱਤੇ ਮੁਫ਼ਤ ਤੋਹਫਿਆਂ ਨਾਲ 2012 ਦੀਆਂ ਚੋਣਾਂ ਤੋਂ ਪਹਿਲਾਂ ਭਾਰਤੀ ਵਿੱਤੀ ਵਚਨਬੱਧਤਾ ਵਾਲੇ ਵਾਅਦਿਆਂ ਨੇ ਗੱਠਜੋੜ ਨੂੰ ਮੁੜ ਸੱਤਾ 'ਚ ਲੈ ਆਂਦਾ।




ਉਦੋਂ ਅਜਿਹਾ ਯਕੀਨੀ ਲੱਗ ਰਿਹਾ ਸੀ ਕਿ ਸੱਤਾਧਾਰੀ ਗੱਠਜੋੜ ਦੇ ਵਿਰੁੱਧ ਸੱਤਾ ਪਰਿਵਰਤਨ ਦੀਆਂ ਭਾਵਨਾਵਾਂ ਕਾਰਨ ਕਾਂਗਰਸ ਸੱਤਾ ਹਥਿਆਉਣ 'ਚ ਸਫਲ ਰਹੇਗੀ। ਜਿਹੜੇ ਮੁਫ਼ਤ ਦੇ ਗੱਫਿਆਂ ਨੇ ਗੱਠਜੋੜ ਨੂੰ ਚੋਣਾਂ ਜਿੱਤਣ 'ਚ ਸਹਾਇਤਾ ਦਿੱਤੀ, ਉਨ੍ਹਾਂ 'ਚ ਖੇਤੀ ਖੇਤਰ ਨੂੰ ਦਿੱਤੀ ਗਈ ਮੁਫ਼ਤ ਬਿਜਲੀ ਵੀ ਸ਼ਾਮਿਲ ਸੀ, ਜਿਸ ਕਾਰਨ ਸੂਬੇ ਦੇ ਖ਼ਜ਼ਾਨੇ 'ਤੇ ਸਾਲਾਨਾ 5800 ਕਰੋੜ ਰੁਪਏ ਦਾ ਬੋਝ ਪੈ ਰਿਹਾ ਹੈ। ਫਿਰ ਵੀ ਮੁਫ਼ਤ ਦੇ ਇਨ੍ਹਾਂ ਤੋਹਫਿਆਂ ਨੇ ਸੂਬੇ ਨੂੰ ਦੀਵਾਲੀਏਪਣ ਦੇ ਕੰਢੇ ਪਹੁੰਚਾਉਣ 'ਚ ਵੱਡੀ ਭੂਮਿਕਾ ਨਿਭਾਈ।

ਸੂਬੇ ਦਾ ਕਰਜ਼ਾ ਵਧ ਕੇ ਲੱਗਭਗ 1 ਲੱਖ ਕਰੋੜ ਰੁਪਏ ਤਕ ਜਾ ਪਹੁੰਚਿਆ ਹੈ। ਤਨਖਾਹਾਂ, ਬੁਢਾਪਾ ਪੈਨਸ਼ਨਾਂ, ਸਿਹਤ, ਸਿੱਖਿਆ ਅਤੇ ਕੁਝ ਹੋਰ ਸਮਾਜਿਕ ਖੇਤਰਾਂ 'ਚ ਵਿਕਾਸ ਯੋਜਨਾਵਾਂ ਦੇ ਸਮੇਂ ਸਿਰ ਭੁਗਤਾਨ ਦੇ ਮਾਮਲੇ 'ਚ ਸਰਕਾਰ ਭੁੱਲ ਕਰਦੀ ਆ ਰਹੀ ਹੈ। ਲੱਗਭਗ ਇਕ ਹਜ਼ਾਰ ਕਰੋੜ ਰੁਪਏ ਦੀਆਂ ਜਨਤਕ ਜਾਇਦਾਦਾਂ ਸਰਕਾਰੀ ਖ਼ਰਚੇ ਪੂਰੇ ਕਰਨ ਲਈ ਵੇਚ ਦਿੱਤੀਆਂ ਗਈਆਂ ਹਨ। ਇਕ ਮੰਨੀ-ਪ੍ਰਮੰਨੀ ਅੰਗਰੇਜ਼ੀ ਅਖ਼ਬਾਰ ਦੀ ਖੋਜ ਰਿਪੋਰਟ ਤੋਂ ਇਹ ਖੁਲਾਸਾ ਹੋਇਆ ਹੈ ਕਿ ਸੂਬਾ ਸਰਕਾਰ ਲੱਗਭਗ ਇਕ ਹਜ਼ਾਰ ਕਰੋੜ ਰੁਪਏ ਦੀਆਂ ਕੇਂਦਰੀ ਗ੍ਰਾਂਟਾਂ ਦਾ ਸਿਰਫ਼ ਇਸ ਲਈ ਲਾਭ ਨਹੀਂ ਲੈ ਸਕੀ ਕਿ ਜਾਂ ਤਾਂ ਇਹ ਕੇਂਦਰੀ ਯੋਜਨਾ ਦੀਆਂ ਸ਼ਰਤਾਂ ਤਹਿਤ ਆਪਣੇ ਹਿੱਸੇ ਦੀ 'ਮੈਚਿੰਗ ਗ੍ਰਾਂਟ' ਨਹੀਂ ਜੁਟਾ ਸਕੀ ਜਾਂ ਫਿਰ ਕੇਂਦਰ ਵਲੋਂ ਦਿੱਤੀਆਂ ਗਈਆਂ ਗ੍ਰਾਂਟਾਂ ਇਸਤੇਮਾਲ ਨਹੀਂ ਕੀਤੀਆਂ ਜਾ ਸਕੀਆਂ ਜਾਂ ਇਨ੍ਹਾਂ ਨੂੰ ਸੂਬਾ ਸਰਕਾਰ ਦੀਆਂ ਹੋਰ ਯੋਜਨਾਵਾਂ ਪੂਰੀਆਂ ਕਰਨ ਲਈ ਇਸਤੇਮਾਲ ਕਰ ਲਿਆ ਗਿਆ।

ਹਰਿਆਣਾ ਦੀ ਆਰਥਿਕ ਸਿਹਤ ਵੀ ਵਿਗੜਦੀ ਜਾ ਰਹੀ ਹੈ। 2005 'ਚ ਸੱਤਾ ਸੰਭਾਲਣ ਤੋਂ ਬਾਅਦ ਭੁਪਿੰਦਰ ਸਿੰਘ ਹੁੱਡਾ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਭਾਰੀ ਸਬਸਿਡੀਆਂ ਤੇ ਤੋਹਫ਼ੇ ਵੰਡਣੇ ਸ਼ੁਰੂ ਕਰ ਦਿੱਤੇ। ਨਤੀਜਾ ਇਹ ਹੋਇਆ ਕਿ ਜਿਸ ਹਰਿਆਣਾ 'ਚ 2008-09 ਤਕ ਮਾਲੀਆ ਲੋੜ ਤੋਂ ਜ਼ਿਆਦਾ ਸੀ, ਉਸ ਨੂੰ ਮਾਲੀਆ ਘਾਟੇ ਵਾਲੇ ਸੂਬੇ 'ਚ ਬਦਲਣ ਵਿਚ ਇਨ੍ਹਾਂ ਰਿਆਇਤਾਂ ਨੇ ਵੱਡੀ ਭੂਮਿਕਾ ਨਿਭਾਈ। ਸੂਬੇ ਸਿਰ ਕਰਜ਼ੇ ਦਾ ਬੋਝ ਵਧ ਰਿਹਾ ਹੈ, ਜੋ ਕਿ 2012-13 'ਚ 67 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਹੋ ਗਿਆ ਹੈ।

ਹੁੱਡਾ ਸਰਕਾਰ ਦੇ ਲੋਕ-ਲੁਭਾਊ ਕਦਮਾਂ ਨੇ ਸੂਬੇ 'ਚ ਸੱਤਾਧਾਰੀ ਪਾਰਟੀ ਦੇ ਵਿਰੁੱਧ ਜ਼ੋਰਦਾਰ 'ਐਂਟੀ ਇਨਕੰਬੈਂਸੀ ਫੈਕਟਰ' ਦੇ ਹੁੰਦੇ ਹੋਏ ਵੀ ਬਿਨਾਂ ਸ਼ੱਕ 2009 ਦੀਆਂ ਮੱਧਕਾਲੀ ਚੋਣਾਂ 'ਚ ਕਾਂਗਰਸ ਨੂੰ ਸਭ ਤੋਂ ਵੱਡੀ ਪਾਰਟੀ ਵਜੋਂ ਉੱਭਰਨ 'ਚ ਮਦਦ ਦਿੱਤੀ ਸੀ ਪਰ ਇਸ ਵਲੋਂ ਹਰੇਕ 2 ਮਹੀਨਿਆਂ ਦੇ ਬਿਜਲੀ ਦੇ ਬਿੱਲ 'ਤੇ 200 ਰੁਪਏ ਸਬਸਿਡੀ ਦੇਣ ਦੇ ਤਾਜ਼ਾ ਐਲਾਨ ਨੂੰ ਦਿੱਲੀ 'ਚ 'ਆਪ' ਵਲੋਂ ਲਏ ਲੋਕ-ਲੁਭਾਊ ਫੈਸਲਿਆਂ ਨਾਲ ਹਰਿਆਣਾ 'ਚ ਪੈਣ ਵਾਲੇ ਪ੍ਰਭਾਵ ਦੀ ਕਾਟ ਵਜੋਂ ਦੇਖਿਆ ਜਾ ਰਿਹਾ ਹੈ। ਪੰਜਾਬ ਦੀ ਆਰਥਿਕ ਸਿਹਤ 'ਚ ਅਕਾਲੀ-ਭਾਜਪਾ ਗੱਠਜੋੜ ਵਲੋਂ ਪੈਦਾ ਕੀਤੀ ਗਈ ਖਰਾਬੀ ਕੀ ਅਗਲੀਆਂ ਲੋਕ ਸਭਾ ਚੋਣਾਂ 'ਚ ਇਥੇ 'ਆਪ' ਦੇ ਪੈਰ ਪਸਾਰਨ ਲਈ ਉਪਜਾਊ ਜ਼ਮੀਨ ਤਿਆਰ ਕਰੇਗੀ, ਇਸ ਬਾਰੇ ਅਜੇ ਕੁਝ ਕਹਿਣਾ ਜਲਦਬਾਜ਼ੀ ਹੋਵੇਗੀ ਪਰ ਹਰਿਆਣਾ 'ਚ ਸਥਿਤੀ ਵੱਖਰੀ ਹੈ। ਹਰਿਆਣਾ ਸਰਕਾਰ ਵਲੋਂ ਤੋਹਫੇ ਅਤੇ ਰਿਆਇਤਾਂ ਵੰਡਣ ਦੇ ਬਾਵਜੂਦ 'ਆਪ' ਦੀ ਦਿੱਲੀ 'ਚ ਜਿੱਤ ਦਾ ਹਰਿਆਣਾ 'ਚ ਜ਼ਰੂਰ ਹੀ ਸਿਆਸੀ ਅਸਰ ਪਵੇਗਾ। ਇਹ ਸੂਬਾ ਇਕ ਤਰ੍ਹਾਂ ਨਾਲ ਕੌਮੀ ਰਾਜਧਾਨੀ ਦਾ ਗਲਿਆਰਾ ਹੈ ਅਤੇ ਦਿੱਲੀ ਨਾਲ ਲੱਗਦੇ ਇਸ ਦੇ ਜ਼ਿਲਿਆਂ ਦੇ ਵਸਨੀਕਾਂ ਨੇ ਵੱਡੀ ਗਿਣਤੀ 'ਚ 'ਆਪ' ਦੀ ਚੋਣ ਮੁਹਿੰਮ 'ਚ ਕੰਮ ਕੀਤਾ ਸੀ। ਇਸ ਤੋਂ ਇਲਾਵਾ 'ਆਪ' ਦੇ ਮੁਖੀ ਅਰਵਿੰਦ ਕੇਜਰੀਵਾਲ, ਸੀਨੀਅਰ ਨੇਤਾ ਯੋਗਿੰਦਰ ਯਾਦਵ ਅਤੇ ਦੂਜੇ ਪੱਧਰ ਦੇ ਕੁਝ ਨੇਤਾ ਹਰਿਆਣਾ ਨਾਲ ਸੰਬੰਧਿਤ ਹਨ।

ਦਿੱਲੀ ਵਿਧਾਨ ਸਭਾ ਦੀਆਂ ਚੋਣਾਂ 'ਚ 'ਆਪ' ਦੇ ਪੱਖ 'ਚ ਮਾਹੌਲ ਸਿਰਜਣ 'ਚ ਅਹਿਮ ਭੂਮਿਕਾ ਨਿਭਾਉਣ ਵਾਲੀ ਧੂੰਆਂਧਾਰ ਮੀਡੀਆ ਸਰਗਰਮੀ ਤੋਂ ਇਲਾਵਾ ਹੋਰ ਜਿਸ ਗੱਲ ਦੀ ਭੂਮਿਕਾ ਰਹੀ, ਉਹ ਸੀ ਸਿਆਸਤ ਦੀ ਇਕਦਮ ਨਵੀਂ ਸ਼ਕਲ ਕੇਜਰੀਵਾਲ ਅਤੇ 'ਆਪ' ਦੇ ਬਾਕੀ ਨੇਤਾਵਾਂ ਨੇ ਸਿਆਸਤਦਾਨਾਂ ਨੂੰ ਆਮ ਲੋਕਾਂ ਤੋਂ ਦੂਰ ਕਰਨ ਵਾਲੇ ਵੀ. ਆਈ. ਪੀ. ਕਲਚਰ ਤੋਂ ਪ੍ਰਹੇਜ਼ ਕੀਤਾ। ਉਨ੍ਹਾਂ ਨੇ ਲੋਕਾਂ ਨਾਲ ਨਿੱਜੀ ਤੌਰ 'ਤੇ ਸੰਪਰਕ ਬਣਾਇਆ, ਜਿਵੇਂ ਕਿ ਉਨ੍ਹਾਂ ਵਲੋਂ ਮੁਹੱਲਾ ਸਭਾਵਾਂ ਆਯੋਜਿਤ ਕਰਨ ਅਤੇ ਸਰਕਾਰ ਵਲੋਂ ਮੁਹੱਈਆ ਕਰਵਾਈਆਂ ਜਾ ਰਹੀਆਂ ਸੇਵਾਵਾਂ ਦੇ ਮਾਮਲੇ 'ਚ ਦਿੱਲੀ ਵਾਸੀਆਂ ਦੀਆਂ ਨਿੱਤ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਨਿੱਜੀ ਪੱਧਰ 'ਤੇ ਸਹਾਇਤਾ ਕਰਨ ਤੋਂ ਸੰਕੇਤ ਮਿਲਦਾ ਹੈ।

ਪਰ ਹਾਂ-ਪੱਖੀ ਘਟਨਾਵਾਂ ਦੇ ਬਾਵਜੂਦ ਦਿੱਲੀ ਤੋਂ ਬਾਹਰ ਪੈਰ ਪਸਾਰਨ ਦਾ ਰਾਹ 'ਆਪ' ਲਈ ਕਾਫੀ ਕੰਡਿਆਂ ਭਰਿਆ ਹੋਵੇਗਾ। ਇਸ ਤੋਂ ਇਲਾਵਾ ਪਾਣੀ ਦੀ ਸਪਲਾਈ ਅਤੇ ਬਿਜਲੀ ਦਰਾਂ 'ਚ ਦਿੱਤੀਆਂ ਗਈਆਂ ਰਿਆਇਤਾਂ ਅਤੇ ਹੋਰ ਵਾਅਦੇ ਪੂਰੇ ਕਰਨ ਨਾਲ ਵਿੱਤੀ ਸਮੱਸਿਆਵਾਂ ਪੈਦਾ ਹੋਣਗੀਆਂ, ਜਿਨ੍ਹਾਂ 'ਤੇ ਰੋਕ ਲਗਾਉਣਾ 'ਆਪ' ਦੇ ਨੇਤਾਵਾਂ ਲਈ ਸੌਖਾ ਨਹੀਂ ਹੋਵੇਗਾ। ਮੁਫਤ ਗੱਫਿਆਂ ਅਤੇ ਰਿਆਇਤਾਂ ਦੇ ਵਾਅਦੇ ਪੂਰੇ ਕਰਨ ਲਈ 'ਆਪ' ਸਰਕਾਰ ਵਿੱਤੀ ਫੰਡ ਦਾ ਪ੍ਰਬੰਧ ਕਿੱਥੋਂ ਕਰੇਗੀ? ਇਸ ਨੂੰ ਵਾਧੂ ਸੋਮਿਆਂ ਦੀ ਭਾਲ ਕਰਨੀ ਪਵੇਗੀ, ਜਿਸ ਨਾਲ ਉਨ੍ਹਾਂ ਲੋਕਾਂ ਦਾ ਵੀ ਇਕ ਹਿੱਸਾ ਪ੍ਰਭਾਵਿਤ ਹੋਵੇਗਾ, ਜਿਨ੍ਹਾਂ ਨੇ 'ਆਪ' ਦੇ ਪੱਖ ਵਿਚ ਵੋਟਾਂ ਪਾਈਆਂ। ਸਪੱਸ਼ਟ ਹੈ ਕਿ ਕੇਜਰੀਵਾਲ ਅਤੇ 'ਆਪ' ਦੇ ਕੁਝ ਨੇਤਾਵਾਂ ਨੂੰ ਇਸ ਸਮੱਸਿਆ ਦਾ ਅਹਿਸਾਸ ਹੋ ਗਿਆ ਸੀ ਤਾਂ ਹੀ ਉਨ੍ਹਾਂ ਨੇ ਜਨਤਕ ਤੌਰ 'ਤੇ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਉਨ੍ਹਾਂ ਦੀ ਸਰਕਾਰ ਸ਼ਾਇਦ ਲੰਮੇ ਸਮੇਂ ਤਕ ਨਾ ਚੱਲ ਸਕੇ। ਉਨ੍ਹਾਂ ਕਿਹਾ ਕਿ 'ਆਪ' ਦੀ ਸਰਕਾਰ ਇਕ ਹਫ਼ਤਾ, ਇਕ ਮਹੀਨਾ ਜਾਂ ਕੁਝ ਮਹੀਨੇ ਚੱਲ ਸਕਦੀ ਹੈ। ਉਂਝ ਉਨ੍ਹਾਂ ਦਾ ਯਥਾਰਥਵਾਦ ਸ਼ਲਾਘਾਯੋਗ ਹੈ।

# ਪੰਜਾਬੀ ਢਾਬਾ ਵੱਲੋਂ ਨਵੇਂ ਸਾਲ ਦੀ ਸ਼ਾਨਦਾਰ ਪਾਰਟੀ ਵਿਚ ਵੱਡਾ ਇਕੱਠ

ਡਿਕਸਨ, ਕੈਲੀਫੋਰਨੀਆ- ਹਰ ਸਾਲ ਦੀ ਤਰ੍ਹਾਂ ਐਤਕੀ ਵੀ 'ਪੰਜਾਬੀ ਢਾਬਾ' ਜੋ ਕਿ 80 ਹਾਈਵੇ ਤੇ ਡਿਕਸਨ ਸ਼ਹਿਰ ਕੈਲੀਫੋਰਨੀਆ ਵਿਖੇ ਸਥਿਤ ਹੈ, ਵੱਲੋਂ ਨਵੇਂ ਸਾਲ ਦੀ ਆਮਦ ਤੇ ਇਕ ਰੰਗਾਰੰਗ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿਚ ਕਮਿਊਨਿਟੀ ਦੇ ਸਿਰਕੱਢ ਸੱਜਣਾਂ ਨੂੰ ਸੱਦਿਆ ਗਿਆ ਤੇ ਸ਼ਾਮ ਨੂੰ ਦਸੰਬਰ 29, ਦਿਨ ਐਤਵਾਰ 2013 ਨੂੰ ਇਸ ਪ੍ਰੋਗਰਾਮ ਦੀ 'ਗੈਟ ਪੰਜਾਬੀ' ਚੈਨਲ ਦੇ ਕੈਲੀਫੋਰਨੀਆ ਦੇ ਨੁਮਾਇੰਦੇ ਮੱਲਾ ਸਾਹਿਬ ਨੇ ਸ਼ੁਰੂਆਤ ਕੀਤੀ ਤੇ ਸਾਰੇ ਆਏ ਸੱਜਣਾਂ ਨੂੰ ਜੀ ਆਇਆਂ ਕਿਹਾ, ਮਗਰੋਂ ਬਲਬੀਰ ਸਿੰਘ ਐਮ. ਏ., ਪੰਜਾਬੀ ਢਾਬਾ ਦੇ ਮਾਲਕ ਸ. ਸਿਕੰਦਰ ਸਿੰਘ ਗਰੇਵਾਲ ਵੱਲੋਂ ਸਭ ਦਾ ਧੰਨਵਾਦ ਕੀਤਾ ਤੇ 'ਫਰੈਂਡਜ਼ ਆਫ ਕਾਂਗਰਸ' ਨਾਂ ਦੀ ਸੰਸਥਾ ਦਾ ਐਲਾਨ ਕੀਤਾ ਤੇ ਇਸ ਦੇ ਅਹੁਦੇਦਾਰਾਂ ਵਿਚ ਸ. ਸਿਕੰਦਰ ਸਿੰਘ ਗਰੇਵਾਲ, ਕਮਲ ਖੰਗੂੜਾ ਦੇ ਨਾਂ ਐਲਾਨੇ, ਜਿਹਨਾਂ ਨੂੰ ਕਿਸੇ ਵੀ ਪ੍ਰੋਗਰਾਮ ਸਬੰਧੀ ਜਾਣਕਾਰੀ ਲਈ ਫੋਨ ਕੀਤਾ ਜਾ ਸਕਦਾ ਹੈ। ਯਾਦ ਰਹੇ ਹੁਣੇ ਜਿਹੇ ਜੱਸੀ ਖੰਗੂੜਾ ਜੋ ਕਿ ਰਾਏਕੋਟ ਤੋਂ ਕਾਂਗਰਸ ਪਾਰਟੀ ਦੇ ਵਿਧਾਇਕ ਵੀ ਰਹਿ ਚੁੱਕੇ ਹਨ, ਨੇ ਇਹ ਐਲਾਨ ਕੀਤਾ ਸੀ ਕਿ ਇੱਥੇ ਇਸ ਸੰਸਥਾ ਨੂੰ ਹੋਂਦ ਵਿਚ ਲਿਆਂਦਾ ਜਾਵੇ। ਜੱਸੀ ਖੰਗੂੜਾ ਜੋ ਕਿ ਕਮਲ ਖੰਗੂੜਾ ਦੇ ਚਚੇਰੇ ਭਰਾ ਹਨ ਤੇ ਸਿਕੰਦਰ ਸਿੰਘ ਗਰੇਵਾਲ ਦੇ ਪਰਮ ਮਿੱਤਰ ਹਨ।
ਇਹ ਸਾਰਾ ਪ੍ਰੋਗਰਾਮ 'ਗੈਟ ਪੰਜਾਬੀ' ਪੰਜਾਬੀ ਚੈਨਲ ਤੋਂ ਲਾਈਵ ਦਿਖਾਇਆ ਗਿਆ। ਪ੍ਰੋਗਰਾਮ ਦਾ ਰੰਗ ਬੰਨਣ ਲਈ 'ਸੱਤੀ' ਗਾਇਕ ਦੇ ਤੌਰ ਤੇ ਹਾਜ਼ਰ ਹੋਏ ਤੇ ਉਸਨੇ ਪੰਜਾਬੀ ਗੀਤਾਂ ਨਾਲ ਤੇ ਬੋਲੀਆਂ ਨਾਲ ਸਾਰੇ ਆਏ ਲੋਕਾਂ ਨੂੰ ਨੱਚਣ ਲਾ ਦਿੱਤਾ ਤੇ ਇਸ ਦੇ ਨਾਲ ਹੀ ਮੱਲਾ ਸਾਹਿਬ ਨੇ ਵੀ ਲੋਕ ਬੋਲੀਆਂ ਪਾ ਕੇ ਵਾਹ ਵਾਹ ਖੱਟੀ।

ਇਸ ਪ੍ਰੋਗਰਾਮ ਵਿਚ ਪਰਗਟ ਸਿੰਘ, ਸੁਖਵਿੰਦਰ ਚੀਮਾ, ਪਾਲ ਗਰੇਵਾਲ, ਕਮਲ ਖੰਗੂੜਾ, ਕੁਲਬੀਰ ਹੀਰ, ਕੁਲਦੀਪ ਸਿੰਘ ਗਰੇਵਾਲ, ਸਿਕੰਦਰ ਸਿੰਘ ਗਰੇਵਾਲ (ਪੰਜਾਬੀ ਢਾਬਾ ਦੇ ਮਾਲਕ), ਜਸਵੀਰ ਸਿੰਘ ਕੁਲਾਰ 'ਕਿਵੀ ਫਰੂਟ-ਲਾਈਵ ਓਕ ਵਾਲੇ, ਹਰਮਨ ਸਿੰਘ ਰੰਧਾਵਾ, ਚਰਨਜੀਤ ਸਿੰਘ ਰੰਧਾਵਾ, ਬਿੰਦਰ ਦਿਓਲ, ਹਰਵਿੰਦਰ ਸਿੰਘ ਗੁਰੂ ਘਰ ਫੇਅਰ ਫੀਲਡ ਦੇ ਅਹੁਦੇਦਾਰ, ਸ਼ੇਰੂ ਭਾਟੀਆ, ਮੁਕੰਦ ਲਾਂਬਾ, ਦੀਪਕ ਸ਼ਰਮਾ, ਪਰਮਪ੍ਰੀਤ ਡੱਡੀ, ਚਮਕੌਰ ਸਿੰਘ, ਜੱਸੀ, ਕੰਮਾ, ਜਿੰਮੀ, ਸੰਦੀਪ ਸ਼ਰਮਾ, ਵਿਜੇ ਵਿੱਜ (ਭੋਲਾ), ਕੁਲਵੰਤ ਸਿੰਘ ਬੋਪਾਰਾਏ, ਬਲਜੀਤ ਸਿੰਘ ਬਾਸੀ, ਗੁਰਮੀਤ ਸਿੰਘ ਭਾਟੀਆ, ਲੱਕੀ ਘੁੰਮਣ, ਰਵਿੰਦਰ ਰੋਨੀ ਤੇ ਹੋਰ ਬਹੁਤ ਸਾਰੇ ਸੱਜਣ ਮਿੱਤਰਾਂ ਨੇ ਇਸ ਪ੍ਰੋਗਰਾਮ ਦਾ ਆਨੰਦ ਮਾਣਿਆ। ਪੰਜਾਬੀ ਮੀਡੀਆ ਵੀ ਪਹੁੰਚਿਆ ਹੋਇਆ ਸੀ।

ਅਖੀਰ ਵਿਚ ਸਿਕੰਦਰ ਸਿੰਘ ਗਰੇਵਾਲ ਦੇ ਪਰਿਵਾਰ ਵੱਲੋਂ ਨਵੇਂ ਸਾਲ ਦੀ ਵਧਾਈ ਹਰ ਇਕ ਨੂੰ ਦਿੱਤੀ ਗਈ ਤੇ ਧੰਨਵਾਦ ਕੀਤਾ ਗਿਆ। ਸਿਕੰਦਰ ਸਿੰਘ ਗਰੇਵਾਲ 916-613-6728



























# 23 ਪੋਹ ਬਨਾਮ ਪੋਹ ਸੁਦੀ 7

ਸਰਵਜੀਤ ਸਿੰਘ ਸੈਕਰਾਮੈਂਟੋ

ਸਿੱਖ ਮਾਨਸਿਕਤਾ ’ਚ ਘਰ ਕਰ ਚੁੱਕੀਆਂ ਇਹ ਦੋਵੇਂ ਤਾਰੀਖਾਂ ਭਾਵੇਂ ਅੱਜ ਤੋਂ 348 ਸਾਲ ਪਹਿਲਾ ਇਕੋ ਦਿਨ ਹੀ ਆਈਆਂ ਸਨ ਪਰ ਹਰ ਸਾਲ ਅਜੇਹਾ ਨਹੀਂ ਹੁੰਦਾ। ਇਨ੍ਹਾਂ ਵਿਚੋਂ ਇਕ ਤਾਰੀਖ 23 ਪੋਹ, ਸੂਰਜੀ ਬਿਕ੍ਰਮੀ (Solar) ਕੈਲੰਡਰ ਦੀ ਹੈ ਅਤੇ ਦੂਜੀ ਪੋਹ ਸੁਦੀ 7, ਚੰਦਰ ਸੂਰਜੀ (Lunisolar) ਬਿਕ੍ਰਮੀ ਕੈਲੰਡਰ ਦੀ ਹੈ। ਅੱਜ ਇਨ੍ਹਾਂ ਦੋ ਤਾਰੀਖਾਂ ’ਚ ਇਕ ਤਾਰੀਖ ਦੀ ਚੋਣ ਕਰਨੀ ਸਾਡੇ ਲਈ ਸਭ ਤੋਂ ਵੱਡੀ ਸਮੱਸਿਆ ਬਣ ਗਈ ਹੈ। ਇਹ ਸਮੱਸਿਆ, ਕਿਸੇ ਬਿਗਾਨੇ ਵੱਲੋਂ ਨਹੀਂ ਸਗੋਂ ਸਾਡੇ ਧਾਰਮਿਕ ਮੁਖੀਆਂ ਵੱਲੋਂ ਹੀ ਖੜੀ ਕੀਤੀ ਗਈ ਹੈ। ਆਓ, ਦਿਨੋ-ਦਿਨ ਗੰਭੀਰ ਹੁੰਦੀ ਜਾਂ ਰਹੀ ਇਸ ਸਮੱਸਿਆ ਬਾਰੇ ਮੁਢਲੀ ਜਾਣਕਾਰੀ ਸਾਂਝੀ ਕਰੀਏ।

ਕੈਲੰਡਰ ਵਿਗਿਆਨ ਦਾ ਅਰੰਭ ਵੀ, ਇਸ ਧਰਤੀ ਤੇ ਇਨਸਾਨ ਦੇ ਹੋਸ਼ ਸੰਭਾਲਣ ਨਾਲ ਹੀ ਹੋ ਗਿਆ ਸੀ। ਸਭ ਤੋਂ ਪਹਿਲਾ ਦਿਨ ਦੇ ਚਾਨਣ ਅਤੇ ਰਾਤ ਦੇ ਅੰਧੇਰੇ ਦਾ ਹੀ ਪਤਾ ਸੀ। ਖਿਆਲ ਕਰੋ ਕਿ ਜਦੋਂ ਕਿਸੇ ਸਿਆਣੇ ਨੇ ਚੰਦ ਦੇ ਮੱਸਿਆ ਤੋਂ ਪੂੰਨਿਆ ਤੱਕ ਚਾਨਣੇ ਪੱਖ (ਸੁਦੀ ਪੱਖ) ਅਤੇ ਪੂੰਨਿਆ ਤੋਂ ਮੱਸਿਆ ਦੇ ਹਨੇਰੇ ਪੱਖ (ਵਦੀ ਪੱਖ) ਦੀ ਗਿਣਤੀ ਕਰਕੇ ਕੈਲੰਡਰ ਦਾ ਮੁੱਢ ਬੰਨਿਆਂ ਹੋਵੇਗਾ ਤਾਂ ਇਨਸਾਨ ਦੇ ਜੀਵਨ ਵਿਚ ਕਿੰਨੀ ਇਨਕਲਾਬੀ ਤਬਦੀਲੀ ਆਈ ਹੋਏਗੀ। ਇਸ ਵਿਚ ਕੋਈ ਸ਼ੱਕ ਨਹੀ ਕਿ ਸਭ ਤੋਂ ਪਹਿਲਾ ਚੰਦ ਅਧਾਰਤ ਕੈਲੰਡਰ ਹੀ ਹੋਂਦ ਵਿਚ ਆਇਆ ਸੀ। ਜਿਓ-ਜਿਓ ਮਨੁੱਖ ਨੇ ਤਰੱਕੀ ਕੀਤੀ ਅਤੇ ਮੌਸਮਾਂ ਸਬੰਧੀ ਜਾਣਕਾਰੀ ਵਿਚ ਵਾਧਾ ਹੋਇਆ ਤਾਂ ਸੂਰਜੀ ਕੈਲੰਡਰ ਹੋਂਦ ਵਿਚ ਆ ਗਏ। ਅੱਜ ਵੀ ਚੰਦ ਅਧਾਰਿਤ ਕੈਲੰਡਰ ਦਾ ਸ਼ੁੱਧ ਰੂਪ ਹਿਜਰੀ ਕੈਲੰਡਰ, ਇਸਲਾਮ ਧਰਮ ਵਿਚ ਪ੍ਰਚੱਲਤ ਹੈ। ਹਿੰਦੂ ਧਰਮ ਵਿਚ ਚੰਦਰ ਸੂਰਜੀ ਬਿਕ੍ਰਮੀ ਕੈਲੰਡਰ ਪ੍ਰਚੱਲਤ ਹੈ ਅਤੇ ਸਿਖ ਧਰਮ ਚੰਦਰ ਸੂਰਜੀ ਬਿਕ੍ਰਮੀ, ਸੂਰਜੀ ਬਿਕ੍ਰਮੀ ਅਤੇ ਸੀ: ਈ: ਕੈਲੰਡਰ ਪ੍ਰਚੱਲਤ ਹੈ। ਭਾਵੇਂ ਇਹ ਕੋਈ ਧਾਰਮਿਕ ਵਿਸ਼ਾ ਨਹੀ ਹੈ ਫਿਰ ਵੀ ਇਸ ਦਾ ਧਰਮ ਨਾਲ ਗੂੜਾ ਸਬੰਧ ਹੈ। ਕੈਲੰਡਰ ਦਾ ਮੁੱਖ ਮੰਤਵ ਤਾਂ ਸਮੇਂ ਦੀ ਗਿਣਤੀ-ਮਿਣਤੀ ਦੇ ਨਾਲ-ਨਾਲ ਕੌਮ ਲਈ ਮਹੱਤਵਪੂਰਨ ਦਿਹਾੜਿਆਂ ਦੀ ਸਹੀ ਨਿਸ਼ਾਨ ਦੇਹੀ ਕਰਨਾ ਹੁੰਦਾ ਹੈ।

ਧਰਤੀ ਆਪਣੇ ਧੁਰੇ ਤੇ ਦੁਵਾਲੇ ਹੈ ਇਸ ਦਾ ਇਕ ਚੱਕਰ, 24 ਘੰਟੇ ਵਿਚ ਪੂਰਾ ਹੁੰਦਾ ਹੈ। ਕੈਲੰਡਰ ’ਚ ਇਸ ਨੂੰ ਇਕ ਦਿਨ ਗਿਣਿਆ ਜਾਂਦਾ ਹੈ। ਧਰਤੀ ਸੂਰਜ ਦੇ ਦੁਵਾਲੇ ਵੀ ਘੁੰਮਦੀ ਹੈ, ਇਹ ਚੱਕਰ 365.2422 ਦਿਨ (365 ਦਿਨ, 5 ਘੰਟੇ, 48 ਮਿੰਟ ਅਤੇ 45 ਸੈਕੰਡ) ਵਿਚ ਪੂਰਾ ਹੁੰਦਾ ਹੈ। ਇਸ ਨੂੰ ਮੌਸਮੀ/ਰੁੱਤੀਸਾਲ (Tropical year) ਸਾਲ ਕਿਹਾ ਜਾਂਦਾ ਹੈ। ਚੰਦ ਧਰਤੀ ਦੇ ਦੁਵਾਲੇ ਘੁੰਮਦਾ ਹੈ ਇਹ ਚੱਕਰ 354.37 ਦਿਨ (354 ਦਿਨ, 8 ਘੰਟੇ, 52 ਮਿੰਟ ਅਤੇ 48 ਸੈਕੰਡ) ਵਿਚ ਪੂਰਾ ਦਾ ਹੁੰਦਾ ਹੈ। ਭਾਵ ਚੰਦ ਦਾ ਇਕ ਸਾਲ ਮੌਸਮੀ ਸਾਲ ਤੋਂ ਲੱਗ-ਭੱਗ 11 ਦਿਨ ਛੋਟਾ ਹੁੰਦਾ ਹੈ। ਹੁਣ ਜੇ ਹਿਜਰੀ ਕੈਲੰਡਰ ਵਾਂਗੂ ਹੀ ਸਾਰੇ ਦਿਹਾੜੇ ਮਨਾਏ ਜਾਣ ਤਾਂ ਹਰ ਸਾਲ ਉਹ ਦਿਹਾੜਾ ਪਹਿਲੇ ਸਾਲ ਨਾਲੋਂ 11 ਦਿਨ ਪਹਿਲਾ ਆ ਜਾਵੇਗਾ ਅਤੇ 33 ਸਾਲ ਪਿਛੋਂ ਮੁੜ ਉਸੇ ਤਾਰੀਖ ਦੇ ਨੇੜੇ-ਤੇੜੇ ਆ ਜਾਵੇਗਾ। (ਸੂਰਜ ਦੇ 33 ਸਾਲ=ਚੰਦ ਦੇ 34 ਸਾਲ) ਜਿਵੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਪੋਹ ਸੁਦੀ 7, 2013 ਸੀ: ਈ: ਵਿਚ 6 ਮਾਘ/18ਜਨਵਰੀ ਨੂੰ ਸੀ ਅਤੇ ਇਸ ਸਾਲ ਇਹ ਦਿਹਾੜਾ, ਇਸ ਤੋਂ11 ਦਿਨ ਪਹਿਲਾ ਭਾਵ 24 ਪੋਹ/7 ਜਨਵਰੀਨੂੰ ਆਵੇਗਾ।ਇਸ ਤੋਂ ਅਗਲਾ ਗੁਰ-ਪੂਰਬ13 ਪੋਹ/28 ਦਸੰਬਰ 2014 ਨੂੰ ਆਵੇਗਾ। ਭਾਵ ਇਸ ਦਾ ਦੋ ਵਾਰ ਗੁਰਪੂਰਬ ਮਨਾਇਆ ਜਾਵੇਗਾ। ਇਸ ਹਿਸਾਬ ਨਾਲ ਤਾਂ ਇਸ ਤੋਂ ਅਗਲਾ ਗੁਰਪੂਰਬ 3 ਪੋਹ/17 ਦਸੰਬਰ 2015 ਨੂੰ ਆਉਣਾ ਚਾਹੀਦਾ ਹੈ ਪਰ ਨਹੀਂ! ਹੁਣ, ਗੁਰੂ ਜੀ ਦਾ ਪ੍ਰਕਾਸ਼ ਦਿਹਾੜਾ 3 ਮਾਘ/16 ਜਨਵਰੀ 2016 ਨੂੰ ਮਨਾਇਆ ਜਾਵੇਗਾ। ਅਜੇਹਾ ਕਿਓ?

ਚੰਦ ਦਾ ਸਾਲ, ਸੂਰਜੀ ਸਾਲ ਨਾਲੋਂ ਇਕ ਸਾਲ ’ਚ 11 ਦਿਨ, ਦੋ ਸਾਲ ’ਚ 22 ਦਿਨ ਪਿਛੇ ਰਹਿ ਗਿਆ ਹੈ। ਹੁਣ ਇਸ ਨੂੰ ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ ਇਸ ਵਿਚ ਇਕ ਹੋਰ ਮਹੀਨਾ ਜੋੜ ਦਿੱਤਾ ਜਾਵੇਗਾ, 2015ਵਿਚ ਚੰਦ ਦੇ ਸਾਲ ਦੇ 13 ਮਹੀਨੇਅਤੇ 384 ਦਿਨ ਹੋਣਗੇ।19 ਸਾਲਾਂ ਵਿਚ ਚੰਦ ਦੇ 7 ਸਾਲ, 13 ਮਹੀਨਿਆਂ ਦੇ ਹੁੰਦੇ ਹਨ।2015ਵਿਚ ਚੰਦ ਦੇਸਾਲ ’ਚ 13 ਮਹੀਨੇ ਹੋਣ ਕਾਰਨ ਜਿਹੜਾ ਦਿਹਾੜਾ 3 ਪੋਹ/17ਦਸੰਬਰ 2015 ਨੂੰ ਆਉਣਾ ਚਾਹੀਦਾ ਸੀ ਹੁਣ ਉਹ 2016ਵਿਚ 3 ਮਾਘ/16ਜਨਵਰੀ ਨੂੰ ਆਵੇਗਾ। 2015 ਸੀ. ਈ. ਵਿਚ ਇਹ ਦਿਹਾੜਾ ਨਹੀ ਆਵੇਗਾ। ਹੁਣ ਫੇਰ ਚੰਦ ਦੇ ਸਾਲ ਲੰਬਾਈ ਮੁਤਾਬਕ ਗੁਰਪੂਰਬ 11 ਦਿਨ ਪਹਿਲਾ ਭਾਵ 22 ਪੋਹ/5ਜਨਵਰੀ 2017ਨੂੰ ਆਵੇਗਾ ਅਤੇ ਉਸ ਤੋਂ ਅੱਗਲਾ 11 ਪੋਹ/25ਦਸੰਬਰ 2017ਨੂੰ । ਇਹ ਹੈ ਚੰਦਰ ਸੂਰਜੀ ਬਿਕ੍ਰਮੀ ਕੈਲੰਡਰ ਦਾ ਕਮਾਲ।

ਜਿਸ ਦਿਨ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ ਸੀ ਉਸ ਦਿਨ ਚੰਦਰ ਸੂਰਜੀ ਬਿਕ੍ਰਮੀ ਕੈਲੰਡਰ ਦੀ ਪੋਹ ਸੁਦੀ 7 ਦੇ ਨਾਲ-ਨਾਲ ਸੂਰਜੀ ਬਿਕ੍ਰਮੀ ਕੈਲੰਡਰ ਦੀ 23 ਪੋਹ ਵੀ ਸੀ। ਸਾਲ ਦੇ ਦਿਨਾਂ ’ਚ 11 ਦਿਨਾਂ ਦਾ ਅੰਤਰ ਹੋਣ ਕਾਰਨ, ਹਰ ਸਾਲ ਇਹ ਦੋਵੇਂ ਤਾਰੀਖਾਂ ਇਕੱਠੀਆਂ ਨਹੀਂ ਆ ਸਕਦੀਆਂ।

1666 ਤੋਂ ਪਿਛੋਂ 1685 ਵਿਚ ਇਹ ਦੋਵੇਂ ਤਾਰੀਖਾਂ ਇਕੱਠੀਆਂ ਆਈਆਂ ਸਨ। ਪਿਛਲੀ ਸਦੀ ਵਿਚ ਸਿਰਫ 4 ਵਾਰੀ (1903, 49, 68, 87) ਇਕੱਠੀਆਂ ਆਈਆਂ ਸਨ। ਅਸੀਂ ਗੁਰੂ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਣ ਲਈ ਇਨ੍ਹਾਂ ਦੋਵਾਂ ਤਾਰੀਖਾਂ ਦੇ ਇਕੱਠੀਆਂ ਆਉਣ ਦਾ ਇੰਤਜ਼ਾਰ ਨਹੀ ਕਰ ਸਕਦੇ। ਸੋ ਸਪੱਸ਼ਟ ਹੈ ਕਿ ਸਾਨੂੰ ਦੋਵਾਂ ’ਚ ਇਕ ਤਾਰੀਖ ਦੀ ਚੋਣ ਹੀ ਕਰਨੀ ਪਵੇਗੀ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ ਅਸੀਂ ਇਹ ਦਿਹਾੜਾ ਪੋਹ ਸੁਦੀ 7 ਦੀ ਬਜਾਏ 23 ਪੋਹ ਨੂੰ ਮਨਾਉਂਦੇ ਹਾਂ ਤਾਂ ਸਾਡਾ ਕੀ ਨੁਕਸਾਨ ਹੁੰਦਾ ਹੈ? ਨਹੀ! ਇਸ ਨਾਲ ਸਾਡਾ ਕੋਈ ਨੁਕਸਾਨ ਨਹੀ ਹੁੰਦਾ। ਇਸ ਨਾਲ ਤਾਂ ਸਾਨੂੰ ਲਾਭ ਹੀ ਲਾਭ ਹੈ। ਅਸੀਂ ਵਦੀ-ਸੁਦੀ ਦੇ ਮੱਕੜ ਜਾਲ’ਚ ਨਿਕਲ ਜਾਂਦੇ ਹਾਂ।23 ਪੋਹ ਹਰ ਸਾਲ ਨਾਨਕਸ਼ਾਹੀ ਕੈਲੰਡਰ ਮੁਤਾਬਕ, ਗੁਰੂ ਜੀ ਦਾ ਪ੍ਰਕਾਸ਼ ਦਿਹਾੜਾ ਹਰ ਸਾਲ 23 ਪੋਹ/5 ਜਨਵਰੀ ਨੂੰ ਹੀ ਮਨਾਇਆ ਜਾਵੇਗਾ। ਸਾਡਾ ਇਹ ਲਾਭ ਸ਼ਾਇਦ ਕਿਸੇ ਹੋਰ(?) ਲਈ ਨੁਕਸਾਨ ਦਾਇਕ ਹੋ ਸਕਦਾ ਹੋਵੇ। ਹੈਰਾਨੀ ਦੀ ਗੱਲ ਹੈ ਕਿ ਸਾਡੇ ਧਾਰਮਿਕ ਮੁਖੀਆਂ ਨੂੰ ਸਾਡੇ ਲਾਭ ਨਾਲੋਂ ਕਿਸੇ ਹੋਰ (?)ਦੇ ਹੋਣ ਵਾਲੇ ਸੰਭਾਵੀ ਨੁਕਸਾਨ ਦਾ ਜਿਆਦਾ ਫਿਕਰ ਹੈ।

ਹੁਣ ਜਦੋਂ ਅਸੀਂ ਇਹ ਦਿਹਾੜਾ ਪੋਹ ਸੁਦੀ 7 ਦੀ ਬਜਾਏ 23 ਪੋਹ ਨੂੰ ਮਨਾਉਂਦੇ ਹਾਂ ਤਾਂ ਇਹ ਦਿਨ ਹਰ ਸਾਲ ਤਕਰੀਬਨ ਇਕ ਹੀ ਤਾਰੀਖ ਨੂੰ ਆਉਂਦਾ ਹੈ। 1666 ਤੋਂ 1751 ਤਾਂਈ 23 ਪੋਹ ਜਿਆਦਾ ਸਾਲ 22 ਦਸੰਬਰ (ਯੂਲੀਅਨ) ਨੂੰ ਹੀ ਆਉਂਦਾ ਰਿਹਾ ਹੈ ਪਰ ਬਿਕ੍ਰਮੀ ਸਾਲ ਦੀ ਲੰਬਾਈ ਦੇ ਫਰਕ ਕਾਰਨ ਕਦੇ-ਕਦੇ 21 ਜਾਂ 23 ਦਸੰਬਰ ਨੂੰ ਵੀ ਆਇਆ ਸੀ। 1752 ਵਿਚ ਇੰਗਲੈਂਡ ਵੱਲੋਂ ਗਰੈਗੋਰੀਅਨ ਕੈਲੰਡਰ ਨੂੰ ਮਾਨਤਾ ਦੇਣ ਕਾਰਨ 23 ਪੋਹ 2 ਜਨਵਰੀ ਦਿਨ ਮੰਗਲਵਾਰ ਨੂੰ ਸੀ। ਹੁਣ ਇਥੇ ਇਕ ਹੋਰ ਸਮੱਸਿਆ ਆ ਜਾਂਦੀ ਹੈ। ਉਹ ਹੈ ਸੂਰਜੀ ਬਿਕ੍ਰਮੀ ਕੈਲੰਡਰ ਅਤੇ ਮੌਸਮੀ ਕੈਲੰਡਰ ਦੀ ਲੰਬਾਈ ਵਿਚ ਅੰਤਰ। 1964 ਤੋਂ ਪਹਿਲਾ ਸਾਰੇ ਭਾਰਤ ਵਿਚ ਸੂਰਜੀ ਸਿਧਾਂਤ ਤੇ ਅਧਾਰਤ ਬਿਕ੍ਰਮੀ ਕੈਲੰਡਰ ਲਾਗੂ ਸੀ। ਜਿਸ ਦੀ ਲੰਬਾਈ 365. 2587 ਦਿਨ ਹੈ। ਮੌਸਮੀ ਸਾਲ ਤੋਂ ਇਸ ਦੀ ਲੰਬਾਈ ਲੱਗ ਭੱਗ 24 ਮਿੰਟ ਵੱਧ ਹੋਣ ਕਾਰਨ ਇਸ ’ਚ ਮੌਸਮੀ ਸਾਲ ਨਾਲ 60 ਸਾਲ ਵਿਚ ਇਕ ਦਿਨ ਦਾ ਫਰਕ ਪੈ ਜਾਂਦਾ ਸੀ। 1964 ਵਿੱਚ ਵਿਦਵਾਨਾਂ ਵੱਲੋਂ ਇਸ ’ਚ ਸੋਧ ਕਰਨ ਉਪ੍ਰੰਤ ਦ੍ਰਿਗਗਿਣਤ ਸਿਧਾਂਤ ਹੋਂਦ ਵਿਚ ਆਇਆ ਜਿਸ ਮੁਤਾਬਕ ਸਾਲ ਦੀ ਲੰਬਾਈ 365. 2563 ਦਿਨ ਹੈ। ਦ੍ਰਿਗਗਿਣਤ ਸਿਧਾਂਤ ਮੁਤਾਬਕ ਸਾਲ ਦੀ ਲੰਬਾਈ ਲੱਗ ਭੱਗ 20 ਮਿੰਟ ਵੱਧ ਹੋਣ ਕਾਰਨ, ਹੁਣ ਇਹ 72 ਸਾਲਾਂ ਪਿਛੋਂ ਇਕ ਦਿਨ ਦਾ ਫਰਕ ਪਵੇਗਾ।

ਇਥੋਂ ਸ਼ੁਰੂ ਹੁੰਦੀ ਹੈ ਨਾਨਕਸ਼ਾਹੀ ਕੈਲੰਡਰ ਦੀ ਕਹਾਣੀ। ਜਦੋਂ ਵਿਦਵਾਨਾਂ ਨੇ ਇਹ ਸੋਚਿਆ ਕਿ ਇਹ ਫਰਕ ਤਾਂ ਵੱਧਦਾ ਹੀ ਰਹੇ ਗਾ ਤੇ ਸਾਡੇ ਧਾਰਮਿਕ ਦਿਹਾੜਿਆਂ ਦਾ ਸਬੰਧ ਮੌਸਮਾਂ ਨਾਲੋਂਟੁੱਟਜਾਵੇਗਾ ਤਾਂ ਕਿਉਂ ਨਾ ਆਪਣੇ ਕੈਲੰਡਰ ਨੂੰ ਮੌਸਮੀ ਕੈਲੰਡਰ ਦੇ ਮੁਤਾਬਿਕ ਕੀਤਾ ਜਾਵੇ? ਕਨੇਡਾ ਵਾਸੀ ਸ. ਪਾਲ ਸਿੰਘ ਪੁਰੇਵਾਲ ਵੱਲੋਂ ਬਣਾਏ ਗਏ ਕੈਲੰਡਰ ਤੇ, ਵਿਦਵਾਨਾਂ ਵੱਲੋਂਇਕ ਦਹਾਕੇ ਤੋਂ ਵੀ ਵੱਧ ਸੋਚ ਵਿਚਾਰ ਕਰਨ ਉਪ੍ਰੰਤ, ਸ਼੍ਰੋਮਣੀ ਕਮੇਟੀ ਵੱਲੋਂ ਪ੍ਰਵਾਨ ਕੀਤਾ ਗਿਆ ਨਾਨਕਸ਼ਾਹੀ ਕੈਲੰਡਰ 2003 ਵਿਚ ਅਕਾਲ ਤਖਤ ਸਾਹਿਬ ਤੋਂ ਜਾਰੀ ਕਰ ਦਿੱਤਾ ਗਿਆ ਸੀ। 2010 ਵਿੱਚ ਸ਼੍ਰੋਮਣੀ ਕਮੇਟੀ ਨੇ ਸੰਤ ਸਮਾਜ ਦੇ ਕਹਿਣ ਤੇ ਸੋਧਾਂ ਦੇ ਨਾਮ ਹੇਠ ਨਾਨਕਸ਼ਾਹੀ ਕੈਲੰਡਰ ਦਾ ਹੁਲੀਆ ਵਿਗਾੜ ਦਿੱਤਾ ਗਿਆ ਸੀ। 12 ਦਸੰਬਰ 2013 ਨੂੰ ਖ਼ਬਰ ਆਈ ਸੀ ਕਿ ਸੰਤ ਸਮਾਜ ਨੇ ਮੁੜ ਚੰਦਰ ਸੂਰਜੀ ਬਿਕ੍ਰਮੀ ਕੈਲੰਡਰ ਨੂੰ ਹੀ ਲਾਗੂ ਕਰਨ ਲਈ ਅਕਾਲ ਤਖਤ ਸਾਹਿਬ ਦੇ ਮੁਖ ਸੇਵਾਦਾਰ ਤਾਂਈ ਪਹੁੰਚ ਕੀਤੀ ਹੈ। ਅਖ਼ਬਾਰੀ ਖ਼ਬਰਾਂ ਮੁਤਾਬਕ ਗਿਆਨੀ ਗੁਰਬਚਨ ਸਿੰਘ ਜੀ ਨੇ ਸੰਤ ਸਮਾਜ ਦੀ ਮੰਗ ਤੇ ਹਮਦਰਦੀ ਨਾਲ ਵਿਚਾਰ ਕਰਨ ਦਾ ਭਰੋਸਾ ਵੀ ਦਿੱਤਾ ਹੈ। ਅੱਜ ਜੋ ਸੀ ਈ ਕੈਲੰਡਰ ਦੁਨੀਆਂ ਵਿਚ ਲਾਗੂ ਹੈ ਇਸ ਨੂੰ ਗਰੈਗੋਰੀਅਨ ਕੈਲੰਡਰ ਵੀ ਕਿਹਾ ਜਾਂਦਾ ਹੈ, ਇਹ ਯੂਲੀਅਨ ਕੈਲੰਡਰ ਦਾ ਸੋਧਿਆ ਹੋਇਆ ਰੂਪ ਹੈ। ਯੂਲੀਅਨ ਕੈਲੰਡਰ ਵੀ ਸੂਰਜ ਅਧਾਰਤ ਸੀ ਪਰ ਉਸ ਦੀ ਲੰਬਾਈ 365.25 ਦਿਨ ਸੀ ਜੋਮੌਸਮੀ ਸਾਲ ਤੋਂਸਵਾ ਗਿਆਰਾਂ ਮਿੰਟ ਵੱਧ ਸੀ ਜਿਸ ਕਾਰਨ ਇਸ ’ਚ 128 ਸਾਲ ਵਿਚ 1 ਦਿਨ ਦਾ ਫਰਕ ਆ ਜਾਂਦਾ ਸੀ। ਵਿਦਵਾਨਾਂ ਨੇ ਇਸ ਵਿਚ ਸੋਧ ਕੀਤੀ ਅਤੇ 1582 ਵਿਚ ਗਰੈਗੋਰੀਅਨ ਕੈਲੰਡਰ ਹੋਂਦ ਵਿਚ ਆਇਆ। (ਇੰਗਲੈਂਡ ਨੇ ਗਰੈਗੋਰੀਅਨ ਕੈਲੰਡਰ ਨੂੰ 1752 ਵਿਚ ਮਾਨਤਾ ਦਿੱਤੀ ਸੀ) ਗਰੈਗੋਰੀਅਨਕੈਲੰਡਰ ਦੇ ਸਾਲ ਦੀ ਲੰਬਾਈ 365.2425 ਦਿਨ ਹੈ। ਇਹ ਮੌਸਮੀ ਸਾਲ ਦੇ ਬਹੁਤ ਹੀ ਨੇੜੇ ਹੈ। ਹੁਣ ਇਹ ਲੱਗ ਭੱਗ 3300 ਸਾਲ ਪਿਛੋਂ 1 ਦਿਨ ਦਾ ਫਰਕ ਪਾਵੇਗਾ।

## ਕਹਾਣੀ

# ਤਿੜਕਦੇ ਰਿਸ਼ਤੇ

ਡਾ: ਤਰਲੋਚਨ ਸਿੰਘ ਔਜਲਾ
(ਟਰਾਂਟੋ) 647-532-1473



(ਦੂਜੀ ਕਿਸਤ)

ਤਿੰਨ ਚਾਰ ਮਹੀਨਿਆਂ ਨੂੰ ਤੁਸਾਂ ਚਲੇ ਜਾਣਾ ਵਾਂ ਅਤੇ ਐਥੇ ਥੋੜ੍ਹੇ ਵਕਤ ਵਾਸਤੇ ਕੋਈ ਕੰਮ ਵੀ ਨਹੀ ਮਿਲਦਾ। ਹੁਣ ਤੁਸੀਂ ਵਾਪਸ ਜਾਕੇ ਆਪਣੇ ਕੰਮ ਤੋਂ ਸੇਵਾ ਮੁਕਤ ਹੋਵੋ, ਆਪਣੀ ਪੈਂਨਸ਼ਨ ਦਾ ਕੇਸ ਮੁਕੱਮਲ ਕਰੋ ਅਤੇ ਜਲਦੀ ਵਾਪਸ ਆਉ"। ਪਿਆਰਾ ਸਿੰਘ ਇਹ ਗੱਲ ਸੁਣ ਕੇ ਚੁੱਪ ਕਰ ਗਿਆ ਪਰ ਬਾਅਦ 'ਚ ਉਸਨੂੰ ਪਤਾ ਲੱਗਾ ਕਿ ਅਸਲ 'ਚ ਉਸਦੇ ਨੂੰਹ ਪੁੱਤ ਨੂੰ ਫਿਕਰ ਸੀ ਕਿ ਜੇ ਉਹ ਕੰਮ ਕਰਨ ਲਗ ਪਿਆ ਤਾਂ ਬੱਚੇ ਦੀ ਦੇਖ ਭਾਲ ਕੌਣ ਕਰੇਗਾ? ਖੈਰ ਔਖੇ ਸੌਖੇ ਉਸਨੇ ਆਪਣਾ ਵਕਤ ਪੂਰਾ ਕਰ ਲਿਆ ਅਤੇ ਵਾਪਸ ਜਾਣ ਲਈ ਤਿਆਰੀ ਕਰ ਲਈ। ਜਿੰਨੀ ਖੁਸ਼ੀ ਉਸਨੂੰ ਇੰਡੀਆ ਤੋਂ ਕੈਨੇਡਾ ਅਉਣ ਵੇਲੇ ਸੀ ਅਤੇ ਉਹ ਐਥੇ ਆਕੇ ਪਹਿਲੇ ਦੋ ਢਾਈ ਮਹੀਨੇ ਜਿੰਨਾ ਖੁਸ਼ ਰਿਹਾ, ਸਹਿਜੇ ਸਹਿਜੇ ਉਸਦਾ ਸਾਰਾ ਮਜਾ ਕਿਰਕਿਰਾ ਹੋ ਗਿਆ।

ਇੰਡੀਆ ਪਹੁੰਚ ਕੇ ਉਹ ਦੁਬਿਧਾ 'ਚ ਪੈ ਗਿਆ। ਜਦੋਂ ਉਹ ਆਪਣੀ ਅੱਛੀ ਨੌਕਰੀ ਅਤੇ ਆਪਣੀ ਜਾਇਦਾਦ ਵੱਲ ਵੇਖਦਾ ਤਾਂ ਕੈਨੇਡਾ ਵਾਪਸ ਜਾਣ ਦਾ ਉਸਦਾ ਵੱਢਿਆ ਰੂਹ ਨਾਂ ਕਰਦਾ। ਪਰ ਜਦੋਂ ਉਹ ਕੈਨੇਡਾ ਦੇ ਸ਼ੁਧ ਵਾਤਾਵਰਣ, ਅੱਛੇ ਕਨੂੰਨ ਅਤੇ ਸੁਖਾਂ ਦੇ ਮੁਕਾਬਲੇ ਪੰਜਾਬ 'ਚ ਹਰ ਪਾਸੇ ਫੈਲੀ ਗੰਦਗੀ, ਸਿਆਸਤਦਾਨਾਂ ਅਤੇ ਵੱਡੇ ਅਫਸਰਾਂ ਵੱਲੋਂ ਕੀਤੀ ਜਾਂਦੀ ਰਿਸ਼ਵਤਖੋਰੀ, ਗੁੰਡਾਗਰਦੀ ਅਤੇ ਕਨੂੰਨ ਦੀਆਂ ਧੱਜੀਆਂ ਉਡਾਉਣ ਵੱਲ ਨਿਗਾਹ ਮਾਰਦਾ ਤਾਂ ਉਸਦਾ ਦਿਲ ਕਰਦਾ ਕਿ ਉਹ ਉੱਡ ਕੇ ਫਿਰ ਵਾਪਸ ਕੈਨੇਡਾ ਪਹੁੰਚ ਜਾਵੇ। ਪਹਿਲੋਂ ਪਹਿਲੋਂ ਤਾਂ ਉਸਦੇ ਦੋਸਤਾਂ ਨੇ ਉਸ ਨਾਲ ਕਾਫੀ ਹਾਸਾ ਮਖੌਲ ਕੀਤਾ,"ਉਏ ਦੱਸ ਯਾਰ, ਕਹਿੰਦੇ ਆ ਪਈ ਕਨੇਡਾ ਪਰੀਆਂ ਦਾ ਦੇਸ਼ ਆ, ਫਿਰ ਤੂੰ ਕਿੰਨੀਆਂ ਕੁ ਪਰੀਆਂ ਵੇਖੀਆਂ? ਦੂਰੋਂ ਦੂਰੋਂ ਈ ਵੇਖੀਆਂ ਕਿ ਕਿਸੇ ਨੂੰ ਹੱਥ ਲਾਕੇ ਵੀ ਵੇਖਿਆ"? ਪਰ ਜਦੋਂ ਪਿਆਰਾ ਸਿੰਘ ਕੈਨੇਡਾ ਦੇ ਚੰਗੇ ਅਤੇ ਮਾੜੇ ਦੋਹਾਂ ਪੱਖਾਂ ਦੀ ਗੱਲ ਵਿਸਥਾਰ ਨਾਲ ਦੱਸਦਾ ਤਾਂ ਉਹ ਚੁੱਪ ਹੋ ਜਾਂਦੇ। ਉਸਨੇ ਆਪਣੀ ਬੇਟੀ ਨਾਲ ਬਲਜੀਤ ਅਤੇ ਰੁਪਿੰਦਰ ਦੀਆਂ ਸਾਰੀਆਂ ਗੱਲਾਂ, ਜਿਹੜੀਆਂ ਹੋਰ ਕਿਸੇ ਨਾਲ ਨਹੀਂ ਕਰ ਸਕਦਾ ਸੀ, ਕਰ ਲਈਆਂ। ਪਹਿਲੋਂ ਤਾਂ ਉਹ ਕੁਝ ਨਾਂ ਬੋਲੀ ਪਰ ਬਾਅਦ 'ਚ ਉਸਨੇ ਆਪਣੇ ਮਨ ਦੀ ਗੱਲ ਕਹਿ ਦਿੱਤੀ,"ਪਾਪਾ ਜੀ, ਤੁਸਾਂ ਸਾਰੀ ਉਮਰ ਐਸ ਮਹੌਲ 'ਚ ਲੰਘਾਈ ਆ। ਨਵੇਂ ਮਹੌਲ 'ਚ ਵਿਚਰਣ ਲੱਗਿਆਂ ਥੋੜ੍ਹਾ ਬਹੁਤ ਸਮਾਂ ਤਾਂ ਲਗਦਾ ਈ ਆ। ਤੁਸੀਂ ਫਿਕਰ ਨਾਂ ਕਰੋ। ਨਾਂਹ ਪੱਖੀ ਖਿਆਲ ਦਿਲ 'ਚੋਂ ਕੱਢ ਦਿਉ, ਚੜ੍ਹਦੀ ਕਲਾ 'ਚ ਰਹੋ। ਜੀਤ ਵੀਰ ਬਾਰੇ ਮਾੜਾ ਨਾਂ ਸੋਚੋ, ਉਹ ਤੁਹਾਨੂੰ ਫੁੱਲਾਂ ਵਾਂਗ ਰੱਖੇਗਾ। ਐਥੋਂ ਦੇ ਦਿਨੋ ਦਿਨੀ ਵਿਗੜ ਰਹੇ ਹਾਲਾਤ ਤਾਂ ਤੁਸੀਂ ਵੇਖ ਹੀ ਰਹੇ ਹੋ। ਇਸ ਲਈ ਤੁਹਾਨੂੰ ਮੇਰੀ ਇਹੋ ਸਲਾਹ ਹੈ ਕਿ ਇਹ ਸੁਨਹਿਰੀ ਮੌਕਾ ਹੱਥੋਂ ਨਾਂ ਗਵਾਉ"। ਅਸਲ ਵਿੱਚ ਪਿਆਰਾ ਸਿੰਘ ਦੇ ਕੈਨੇਡਾ ਜਾਣ ਪਿੱਛੋਂ ਉਹਨਾਂ ਦੇ ਘਰ ਵਿੱਚ ਕੈਨੇਡਾ ਬਾਰੇ ਕਈ ਵਾਰ ਗੱਲ ਛਿੜੀ ਸੀ ਅਤੇ ਉਸਦੇ ਪਤੀ ਨੇ ਇੱਕ ਦੋ ਵਾਰ ਕਿਹਾ ਸੀ,"ਚਲੋ, ਪਾਪਾ ਜੀ ਤਾਂ ਹੁਣ ਕੈਨੇਡਾ ਚਲੇ ਗਏ ਨੇ। ਕੁਝ ਚਿਰ ਬਾਅਦ ਸਾਡੀ ਵਾਰੀ ਵੀ ਆ ਜਾਵੇਗੀ"। ਕਦੀ ਕਦੀ ਜਦੋਂ ਪੋਤਰੇ ਦੀ ਯਾਦ ਅਉਂਦੀ ਤਾਂ ਪਿਆਰਾ ਸਿੰਘ ਦੇ ਦਿਲ 'ਚ ਘੇਰ ਜਿਹੇ ਪੈਂਦੇ ਅਤੇ ਉਸ ਸੋਚਣ ਲੱਗਦਾ,"ਪਹਿਲਾਂ ਤਾਂ ਜਦੋਂ ਉਹ ਸਵੇਰੇ ਉੱਠਦਾ ਸੀ, ਉੱਚੀ ਅਵਾਜ 'ਚ 'ਦਾਦਾ ਜੀ' ਕਹਿ ਕੇ ਅਵਾਜ਼ ਮਾਰਦਾ ਸੀ ਅਤੇ ਮੈਂ ਘੋੜਾ ਬਣਕੇ ਉਸਨੂੰ ਪੌੜੀਆਂ ਤੋਂ ਹੇਠਾਂ ਲੈ ਅਉਂਦਾ ਸਾਂ। ਹੁਣ ਜਦੋਂ ਉਹ ਅਵਾਜ਼ ਮਾਰਦਾ ਹੋਵੇਗਾ, ਮੈਨੂੰ ਉੱਥੇ ਨਾਂ ਵੇਖ ਕੇ ਉਹ ਕੀ ਸੋਚਦਾ ਹੋਵੇਗਾ? ਘਰ ਬੈਠਾ ਬੱਚਾ ਤਾਂ ਅੱਕ ਜਾਂਦਾ ਏ, ਪਤਾ ਨਹੀਂ ਬਲਜੀਤ ਉਸਨੂੰ ਪਾਰਕ ਲਿਜਾਂਦਾ ਹੋਵੇਗਾ ਕਿ ਨਹੀਂ"? ਇਸ ਤਰਾਂ ਸੋਚਾਂ ਸੋਚਦਾ ਉਹ ਉਦਾਸ ਜਿਹਾ ਹੋ ਜਾਂਦਾ ਅਤੇ ਪਰਮਾਤਮਾ ਅੱਗੇ ਆਪਣੇ ਦਿਲ ਦੀ ਦੁਬਿਧਾ ਦੂਰ ਕਰਨ ਲਈ ਅਰਦਾਸ ਕਰਦਾ।

ਕਈ ਦਿਨਾਂ ਦੀ ਸੱਸ਼ੋਪੰਜ਼ ਤੋਂ ਪਿੱਛੋਂ ਅਖੀਰ ਪਿਆਰਾ ਸਿੰਘ ਨੇ ਫੈਸਲਾ ਕਰ ਹੀ ਲਿਆ ਕਿ ਉਹ ਸਮੇਂ ਤੋਂ ਪਹਿਲਾਂ ਨੌਕਰੀ ਤੋਂ ਸੇਵਾ ਮੁੱਕਤ ਹੋਕੇ ਵਾਪਸ ਕੈਨੇਡਾ ਚਲਾ ਜਾਵੇਗਾ। ਲੋੜੀਂਦੇ ਕਾਗਜ਼ ਪੱਤਰ ਭਰ ਕੇ ਉਸਨੇ ਆਪਣੇ ਕਾਲਜ ਦੇ ਦਫਤਰ 'ਚ ਜਮਾਂ ਕਰਵਾ ਦਿੱਤੇ ਅਤੇ ਨਾਲ ਹੀ ਇਹਨਾਂ ਕਾਗਜ਼ਾਂ ਦੀ ਪੈਰਵਾਈ ਵਾਸਤੇ ਉਸਨੇ ਕਲਰਕਾਂ ਵਾਸਤੇ ਚਾਹ ਪਾਣੀ ਦਾ ਇੰਤਜਾਮ ਵੀ ਕਰ ਦਿੱਤਾ। ਇਸੇ ਦੁਰਾਨ ਉਸਨੂੰ ਬਲਜੀਤ ਨੇ ਫੋਨ ਰਾਹੀ ਕਿਹਾ," ਪਾਪਾ ਜੀ, ਕਰਾਏ 'ਤੇ ਰਹਿੰਦਿਆਂ ਬਹੁਤ ਸਾਲ ਹੋ ਗਏ ਨੇ। ਜੇ ਤੁਸੀਂ ਠੀਕ ਸਮਝੋ ਤਾਂ ਕੁਝ ਪੈਸੇ ਦਾ ਇੰਤਜਾਮ ਕਰ ਲਉ ਤਾਂ ਕਿ ਆਪਾਂ ਮਕਾਨ ਲੈ ਸਕੀਏ"। ਪਿਆਰਾ ਸਿੰਘ ਨੇ ਆਪਣੀ ਬੇਟੀ ਨਾਲ ਸਲਾਹ ਕਰਕੇ ਪਿੰਡ ਵਾਲੀ ਕੁਝ ਜਮੀਨ ਵੇਚ ਦਿੱਤੀ। ਕੁਝ ਪੈਸੇ ਉਸਨੇ ਹਵਾਲੇ ਰਾਹੀਂ ਭੇਜ ਦਿੱਤੇ, ਕੁਝ ਕੈਨੇਡਾ ਜਾਣ ਲੱਗਿਆਂ ਆਪਣੇ ਨਾਲ ਲੈ ਗਿਆ ਅਤੇ ਬਾਕੀ ਆਪਣੀ ਬੇਟੀ ਨੂੰ ਦੇ ਦਿੱਤੇ ਅਤੇ ਲੋੜ ਪੈਣ ਵੇਲੇ ਹਵਾਲੇ ਰਾਹੀਂ ਭੇਜਣ ਲਈ ਕਹਿ ਦਿੱਤਾ।

ਕੈਨੇਡਾ ਪਹੁੰਚਣ ਤੋਂ ਜਲਦੀ ਬਾਅਦ ਬਲਜੀਤ ਦੇ ਨਾਂਹ ਕਰਨ ਦੇ ਬਾਵਜੂਦ ਪਿਆਰਾ ਸਿੰਘ ਨੇ ਨੌਕਰੀ ਲਈ ਕੋਸ਼ਿਸ਼ ਕੀਤੀ ਅਤੇ ਸਕਿਉਰਟੀ ਦੀ ਇੱਕ ਕੰਪਨੀ 'ਚ ਕੰਮ ਕਰਨ ਲੱਗ ਪਿਆ। ਕੰਮ ਸ਼ਾਮ ਦੇ 4 ਵਜੇ ਤੋਂ ਰਾਤ 12 ਵਜੇ ਤੱਕ ਸੀ। ਉਹ 3 ਕੁ ਵਜੇ ਬੱਸ ਰਾਹੀਂ ਕੰਮ 'ਤੇ ਚਲਾ ਜਾਂਦਾ ਅਤੇ ਰਾਤ 1 ਕੁ ਵਜੇ ਆਕੇ ਸੌਂ ਜਾਂਦਾ। ਦਿਨ ਵੇਲੇ ਉਹ ਆਪਣੇ ਪੋਤਰੇ ਨੂੰ ਸੰਭਾਲਦਾ। ਕੰਮ 'ਤੇ ਜਾਣ ਲੱਗੇ ਉਸਨੂੰ ਆਪਣੇ ਘਰ ਕੋਲ ਇਕ ਬੇਬੀ ਸਿਟਰ ਦੇ ਘਰ ਛੱਡ ਜਾਂਦਾ ਜਿੱਥੋਂ ਬਲਜੀਤ ਆਪਣੇ ਕੰਮ ਤੋਂ ਆਕੇ ਉਸਨੂੰ ਲੈ ਅਉਂਦਾ। ਘਰ ਦਾ ਮਹੌਲ ਤਾਂ ਪਿਆਰਾ ਸਿੰਘ ਦੇ ਜਾਣ ਤੋਂ ਪਹਿਲੋਂ ਵੀ ਕੁਝ ਠੀਕ ਨਹੀਂ ਸੀ, ਪਰ ਹੁਣ ਪਿਆਰਾ ਸਿੰਘ ਨੇ ਮਹਿਸੂਸ ਕੀਤਾ ਕਿ ਹਾਲਾਤ ਹੋਰ ਖਰਾਬ ਹੋ ਗਏ ਸਨ ਅਤੇ ਨੂੰਹ ਦਾ ਬਲਜੀਤ ਨਾਲ ਵਤੀਰਾ ਹੋਰ ਮਾੜਾ ਹੋ ਗਿਆ ਸੀ। ਇੱਕ ਵਾਰ ਪਿਆਰਾ ਸਿੰਘ ਨੇ ਦੋਹਾਂ ਨੂੰ ਪਿਆਰ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਰੁਪਿੰਦਰ ਅੱਗੋਂ ਗੁੱਸੇ 'ਚ ਬੋਲੀ,"ਡੈਡੀ, ਤੁਹਾਨੂੰ ਸਾਡੀ ਗੱਲ 'ਚ ਦਖਲ ਦੇਣ ਦੀ ਕੋਈ ਲੋੜ ਨਹੀਂ"। ਬਲਜੀਤ ਚੁੱਪ ਰਿਹਾ ਅਤੇ ਉਸਦੀ ਕੁਝ ਵੀ ਬੋਲਣ ਦੀ ਹਿੰਮਤ ਨਾਂ ਪਈ। ਪਿਆਰਾ ਸਿੰਘ ਚੁੱਪ ਕਰਕੇ ਬਾਹਰ ਚਲਾ ਗਿਆ ਅਤੇ ਸੋਚਣ ਲਗ ਪਿਆ ਕਿ ਜੇ ਇਹੋ ਹਾਲਾਤ ਜਾਰੀ ਰਹੇ, ਉਸਦਾ ਤਾਂ ਘਰ 'ਚ ਰਹਿਣਾ ਮੁਸ਼ਕਲ ਹੋ ਜਾਵੇਗਾ। ਉਹ ਕਦੀ ਕਦੀ ਇਹ ਵੀ ਸੋਚਦਾ ਕਿ ਬਲਜੀਤ ਵਿਚਾਰਾ ਦੋ ਪੁੜਾਂ 'ਚ ਪਿੱਸ ਰਿਹਾ ਹੈ। ਨਾਂ ਤਾਂ ਉਹ ਆਪਣੀ ਘਰ ਵਾਲੀ ਨੂੰ ਕੁਝ ਕਹਿ ਸਕਦਾ ਏ ਅਤੇ ਨਾਂ ਹੀ ਆਪਣੇ ਪਿਤਾ ਨੂੰ ਛੱਡ ਸਕਦਾ ਏ। ਬਲਜੀਤ ਨੇ ਇੱਕ ਵਾਰੀ ਆਪਣੇ ਪਿਤਾ ਨੂੰ ਕਹਿ ਵੀ ਦਿੱਤਾ ਸੀ,"ਡੈਡੀ ਜੀ, ਮੈਂ ਨਾਂ ਤਾਂ ਕੈਨੇਡਾ ਅਉਣ ਬਾਰੇ ਅਤੇ ਨਾਂ ਹੀ ਰਿਸ਼ਤੇ ਬਾਰੇ ਮੰਨਦਾ ਸਾਂ। ਤੁਸਾਂ ਹੀ ਤਾਂ ਮੈਨੂੰ ਇਸ ਨਰਕ 'ਚ ਧੱਕਾ ਦਿੱਤਾ ਏ। ਜੇ ਇਹ ਬੱਚਾ ਨਾਂ ਹੋਇਆ ਹੁੰਦਾ, ਤਾਂ ਫਿਰ ਮੈਂ ਕੁਝ ਹੋਰ ਸੋਚ ਸਕਦਾ ਸਾਂ। ਹੁਣ ਤੁਸੀਂ ਦੱਸੋ, ਮੈਂ ਕਿਹੜੇ ਖੂਹ 'ਚ ਛਾਲ ਮਾਰਾਂ"? ਗਰ-ਮੀਆਂ ਦੇ ਦਿਨਾਂ 'ਚ ਰੁਪਿੰਦਰ ਕਈ ਵਾਰ ਅਜਿਹੇ ਕੱਪੜੇ ਪਉਂਦੀ ਜਿਸ ਤੋਂ ਪਿਆਰਾ ਸਿੰਘ ਨੂੰ ਕੁਝ ਸ਼ਰਮ ਜਿਹੀ ਅਉਂਦੀ। ਇੱਕ ਦੋ ਵਾਰ ਜਦੋਂ ਉਸਨੇ ਬਲਜੀਤ ਨਾਲ ਇਸ ਬਾਰੇ ਗੱਲ ਕੀਤੀ ਤਾਂ ਉਸਨੇ ਹਾਸੇ ਨਾਲ ਗੱਲ ਟਾਲਦਿਆਂ ਕਿਹਾ,"ਡੈਡੀ, ਇਹ ਕੈਨੇਡਾ ਏ। ਤੁਸਾਂ ਪਲਾਜਿਆਂ 'ਚ ਵੇਖ ਹੀ ਲਿਆ ਹੈ ਕਿ ਇੱਥੋਂ ਦੀਆਂ ਜਨਾਨੀਆਂ ਕਿਸ ਤਰਾਂ ਦੇ ਕੱਪੜੇ ਪਉਂਦੀਆਂ ਨੇ"। ਉਹ ਜਦੋਂ ਬਾਹਰੋਂ ਆਪਣੇ ਘਰ ਅੰਦਰ ਵੜਦਾ ਤਾਂ ਪੰਜਾਬੀ ਸਭਿਆਚਾਰ ਮੁਤਾਬਕ ਆਪਣੇ ਅਉਣ ਦਾ ਅਹਿਸਾਸ ਕਰਾਉਣ ਲਈ ਹੌਲੀ ਜਿਹੀ ਖੰਘੂਰਾ ਮਾਰਦਾ ਤਾਂ ਕਿ ਨੂੰਹ ਨੂੰ ਪਤਾ ਲੱਗ ਜਾਵੇ ਕਿ ਉਹ ਆਇਆ ਹੈ। ਇਸ ਗੱਲ ਉੱਤੇ ਵੀ ਨੂੰਹ ਨੇ ਪਿਆਰਾ ਸਿੰਘ ਨੂੰ ਇੱਕ ਦੋ ਵਾਰ ਟਿੱਚਰ ਜਿਹੀ ਕਰ ਦਿੱਤੀ ਜਿਸ ਨਾਲ ਉਸਨੂੰ ਕੁਝ ਸ਼ਰਮਿੰਦਗੀ ਸਹਿਣੀ ਪਈ। ਰੁਪਿੰਦਰ ਨੂੰ ਘਰ 'ਚ ਸਫਾਈ ਰੱਖਣ ਦਾ ਬਹੁਤ ਸ਼ੌਕ ਸੀ। ਉਹ ਚਹੁੰਦੀ ਸੀ ਕਿ ਘਰ 'ਚ ਹਰ ਚੀਜ ਠੀਕ ਥਾਂ 'ਤੇ ਰੱਖੀ ਹੋਵੇ। ਐਧਰ ਔਧਰ ਪਈ ਚੀਜ਼ ਉਸਨੂੰ ਪਸੰਦ ਨਹੀਂ ਸੀ। ਘਰ ਵਾਲੀ ਦੀ ਮੌਤ ਪਿੱਛੋਂ ਪੰਜਾਬ 'ਚ ਰਹਿੰਦੇ ਪਿਆਰਾ ਸਿੰਘ 'ਚ ਕੁਝ ਲਗਰਜ-ਪੁਣਾਂ ਆ ਗਿਆ ਸੀ। ਜਿਹੜੀ ਚੀਜ ਜਿੱਥੇ ਪਈ ਹੈ, ਉੱਥੇ ਪਈ ਰਹਿਣ ਦਿੰਦਾ। ਦੋ ਤਿੰਨ ਦਿਨਾਂ ਪਿੱਛੋਂ ਜਾਂ ਉਹ ਆਪ ਸਫਾਈ ਕਰ ਲੈਂਦਾ ਜਾਂ ਕਦੀ ਉਸਦੀ ਬੇਟੀ ਆਕੇ ਕਰ ਦਿੰਦੀ। ਜਦੋਂ ਕੋਈ ਮਾੜੀ ਆਦਤ ਪੈ ਜਾਵੇ, ਉਹ ਜਲਦੀ ਦੂਰ ਨਹੀਂ ਹੁੰਦੀ। ਇਸ ਆਦਤ ਕਰਕੇ ਵੀ ਪਿਆਰਾ ਸਿੰਘ ਨੂੰ ਨੂੰਹ ਕੋਲੋਂ ਕਈ ਵਾਰ ਗੱਲਾਂ ਸੁਨਣੀਆਂ ਪੈਂਦੀਆਂ।

ਹੁਣ ਉਹਨਾਂ ਨੇ ਘਰ 'ਚ ਸਲਾਹ ਕਰ ਲਈ ਕਿ ਕਰਾਏ ਤੋਂ ਛੁਟਕਾਰਾ ਪਉਣ ਲਈ ਮਕਾਨ ਖਰੀਦ ਲਿਆ ਜਾਵੇ। ਕੁਝ ਮਕਾਨ ਵੇਖੇ। ਕਿਸੇ ਮਕਾਨ 'ਚ ਕੁਝ ਚੰਗਾ ਸੀ ਅਤੇ ਕਿਸੇ 'ਚ ਹੋਰ ਕੁਝ। ਅਖੀਰ ਜਦੋਂ ਇੱਕ ਮਕਾਨ ਪਸੰਦ ਆਇਆ ਤਾਂ ਰੁਪਿੰਦਰ ਨੇ ਏਜੰਟ ਨੂੰ ਸ਼ਾਮਾਂ ਵੇਲੇ, ਜਦੋਂ ਪਿਆਰਾ ਸਿੰਘ ਆਪਣੇ ਕੰਮ ਤੇ ਗਿਆ ਸੀ, ਘਰ ਬੁਲਾਇਆ ਅਤੇ ਦੋਹਾਂ ਜੀਆਂ ਨੇ ਕਾਗਜਾਂ ਉੱਤੇ ਦਸਤਖਤ ਕਰ ਦਿੱਤੇ। ਦੋ ਕੁ ਦਿਨਾਂ ਪਿੱਛੋਂ ਜਦੋਂ ਬਲਜੀਤ ਆਪਣੇ ਕੰਮ 'ਤੇ ਜਾਣ ਲੱਗਾ ਤਾਂ ਪਿਆਰਾ ਸਿੰਘ ਨੇ ਕਿਹਾ,"ਬੇਟਾ, ਮਕਾਨ ਤਾਂ ਪਸੰਦ ਕਰ ਲਿਆ। ਫਿਰ ਆਪਣੇ ਏਜੰਟ ਨੂੰ ਕਾਗਜਾਂ 'ਤੇ ਸਾਈਨ ਕਰਨ ਵਾਸਤੇ ਬੁਲਾ ਲੈਣਾ ਸੀ"। ਬਲਜੀਤ ਨੂੰ ਜਿਵੇਂ ਕੰਬਣੀ ਜਿਹੀ ਆ ਗਈ। ਉਹ ਹੌਲੀ ਜਿਹੀ ਬੋਲਿਆ,"ਡੈਡੀ, ਪਰਸੋਂ ਏਜੰਟ ਦਾ ਫੋਨ ਆਇਆ ਸੀ ਕਿ ਔਫਰ ਜਲਦੀ ਦੇਣੀ ਹੈ, ਨਹੀਂ ਤਾਂ ਮਕਾਨ ਹੱਥੋਂ ਖੁੱਸ ਜਾਵੇਗਾ। ਇਸ ਲਈ ਉਸਨੂੰ ਘਰ ਬੁਲਾ ਕੇ ਅਸੀਂ ਕਾਗਜਾਂ ਉੱਤੇ ਪਰਸੋਂ ਸਾਈਨ ਕਰ ਦਿੱਤੇ ਸਨ"। ਪਿਆਰਾ ਸਿੰਘ ਨੂੰ ਇੱਕ ਦੰਮ ਗੁੱਸਾ ਆ ਗਿਆ ਅਤੇ ਉਹ ਉੱਚੀ ਅਵਾਜ 'ਚ ਬੋਲਿਆ, "ਸੋ ਤੁਸਾਂ ਮੈਨੂੰ ਪੁੱਛਣਾ ਜਾਂ ਮੇਰੀ ਸਹਾਹ ਲੈਣੀ ਠੀਕ ਨਹੀਂ ਸਮਝੀ"। ਉਹ ਇੱਕ ਦੰਮ ਆਪਣੇ ਕਮਰੇ 'ਚ ਚਲਾ ਗਿਆ। ਬਲਜੀਤ ਨੇ ਸਮਝ ਲਿਆ ਕਿ ਕੋਈ ਤੁਫ੍ਹਾਨ ਅਉਣ ਵਾਲਾ ਹੈ। ਉਹ ਵੀ ਉਸਦੇ ਪਿੱਛੇ ਪਿੱਛੇ ਚਲਾ ਗਿਆ ਅਤੇ ਪੋਚਾ ਜਿਹਾ ਪਉਣ ਲੱਗਾ,"ਡੈਡੀ, ਅਸਲ 'ਚ ਕਾਹਲੀ ਕਾਹਲੀ ਕੰਮ ਕਰਨਾ ਪਿਆ। ਘਰ ਦੇ ਹੋਰ ਕੰਮਾਂ 'ਚ ਰੁੱਝੇ ਰਹਿਣ ਕਰਕੇ ਤੁਹਾਨੂੰ ਦੱਸਿਆ ਨਹੀਂ ਗਿਆ"। ਪਿਆਰਾ ਸਿੰਘ ਨੇ ਕਿਹਾ,"ਬੇਟਾ, ਜਿੰਨੇ ਪੈਸੇ ਮੈਂ ਇੰਡੀਆ ਤੋਂ ਤੈਨੂੰ ਭੇਜੇ ਆ, ਇਸ ਦਾ ਮੈਨੂੰ ਚੈੱਕ ਹੁਣੇ ਦੇ ਦੇਹ ਅਤੇ ਬਾਕੀ ਗੱਲ ਆਪਾਂ ਇਕੱਠੇ ਬਹਿ ਕੇ ਕਰਾਂਗੇ"। ਬਲਜੀਤ ਇੱਕ ਦੰਮ ਬੋਲਿਆ," ਡੈਡੀ, ਪੈਸੇ ਤੁਹਾਡੇ ਕੋਲ ਹੋਣ ਜਾਂ ਮੇਰੇ ਕੋਲ, ਗੱਲ ਤਾਂ ਇੱਕ ਈ ਆ"। ਪਿਆਰਾ ਸਿੰਘ ਕਿਹੜਾ ਕੱਚਾ ਕੂਲਾ ਸੀ, ਉਸਨੇ ਉਸੇ ਵੇਲੇ ਜਵਾਬ ਦਿੱਤਾ,"ਮੈਂ ਵੀ ਇਹੋ ਕਹਿਨਾਂ ਵਾਂ ਕਿ ਪੈਸੇ ਤੇਰੇ ਕੋਲ ਹੋਣ ਜਾਂ ਮੇਰੇ ਕੋਲ, ਗੱਲ ਤਾਂ ਇੱਕ ਹੀ ਆ। ਇਸ ਵਾਸਤੇ ਮੇਰੇ ਪੈਸਿਆਂ ਦਾ ਚੈੱਕ ਮੈਨੂੰ ਦੇ ਦੇਹ"। ਇਹ ਸਮਝਦਿਆਂ ਕਿ ਜੇ ਮੈਂ ਨਾਂਹ ਨੁੱਕਰ ਕੀਤੀ, ਕਿਤੇ ਗੱਲ ਹੋਰ ਵਿਗੜ ਨਾਂ ਜਾਵੇ, ਬਲਜੀਤ ਨੇ ਦਸਤਖਤ ਕਰਕੇ ਚੈੱਕ ਉਸਨੂੰ ਫੜਾ ਦਿੱਤਾ। ਉਸ ਦਿਨ ਪਿਆਰਾ ਸਿੰਘ ਨੂੰ ਛੁੱਟੀ ਸੀ। ਸ਼ਾਮ ਨੂੰ ਜਦੋਂ ਬਲਜੀਤ ਅਤੇ ਰੁਪਿੰਦਰ ਕੰਮ ਤੋਂ ਆ ਗਏ ਤਾਂ ਚਾਹ ਪੀਣ ਵੇਲੇ ਪਿਆਰਾ ਸਿੰਘ ਨੇ ਦੋਹਾਂ ਨੂੰ ਆਪਣੇ ਕੋਲ ਸੱਦ ਕੇ ਲੈਣ ਵਾਲੇ ਮਕਾਨ ਬਾਰੇ ਗੱਲ ਛੇੜ ਲਈ ਅਤੇ ਵਿਸਥਾਰ ਨਾਲ ਵਿਚਾਰ ਵਟਾਂਦਰਾ ਕਰ ਲਿਆ ਤਾਂਕਿ ਬਾਅਦ 'ਚ ਕੋਈ ਝਗੜਾ ਨਾਂ ਪਵੇ। ਇਹ ਫੈਸਲਾ ਹੋਇਆ ਕਿ ਉਹ ਮਕਾਨ 'ਚ ਅੱਧ ਦਾ ਮਾਲਕ ਹੋਵੇਗਾ ਅਤੇ ਉਹ ਸ਼ੁਰੂ ਵਾਲੀ ਅਤੇ ਉਸ ਤੋਂ ਪਿੱਛੋਂ ਮੌਰਟਗੇਜ ਦੀ ਅੱਧੀ ਅਦਾਇਗੀ ਕਰੇਗਾ। ਬਾਕੀ ਬਿੱਲਾਂ ਦੀ ਅਦਾਇਗੀ ਵਿੱਚ ਉਹ ਤੀਸਰੇ ਹਿੱਸੇ ਦਾ ਭਾਈਵਾਲ ਹੋਵੇਗਾ। ਰੁਪਿੰਦਰ ਜੋ ਹੁਣ ਤੱਕ ਆਪਣੇ ਸਹੁਰੇ ਨੂੰ ਐਵੇਂ ਟਿੱਚ ਜਿਹਾ ਸਮਝਦੀ ਸੀ, ਨੂੰ ਆਪਣੀ ਅਤੇ ਆਪਣੇ ਸਹੁਰੇ ਦੀ ਹਸੀਅਤ ਦਾ ਚਾਨਣਾ ਹੋ ਗਿਆ।

ਨਵੇਂ ਮਕਾਨ 'ਚ ਕੀਰਤਨ ਅਤੇ ਲੰਗਰ ਤੋਂ ਪਿੱਛੋਂ ਜਦੋਂ ਸਾਰੇ ਰਿਸ਼ਤੇਦਾਰ ਅਤੇ ਦੋਸਤ ਜਾਣ ਲੱਗੇ ਤਾਂ ਰੁਪਿੰਦਰ ਦੀ ਮਾਤਾ ਨੇ ਅਸਿੱਧੇ ਤੌਰ 'ਤੇ ਪਿਆਰਾ ਸਿੰਘ ਨੂੰ ਇੱਕ ਟਿੱਚਰ ਜੇਹੀ ਕਰ ਦਿੱਤੀ। ਪਿਆਰਾ ਸਿੰਘ ਤਾਂ ਇਸ ਲਈ ਚੁੱਪ ਰਿਹਾ ਕਿ ਇਹ ਸਾਡੇ ਘਰ ਆਏ ਮਹਿਮਾਨ ਹਨ, ਚੁੱਪ ਰਹਿਣਾ ਹੀ ਬੇਹਤਰ ਹੈ, ਪਰ ਬਲਜੀਤ ਨੂੰ ਉਹ ਗੱਲ ਬਹੁਤ ਚੁਭਵੀਂ ਲੱਗੀ। ਪਹਿਲਾਂ ਵੀ ਰੁਪਿੰਦਰ ਦੀ ਮਾਤਾ ਨੇ ਕਈ ਵਾਰ ਇਹਨਾਂ ਦੇ ਘਰ ਆਕੇ 'ਐਂ ਕਰੋ, ਐਂ ਨਾ ਕਰੋ' ਕਹਿ ਕੇ ਹੁਕਮ ਚਲਾਉਣ ਦੀ ਕੋਸ਼ਿਸ਼ ਕੀਤੀ ਸੀ। ਬਲਜੀਤ ਇਸ ਕਰਕੇ ਚੁੱਪ ਰਹਿੰਦਾ ਕਿ ਚਲੋ ਬਜੁਰਗ ਹਨ, ਆਪੇ ਹਟ ਜਾਣਗੇ ਅਤੇ ਗੱਲ ਹਊ ਪਰੇ ਕਰਕੇ ਟਾਲ ਦਿੰਦਾ ਪਰ ਇਸ ਵਾਰ ਇਹ ਗਲ ਉਸਦੀ ਬਰਦਾਸ਼ਤ ਤੋਂ ਬਾਹਰ ਸੀ ਅਤੇ ਉਸਨੇ ਉਸਨੂੰ ਇੱਕ ਪਾਸੇ ਕਰ ਕੇ ਕਹਿ ਦਿੱਤਾ,"ਮੰਮੀ ਜੀ, ਤੁਹਾਡੀ ਗੱਲ ਮੈਂ ਸੁਣ ਵੀ ਲਈ ਏ ਤੇ ਸਮਝ ਵੀ ਲਈ ਏ। ਜੇ ਫਿਰ ਸਾਡੇ ਘਰ 'ਚ ਦਖਲ ਦੇਣ ਦੀ ਕੋਸ਼ਿਸ਼ ਕੀਤੀ ਤਾਂ ਸਾਡੇ ਘਰ ਪੈਰ ਨਾ ਪਉਣਾ"। ਜਦੋਂ ਸ਼ਾਮ ਵੇਲੇ ਰੁਪਿੰਦਰ ਨੂੰ ਇਸ ਗੱਲ ਦਾ ਪਤਾ ਲੱਗਾ, ਉਸਨੇ ਤਾਂ ਘਰ ਸਿਰ 'ਤੇ ਚੁੱਕ ਲਿਆ। ਨਵਾਂ ਘਰ ਲੈਣ ਦੀ ਖੁਸ਼ੀ ਜੋ ਉਹ ਸਾਰੇ ਕਈ ਚਿਰਾ ਤੋਂ ਲੋਚ ਰਹੇ ਸਨ, ਉਸਦਾ ਰੱਤੀ ਭਰ ਹਿੱਸਾ ਵੀ ਇਹਨਾਂ ਨੂੰ ਉਸ ਦਿਨ ਨਸੀਬ ਨਾਂ ਹੋਇਆ। ਪਿਆਰਾ ਸਿੰਘ ਨੇ ਸਿਆਣਪ ਦਖਾਉਂਦਿਆਂ ਦੋਹਾਂ ਨੂੰ ਚੁੱਪ ਤਾਂ ਕਰਾ ਦਿੱਤਾ ਪਰ ਘਰ ਦਾ ਮਹੌਲ ਦਿਨੋ ਦਿਨ ਖਰਾਬ ਹੁੰਦਾ ਗਿਆ। ਕੈਨੇਡਾ ਨੂੰ ਅਉਣ ਲੱਗਿਆਂ ਖੁਸ਼ੀ ਦੇ ਜਿਹੜੇ ਬੀਜ ਉਸਨੇ ਆਪਣੇ ਦਿਲ 'ਚ ਬੀਜੇ ਸਨ, ਉਹਨਾਂ ਨੂੰ ਹੁਣ ਫੁੱਲ ਨਹੀਂ, ਕੰਡੇ ਨਿਕਲ ਆਏ ਸਨ। ਸੋਚਾਂ ਸੋ-ਚਦਿਆਂ ਕਈ ਵਾਰ ਅੱਧੀ ਤੋਂ ਵੱਧ ਰਾਤ ਲੰਘ ਜਾਂਦੀ, ਪਰ ਉਸ ਦੀਆਂ ਅੱਖਾਂ ਦੀਆਂ ਬਰੂੰਹਾਂ 'ਚ ਨੀਂਦ ਨਾਂ ਟਪਕਦੀ ਅਤੇ ਉਹ ਸੋਚਣ ਲੱਗ ਪੈਂਦਾ ਕਿ ਉਹ ਕੈਨੇਡਾ ਕੀ ਲੈਣ ਆਇਆ ਸੀ ਅਤੇ ਐਥੇ ਆਕੇ ਉਸਨੇ ਕੀ ਖੱਟਿਆ ਅਤੇ ਕੀ ਗਵਾਇਆ ਸੀ?

ਪਿਆਰਾ ਸਿੰਘ ਦਾ ਪੋਤਰਾ ਹੁਣ 4 ਕੁ ਸਾਲ ਦਾ ਹੋ ਗਿਆ ਅਤੇ ਉਸਨੂੰ ਆਪਣੇ ਲਾਗੇ ਦੇ ਸਕੂਲ 'ਚ ਕੇ. ਜੀ. ਕਲਾਸ 'ਚ ਦਾਖਲਾ ਮਿਲ ਗਿਆ। ਇਸ ਕਲਾਸ ਦਾ ਸਮਾਂ ਸਵੇਰੇ ਸਾਢੇ 8 ਵਜੇ ਤੋਂ ਸਾਢੇ 11 ਵਜੇ ਤੱਕ ਸੀ। ਪੋਤਰੇ ਨੂੰ ਸਕੂਲ ਛੱਡਣ ਅਤੇ ਉਥੋਂ ਲਿਆਉਣ ਦੀ ਜਿੰਮੇਦਾਰੀ ਪਿਆਰਾ ਸਿੰਘ ਨੇ ਲੈ ਲਈ। ਇਸੇ ਦੁਰਾਨ ਉਸਦੀ ਇੱਕ ਗੋਰੀ ਜਨਾਨੀ ਜੈਨੀਫਰ ਜੋ ਆਪਣੀ ਦੋਹਤੀ ਨੂੰ ਸਕੂਲ ਛੱਡਣ ਜਾਂਦੀ ਹੁੰਦੀ ਸੀ, ਨਾਲ ਵਾਕਫੀ ਹੋ ਗਈ।


ਰੋਜ ਵਾਂਗ ਇੱਕ ਦਿਨ ਜਦੋਂ ਪਿਆਰਾ ਸਿੰਘ ਪੋਤਰੇ ਨੂੰ ਸਕੂਲ ਛੱਡਣ ਗਿਆ ਸੀ ਤਾਂ ਜੈਨੀਫਰ ਉਸਨੂੰ ਉੱਥੇ ਮਿਲ ਪਈ। ਵਾਪਸੀ ਵੇਲੇ ਉਹ ਵੀ ਪਿਆਰਾ ਸਿੰਘ ਦੇ ਨਾਲ ਹੀ ਤੁਰ ਪਈ ਅਤੇ ਆਪਣੇ ਘਰ ਕੋਲ ਆਕੇ ਉਸਨੇ ਕਿਹਾ,"ਆਉ ਇਕੱਠੇ ਕੌਫੀ ਪੀਨੇ ਆਂ, ਨਾਲੇ ਮੈਂ ਤੁਹਾਡੇ ਨਾਲ ਇੱਕ ਗੱਲ ਕਰਨੀ ਏ"। ਪਿਆਰਾ ਸਿੰਘ ਕੁਝ ਨਾਂ ਬੋਲਿਆ ਅਤੇ ਉਸਦੇ ਨਾਲ ਘਰ ਅੰਦਰ ਚਲਾ ਗਿਆ। ਪਿਆਰਾ ਸਿੰਘ ਨੂੰ ਕੌਫੀ ਦਾ ਕੱਪ ਫੜਾਉਂਦਿਆਂ ਜੈਨੀਫਰ ਨੇ ਕਿਹਾ,"ਉਸ ਦਿਨ ਤੁਹਾਥੋਂ ਤੁਹਾਡੀ ਪਤਨੀ ਬਾਰੇ ਸੁਣ ਕੇ ਬਹੁਤ ਦੁੱਖ ਹੋਇਆ। ਉਹਨਾਂ ਦੀ ਮੌਤ ਕਿਵੇਂ ਹੋਈ"? ਪਿਆਰਾ ਸਿੰਘ ਨੇ ਸਿਰਫ ਇੰਨਾ ਹੀ ਕਿਹਾ,"ਦਿਲ ਦਾ ਦੌਰਾ ਪੈਣ ਨਾਲ"। ਕੁਝ ਚਿਰ ਚੁੱਪ ਰਹਿਣ ਪਿੱਛੋਂ ਜੈਨੀਫਰ ਨੇ ਕਿਹਾ,"ਇਕੱਲੇ ਰਹਿਣ ਦਾ ਦੁੱਖ ਮੇਰੇ ਤੋਂ ਜਿਆਦਾ ਹੋਰ ਕੌਣ ਮਹਿਸੂਸ ਕਰ ਸਕਦਾ ਏ? ਚਾਰ ਕੁ ਸਾਲ ਪਹਿਲਾਂ ਮੇਰੇ ਪਤੀ ਨੇ ਮੈਨੂੰ ਤਲਾਕ ਦੇਕੇ ਆਪਣੀ ਕੰਪਨੀ 'ਚ ਕੰਮ ਕਰਦੀ ਇੱਕ ਲੜਕੀ ਨਾਲ ਵਿਆਹ ਕਰਾ ਲਿਆ। ਮੈਥੋਂ ਵੀ ਪਹਿਲੋਂ ਪਹਿਲ ਇਹ ਦੁੱਖ ਨਹੀਂ ਸੀ ਜਰਿਆ ਗਿਆ। ਚਲੋ, ਇੱਕ ਅਹਿਸਾਨ ਉਸਨੇ ਮੇਰੇ ਉੱਤੇ ਕਰ ਦਿੱਤਾ ਕਿ ਇਹ ਮਕਾਨ ਜੋ ਕਰਜੇ ਤੋਂ ਮੁੱਕਤ ਹੈ, ਮੈਨੂੰ ਤੋਹਫੇ ਦੇ ਤੌਰ ਤੇ ਦੇ ਦਿੱਤਾ ਅਤੇ ਮੈਂ ਦਰ ਦਰ ਭਟਕਣ ਤੋਂ ਬਚ ਗਈ। ਮੇਰੀ ਇੱਕ ਲੜਕੀ ਹੈ ਜੋ ਇਸ ਘਰ ਤੋਂ ਦੋ ਕੁ ਗਲੀਆਂ ਦੂਰ ਰਹਿੰਦੀ ਏ। ਉਹ ਆਪਣੀ ਲੜਕੀ ਨੂੰ ਸਵੇਰੇ ਕੰਮ ਜਾਣ ਤੋਂ ਪਹਿਲਾਂ ਐਥੇ ਛੱਡ ਜਾਂਦੀ ਏ ਅਤੇ ਸ਼ਾਮਾਂ ਨੂੰ ਵਾਪਸ ਲੈ ਜਾਂਦੀ ਏ"। ਪਿਆਰਾ ਸਿੰਘ ਨੇ ਪੁੱਛਿਆ,"ਤਲਾਕ ਤੋਂ ਪਿਛੋਂ ਤੁਸੀਂ ਆਪਣੇ ਘਰ ਵਾਲੇ ਨੂੰ ਕਦੀ ਮਿਲੇ ਹੋ ਕਿ ਨਹੀਂ"? ਜੈਨੀਫਰ ਨੇ ਕਿਹਾ,"ਅਸੀਂ ਤਕਰੀਬਨ ਮਹੀਨੇ 'ਚ ਇੱਕ ਵਾਰੀਂ ਇਕੱਠੇ ਡਿਨਰ ਕਰਦੇ

ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ
PANNUN THE LAW FIRM
ATTORNEYS & COUNSELLORS



ਇੰਮੀਗ੍ਰੇਸ਼ਨ ਲਾਅ
❑ ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ
❑ 9th & 2nd ਸਰਕਿਟ ਅਪੀਲਜ਼
ਡੀਪੋਰਟੇਸ਼ਨ ਪਟੀਸ਼ਨਜ
❑ ਬੋਨਾਫਾਇਡ ਅਸਾਇਲਮ ਪਟੀਸ਼ਨਜ਼
❑ ਸਿਟੀਜ਼ਨਸ਼ਿਪ ਅਪੀਲ
39180 Liberty Street, Suite 118, Fremont, CA 94538
510.796.9000 (Office), 510.796.9002 (Fax)

ਸ੍ਰੀ ਬੂਟਾ ਰਾਮ ਜੋਸ਼ੀ ਫਰਵਾਲਾ ਵਾਲੇ
Pandit Buta Ram Joshi




ਕਾਰੋਬਾਰ, ਨੌਕਰੀ, ਸੰਤਾਨ ਪਰਾਪਤੀ, ਕੋਰਟ ਕਚਿਹਰੀ, ਜ਼ਮੀਨ ਜਾਇਦਾਦ, ਵਿਦੇਸ਼ ਯਾਤਰਾ ਆਦਿ ਦੇ ਹੱਲ ਵਾਸਤੇ ਮਿਲੋ ਜਾਂ ਫੋਨ ਕਰੋ



(Pharwala Wale) Red Book Astrologer
ਫੋਨ :559-803-0055 ਜਾਂ 559-271-1579
Fresno Astrology Center, Fresno

ਦੇਸ਼-ਵਿਦੇਸ਼ ਵਿਚ ਵੱਸਦੀ ਕੁੱਲ ਲੋਕਾਈ ਨੂੰ ਨਵੇਂ ਸਾਲ, ਲੋਹੜੀ ਅਤੇ ਦਸਵੀਂ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ



# ਲੱਖ ਲੱਖ ਮੁਬਾਰਕਾਂ

ਵੱਲੋਂ

# SIDHARTHA INTL

ਇਲਾਕੇ ਵਿਚ ਸਭ ਤੋਂ ਵਧੀਆ ਸਟੋਰ, ਭਾਰਤ ਅਤੇ ਪਾਕਿਸਤਾਨ ਦੀ ਬਹੁਤ ਵਧੀਆ ਗਰੋਸਰੀ, ਸਾਫ ਸੁਥਰੀ ਗਰੋਸਰੀ, ਹਰੀਆਂ ਸਬਜ਼ੀਆਂ, ਭਾਰਤੀ ਤੇ ਪਾਕਿਸਤਾਨੀ ਆਡਿਓ-ਵੀਡੀਓ ਆਪਣੀ ਹਰ ਕਿਸਮ ਦੀ ਘਰੇਲੂ ਜ਼ਰੂਰਤ ਲਈ ਫਰੀਮਾਂਟ 'ਚ ਸਾਨੂੰ ਯਾਦ ਰੱਖੋ



**36464 FREMONT, BLVD, FREMONT CA- 94536**

**510-792-8500**



ਬੇ-ਏਰੀਆ ਸਿੱਖ ਅਲਾਇੰਸ (ਕੈਲੀਫੋਰਨੀਆ) ਵੱਲੋਂ ਦੇਸ਼-ਵਿਦੇਸ਼ ਵਿਚ ਵੱਸਦੀ ਕੁੱਲ ਲੋਕਾਈ ਨੂੰ ਨਵੇਂ ਸਾਲ, ਲੋਹੜੀ ਅਤੇ ਦਸਵੇਂ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ **ਲੱਖ ਲੱਖ ਮੁਬਾਰਕਾਂ**



ਸੁਦੇਸ਼ ਸਿੰਘ ਅਟਵਾਲ

ਫਰੀਮਾਂਟ ਗੁਰੂ ਘਰ ਦੇ ਵੋਟਰਾਂ ਤੇ ਸਪੋਰਟਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਗਾਮੀ 9 ਮਾਰਚ 2014 ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋਣ ਜਾ ਰਹੀਆਂ ਹਨ। ਇਸ ਸਬੰਧਤ ਅਸੀਂ ਆਪਣੇ ਵੋਟਰਾਂ ਤੇ ਸਪੋਰਟਰਾਂ ਨੂੰ ਸੂਚਿਤ ਕਰ ਰਹੇ ਹਾਂ ਕਿ ਜਿਹਨਾਂ ਦੀ ਵੋਟ ਨਹੀਂ ਬਣੀ, ਉਹ **ਆਪੋ ਆਪਣੀ ਵੋਟ ਹਰੇਕ ਐਤਵਾਰ 5, 12, 19 ਅਤੇ 26 ਜਨਵਰੀ 2014 ਨੂੰ ਗੁਰੂ ਘਰ ਵਿਖੇ ਪਹੁੰਚ ਕੇ ਸਵੇਰੇ 11 ਵਜੇ ਤੋਂ ਸ਼ਾਮ 3 ਵਜੇ ਤੱਕ ਬਣਵਾ ਸਕਦੇ ਹਨ।** ਵੋਟ ਬਣਾਉਣ ਲਈ ਵੋਟਰ ਦੀ ਉਮਰ 18 ਸਾਲ ਤੋਂ ਉਪਰ ਹੋਣੀ ਚਾਹੀਦੀ ਹੈ ਅਤੇ ਵੋਟ ਬਣਾਉਣ ਵੇਲੇ ਆਪਣੇ ਨਾਲ ਆਪਣਾ ਵੈਲਿਡ ਆਈ ਡੀ (Valid ID), Passport, ਰਿਹਾਇਸ਼ ਦਾ ਸਬੂਤ (Proof of Residence) ਲੈ ਕੇ ਆਉਣ।ਹੋਰ ਜਾਣਕਾਰੀ ਲਈ ਗੁਰੂ ਘਰ ਨਾਲ (510) 755-2132 ਤੇ ਜਸਬੀਰ ਸਿੰਘ ਤੱਖਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।



ਜਸਬੀਰ ਸਿੰਘ ਤੱਖਰ

## ਅਵਤਾਰ ਸਿੰਘ ਧਾਮੀ

# Bay Area Sikh Alliance (California)

ਹੋਰ ਜਾਣਕਾਰੀ ਲਈ ਜਸਬੀਰ ਸਿੰਘ ਤੱਖਰ ਨਾਲ ਸੰਪਰਕ ਕਰੋ

**(510) 755-2132**

# ਰਾਵੀਓਂ ਪਾਰ ਮੇਰੇ ਰਾਂਝਣ ਦਾ ਡੇਰਾ- 2

ਕਿਸ਼ਤ 14ਵੀਂ

## 'ਝਟਕਾ ਬਨਾਮ ਹਲਾਲ'



ਸੁਰਿੰਦਰ ਧਨੋਆ
510-377-4197

ਤਕਰੀਬਨ ਇਹਨਾਂ ਦਿਨਾਂ ਦੀ ਹੀ ਗੱਲ ਹੈ, ਮੈਂ ਸਾਲ ਪਹਿਲਾਂ ਆਪਣੇ ਬੇਟੇ ਨਾਲ ਓਪਰਾ ਥੀਏਟਰ ਵਿਚ ਜ਼ਾਕਰ ਹੁਸੈਨ ਦਾ ਪ੍ਰੋਗਰਾਮ ਦੇਖਣ ਗਿਆ। ਫਰਕ ਇੰਨਾ ਕਿ ਉਸ ਦਿਨ ਜ਼ਿਆਦਾ ਠੰਡ ਤੇ ਸ਼ਾਮ ਸਿੱਲੀ ਸਿੱਲੀ। ਅਸੀਂ ਵਕਤ ਨਾਲ ਟਿਕਾਣੇ ਤੇ ਪਹੁੰਚ ਗਏ, ਭਾਵੇਂ ਗੱਡੀ ਖੜ੍ਹੀ ਕਰਨ ਲਈ ਕਾਫੀ ਮੁਸ਼ਕਲ ਪੇਸ਼ ਆਈ। ਜਦੋਂ ਅਸੀਂ ਥੀਏਟਰ ਦੇ ਮੂਹਰੇ ਪਹੁੰਚੇ, ਕਿੰਨੇ ਹੀ ਲੋਕ ਛਤਰੀਆਂ ਤਾਣੀ ਆਰਾਮ ਨਾਲ ਮੀਂਹ ਦਾ ਆਨੰਦ ਵੀ ਮਾਣ ਰਹੇ ਸਨ ਅਤੇ ਦਰਵਾਜ਼ਾ ਖੁੱਲ੍ਹਣ ਦੀ ਉਡੀਕ ਵੀ। ਖ਼ੈਰ ਟਾਇਮ ਦੇ ਨਾਲ ਦਰਵਾਜ਼ਾ ਖੁੱਲ੍ਹਿਆ, ਅੰਦਰ ਨਿੱਘਾ ਨਿੱਘਾ, ਕੋਸੀ ਕੋਸੀ ਮਹਿਕ। ਇਕ ਟੇਬਲ ਤੇ ਰੈਡ ਵਾਈਨ, ਦੂਜੇ ਉਤੇ ਚਿੱਟੀ। ਇਕ ਨੁੱਕਰ ਦੇ ਵਿਚ ਭਾਫਾਂ ਛੱਡਦੀ ਗਰਮ ਗਰਮ ਕਾਫੀ ਤੇ ਉਸਦੇ ਦੂਜੇ ਪਾਸੇ ਬਿਲਕੁਟ, ਪੇਸਟਰੀਆਂ ਤੇ ਹੋਰ ਨਿੱਕ ਸੁੱਕ। ਦੇਖਦੇ ਦੇਖਦੇ ਲੋਕਾਂ ਦੀਆਂ ਵਾਈਨ ਤੇ ਕਾਫੀ ਦੀਆਂ ਲਾਈਨਾਂ ਬਣ ਗਈਆਂ। ਲੋਕੀ ਕਾਫੀ ਪੀਂਦੇ ਤੇ ਗੱਲਾਂ ਕਰ ਰਹੇ ਸਨ। ਦਰਵਾਜ਼ੇ ਉਤੇ ਦੋ ਔਰਤਾਂ ਅੱਜ ਦੇ ਪ੍ਰੋਗਰਾਮ ਦੇ ਬਹੁਤ ਵਧੀਆ ਛਪੇ ਹੋਏ ਕਾਰਡ ਹਰ ਇਕ ਨੂੰ ਦੇ ਰਹੀਆਂ ਸਨ। ਬਹੁਤ ਸਾਰੇ ਲੋਕ ਬਖ਼ੂਬੀ ਨਾਲ ਉਹਨਾਂ ਨੂੰ ਪੜ੍ਹ ਰਹੇ ਸਨ। ਸਾਹਮਣੇ ਦੀਵਾਰ ਉਤੇ ਆਉਣ ਵਾਲੇ ਡਰਾਮਿਆਂ ਦੇ ਦਿਲ ਖਿੱਚਵੇਂ ਪੋਸਟਰ ਵੀ ਲੱਗੇ ਸਨ। ਜਿਹਨਾਂ ਦੀ ਜਾਣਕਾਰੀ ਲਈ ਫੋਨ ਵੀ ਲਿਖੇ ਹੋਏ ਸਨ। ਮਿੱਥੇ ਹੋਏ ਵਕਤ ਦੇ ਮੁਤਾਬਕ ਅੰਦਰਲਾ ਦਰਵਾਜ਼ਾ ਖੁੱਲ੍ਹਿਆ ਤੇ ਪਤਾ ਵੀ ਨਾ ਲੱਗਿਆ ਕਿ ਐਨੀ ਛੇਤੀ ਸਾਰੀ ਗੈਲਰੀ ਖਾਲੀ ਹੋ ਗਈ ਤੇ ਲੋਕੀ ਆਪਣੀਆਂ ਆਪਣੀਆਂ ਸੀਟਾਂ ਤੇ ਬੈਠ ਗਏ। ਹਾਲ ਦੇ ਵਿਚ ਨੀਲੀਆਂ, ਕਾਸ਼ਨੀ ਤੇ ਫਿੱਕੇ ਸਰਦਈ ਰੰਗ ਦੀਆਂ ਲਾਈਟਾਂ ਜਗ ਰਹੀਆਂ ਸਨ ਤੇ ਹਲਕਾ ਹਲਕਾ ਹਿੰਦੁਸਤਾਨ ਸੰਗੀਤ ਸੁਣਾਈ ਦੇ ਰਿਹਾ ਸੀ।

ਐਨੇ ਵਿਚ ਇਕ ਨੁੱਕਰ ਤੋਂ ਇਕ ਔਰਤ ਆਈ, ਜਿਸ ਨੇ ਸਾਰਿਆਂ ਨੂੰ ਜੀ ਆਇਆਂ ਕਿਹਾ ਤੇ ਕਿਹਾ ਕਿ ਸਿਰਫ਼ ਇਕ ਮਿੰਟ ਵਿਚ ਪ੍ਰੋਗਰਾਮ ਸ਼ੁਰੂ ਹੋਣ ਵਾਲਾ ਹੈ। ਮਿਹਰਬਾਨੀ ਕਰਕੇ ਆਪਣੇ ਆਪਣੇ ਟੈਲੀਫੋਨ ਬੰਦ ਕਰ ਲਓ, ਜਿਹੜੇ ਕਿ ਲੋਕਾਂ ਨੇ ਕੀਤੇ ਵੀ। ਭਾਵ ਕਿ ਉਸ ਔਰਤ ਨੂੰ ਵਾਰ ਵਾਰ ਕਹਿਣ ਦੀ ਲੋੜ ਨਹੀਂ ਪਈ। ਉਹ ਔਰਤ ਨੇ ਅਜੇ ਐਨਾ ਹੀ ਕਿਹਾ ਸੀ- ਇਕ ਸਟੇਜ ਦੇ ਇਕ ਪਾਸੇ ਤੋਂ ਜ਼ਾਕਿਰ ਹੁਸੈਨ ਤੇ ਉਸਦੇ ਨਾਲ ਇਕ ਹੋਰ ਅਮਰੀਕਨ ਗੋਰੇ ਰੰਗ ਦਾ ਬੰਦਾ ਆਇਆ। ਲੋਕਾਂ ਨੇ ਖੜ੍ਹੇ ਹੋ ਕੇ ਐਨੀਆਂ ਤਾੜੀਆਂ ਮਾਰੀਆਂ ਕਿ ਸਾਰੇ ਦਾ ਸਾਰਾ ਹਾਲ ਤਾੜੀਆਂ ਨਾਲ ਗੂੰਜ ਉਠਿਆ। ਜ਼ਾਕਿਰ ਹੁਸੈਨ ਹੋਰਾਂ ਝੁਕ ਕੇ ਸਲਾਮ ਕੀਤਾ ਤੇ ਲੋਕਾਂ ਨੂੰ ਬੈਠਣ ਲਈ ਕਿਹਾ। ਪਰ ਤਾੜੀਆਂ ਖਤਮ ਹੋਣ ਦਾ ਨਾਂ ਨਹੀਂ ਸਨ ਲੈ ਰਹੀਆਂ। ਥੋੜ੍ਹੀ ਦੇਰ ਬਾਅਦ ਜਦੋਂ ਸਭ ਲੋਕ ਸ਼ਾਂਤ ਹੋ ਗਏ ਤਾਂ ਸਟੇਜ ਉਤੇ ਪਈਆਂ ਦੋ ਕੁਰਸੀਆਂ ਉਤੇ ਜ਼ਾਕਿਰ ਹੁਸੈਨ ਤੇ ਅਮਰੀਕਨ ਗੋਰਾ ਬੈਠ ਗਏ। ਉਹਨਾਂ ਦੀਆਂ ਕੁਰਸੀਆਂ ਵੀ ਪਿਛਲੀ ਕੰਧ ਤੇ ਲਟਕਦੀ ਪੰਜਾਬੀ ਫੁਲਕਾਰੀ ਆਪਣੀ ਸ਼ਾਨੋ-ਸ਼ੌਕਤ ਪੇਸ਼ ਕਰ ਰਹੀ ਸੀ। ਪਤਾ ਲੱਗਦਾ ਸੀ ਕਿ ਉਸ ਵਿਚ ਜਾਨ ਪਾਉਣ ਖਾਤਰ ਕਿਸੇ ਪੰਜਾਬਣ ਮੁਟਿਆਰ ਦੇ ਹੱਥਾਂ ਦੀ ਛੂਹ ਇਸ ਨੂੰ ਨਸੀਬ ਹੋਈ ਹੋਵੇਗੀ। ਪਹਿਲੇ ਹਿੱਸੇ ਵਿਚ ਗੋਰੇ ਨੇ ਜ਼ਾਕਿਰ ਸਾਹਿਬ ਦੀ ਇੰਟਰਵਿਊ ਕਰਨੀ ਸੀ, ਜਿਹੜੀ ਕਿ ਬੜੇ ਹੀ ਸੌਖੇ ਤੇ ਸਧਾਰਨ ਲਫਜ਼ਾਂ ਵਿਚ ਸ਼ੁਰੂ ਹੋਈ। ਅਮਰੀਕਨ ਗੋਰਾ, ਪੰਜਾਬੀ, ਉਰਦੂ, ਅੰਗਰੇਜ਼ੀ ਤੇ ਹਿੰਦੀ ਦੀ ਬੇਰੜਾ ਬੋਲੀ ਬੋਲ ਰਿਹਾ ਸੀ, ਜਿਸ ਦੀ ਸਭ ਨੂੰ ਸਮਝਣ ਆ ਰਹੀ ਸੀ। ਜਦੋਂ ਜ਼ਾਕਿਰ ਹੁਸੈਨ ਹੁਰਾਂ ਕਿਹਾ ਕਿ ਮੇਰਾ ਪਿਛੋਕੜ ਪੰਜਾਬ ਦਾ ਹੈ ਤੇ ਮੈਂ ਦਰਿਆ ਰਾਵੀ ਦਾ ਪਾਣੀ ਪੀ ਕੇ ਜੁਆਨ ਹੋਇਆ ਹਾਂ ਉਹ ਮੈਨੂੰ ਬਹੁਤ ਚੰਗਾ ਲੱਗਾ। ਸ਼ਾਇਦ ਇਹ ਮੇਰੀ ਕਮਜ਼ੋਰੀ ਹੋਵੇ ਜਾਂ ਮੇਰਾ ਪੰਜਾਬੀ ਬਾਰੇ ਝੱਲਪੁਣਾ, ਮੈਨੂੰ ਨੀ ਪਤਾ। ਦੂਸਰੇ ਹਿੱਸੇ ਵਿਚ ਤਬਲੇ, ਸਾਰੰਗੀ ਤੇ ਬੰਸਰੀ ਨੇ ਐਸਾ ਰੰਗ ਬੰਨਿਆ, ਜਿਸ ਨੂੰ ਸੁਣਕੇ ਦਿਲ ਸ਼ਾਰ ਸ਼ਾਰ ਹੋ ਗਿਆ। ਇੰਝ ਲੱਗਦਾ ਸੀ ਕਿ ਜਿਵੇਂ ਰੱਬ ਆਪ ਧਰਤੀ ਦੇ ਉਤੇ ਉਤਰ ਆਇਆ ਹੋਵੇ। ਸ਼ਾਇਦ ਇਹ ਹੀ ਸੰਗੀਤ ਦਾ ਕਮਾਲ ਹੈ। ਸਾਰਾ ਹਾਲ ਸੁੰਨ ਹੋਇਆ ਬੈਠਾ ਸੀ। ਨਾਲ ਵਾਲੇ ਬੈਠੇ ਬੰਦੇ ਦਾ ਸਾਹ ਵੀ ਸੁਣ ਨਹੀਂ ਰਿਹਾ ਸੀ। ਜੇਕਰ ਅੱਖਾਂ ਖੋਲ੍ਹ ਕੇ ਦੇਖੀਏ ਤਾਂ ਸਾਹਮਣੇ ਹੋ ਰਹੇ ਪ੍ਰੋਗਰਾਮ ਦਾ ਪਤਾ ਲੱਗ ਰਿਹਾ ਸੀ। ਜੇਕਰ ਅੱਖਾਂ ਬੰਦ ਕਰਕੇ ਸੁਣੀਏ ਤਾਂ ਇੰਝ ਮਹਿਸੂਸ ਹੋ ਰਿਹਾ ਸੀ, ਜਿਵੇਂ ਕਿਸੇ ਹੋਰ ਦੁਨੀਆਂ ਵਿਚ ਪਹੁੰਚ ਗਏ ਹੋਈਏ। ਖ਼ੈਰ ਪ੍ਰੋਗਰਾਮ ਖਤਮ ਹੋਇਆ। ਲੋਕਾਂ ਨੇ ਫਿਰ ਤਾੜੀਆਂ ਮਾਰੀਆਂ, ਜ਼ਾਕਿਰ ਹੁਸੈਨ ਤੇ ਉਸਦੇ ਸਾਥੀ ਸਟੇਜ ਤੋਂ ਪਿੱਛੇ ਚਲੇ ਗਏ ਪਰ ਲੋਕ ਤਾੜੀਆਂ ਮਾਰਨੀਆਂ ਬੰਦ ਨਹੀਂ ਸਨ ਕਰ ਰਹੇ। ਅਖੀਰ ਇਹ ਹੋਇਆ ਕਿ ਜ਼ਾਕਿਰ ਹੁਸੈਨ ਫਿਰ ਦੁਬਾਰਾ ਆ ਕੇ ਸਟੇਜ 'ਤੇ ਹਾਜ਼ਰ ਹੋਏ, ਸਭ ਦਾ ਸ਼ੁਕਰੀਆ ਕੀਤਾ ਤਾਂ ਕਿਤੇ ਲੋਕਾਂ ਨੇ ਉਥੋਂ ਚਾਲੇ ਪਾਏ। ਮੈਂ ਸਾਰੇ ਹਾਲ ਵਿਚ ਸਰਸਰੀ ਨਿਗ੍ਹਾ ਮਾਰੀ, 400 ਬੰਦਿਆਂ ਦੇ ਇਕੱਠ ਵਿਚ ਸਿਰਫ 17-18 ਹਿੰਦੁਸਤਾਨੀ ਤੇ ਪਾਕਿਸਤਾਨੀ ਸਨ। ਜਿਹਨਾਂ ਵਿਚੋਂ 8 ਪੰਜਾਬੀ। ਕਿੰਨੀ ਦੇਰ ਤੀਕ ਮੈਂ ਤੇ ਬੇਟਾ ਆਉਂਦੇ ਹੋਏ ਇਸ ਪ੍ਰੋਗਰਾਮ ਦੀਆਂ ਗੱਲਾਂ ਕਰਦੇ ਰਹੇ। ਉਹ ਮੈਨੂੰ ਵਾਰ ਵਾਰ ਪੁੱਛ ਰਿਹਾ ਸੀ ਕਿ ਆਪਣੇ ਪ੍ਰੋਗਰਾਮਾਂ ਵਿਚ ਲੋਕ ਐਦਾਂ ਆਰਾਮ ਨਾਲ ਬੈਠ ਕੇ ਕਿਉਂ ਨਹੀਂ ਸੁਣਦੇ? ਮੈਂ ਤਾਂ ਬੱਸ ਐਨਾ ਹੀ ਕਿਹਾ ਕਿ ਬੇਟਾ ਸੁਣਨਾ ਜਾਂ ਦੇਖਣਾ ਇਕ ਬਹੁਤ ਵੱਡੀ ਕਲਾ ਹੈ। ਜਿਹੜੀ ਸ਼ਾਇਦ ਸਾਡੇ ਹਿੱਸੇ ਘੱਟ ਆਈ ਹੈ, ਮੇਰੀ ਤਾਂ ਬੱਸ ਇਹੋ ਅਕਲ ਕੰਮ ਕਰਦੀ ਹੈ।

ਕੁਝ ਮਹੀਨੇ ਪਹਿਲਾਂ ਮੈਨੂੰ ਮੇਰੇ ਇਕ ਮਿੱਤਰ ਦੀ ਕਾਲ ਆਈ ਕਿ ਅਸੀਂ ਜੀ ਪੰਜਾਬੀ ਦਾ ਇਕ ਮਿਆਰੀ ਪ੍ਰੋਗਰਾਮ ਕਰਾ ਰਹੇ ਹਾਂ, ਤੁਸੀਂ ਜ਼ਰੂਰ ਆਉਣਾ ਹੈ। ਮੈਂ ਕਿਹਾ ਕਿ ਜੀ ਹੱਦ ਹੋ ਗਈ, ਤੁਸੀਂ ਬੁਲਾਓ ਤੇ ਅਸੀਂ ਨਾ ਆਈਏ, ਇਹ ਕਿੱਦਾਂ ਹੋ ਸਕਦਾ ਹੈ। ਸਾਡਾ ਤਾਂ ਭਾਈ ਉਹ ਹਾਲ ਹੈ ਕਿ ਸੱਦੀ ਹੋਈ ਮਿੱਤਰਾਂ ਦੀ, ਪੈਰ ਜੁੱਤੀ ਨਾ ਪਾਵਾਂ। ਉਹਨਾਂ ਮੈਨੂੰ ਵਾਰ ਵਾਰ ਤਾਕੀਦ ਕੀਤੀ ਕਿ ਟਾਈਮ ਸਿਰ ਜ਼ਰੂਰ ਪਹੁੰਚ ਜਾਵਾਂ। ਮੈਂ ਕਿਹਾ ਕਿ ਇਸ ਚੀਜ਼ ਦੀ ਭਾਈ ਸਾਨੂੰ ਜ਼ਰੂਰਤ ਹੈ ਕਿ ਆਪਾਂ ਟਾਈਮ ਦੇ ਪਾਬੰਦ ਹੋਈਏ। ਆਪਾਂ ਇੱਥੇ ਸਾਰੇ ਕੰਮ ਕਾਰਾਂ ਵਾਲੇ ਬੰਦੇ ਹਾਂ। ਟਾਇਮ ਸਿਰ ਕੰਮ ਤੇ ਪਹੁੰਚਦੇ ਹਾਂ। ਬਿਲਕੁਲ ਲੇਟ ਨਹੀਂ ਹੁੰਦੇ।

ਕਿਉਂਕਿ ਪਤਾ ਹੈ ਕਿ ਜੇਕਰ ਲੇਟ ਹੋ ਗਏ ਤਾਂ ਅਗਲਿਆਂ ਨੇ ਛੁੱਟੀ ਕਰ ਦੇਣੀ ਹੈ। ਪਰ ਜਦੋਂ ਕਿਸੇ ਵਿਆਹ ਸ਼ਾਦੀ ਉਤੇ ਜਾਣਾ ਹੋਵੇ ਤਾਂ 2-3 ਘੰਟੇ ਲੇਟ ਹੋਣਾ ਤਾਂ ਅਸੂਲੀ ਗੱਲ ਹੈ। ਕਈ ਸੱਜਣ ਤਾਂ ਉਦੋਂ ਆਉਂਦੇ ਨੇ, ਜਦੋਂ ਚੌਥੀ ਲਾਂਵ ਦਾ ਭੋਗ ਪੈ ਗਿਆ ਹੋਵੇ। ਫਿਰ ਹੋ ਰਹੀਆਂ ਲਾਵਾਂ ਦੇ ਵਿਚ ਇੰਝ ਜਾ ਕੇ ਦਿੱਸਣਗੇ ਕਿ ਬੱਸ ਰੱਬ ਤਾਂ ਸਾਡਾ ਹੀ ਹੈ। ਅਸੀਂ ਕਿਸੇ ਦੀ ਕੀ ਪਰਵਾਹ ਕਰਦੇ ਹਾਂ। ਮੈਨੂੰ ਇਕ ਵਾਰ ਦੀ ਗੱਲ ਚੇਤੇ ਆ ਗਈ ਕਿ ਕਿਸੇ ਨੇ ਕਿਹਾ ਕਿ ਭਾਈ ਸਾਹਿਬ ਤੁਸੀਂ ਬਹੁਤ ਦੇਰ ਨਾਲ ਆਏ ਹੋ, ਰੱਬ ਤਾਂ ਦਿਲਾਂ ਵਿਚ ਰਹਿੰਦਾ ਹੈ। ਬਾਅਦ ਵਿਚ ਗੁਰੂ ਚਰਨੀਂ ਲੱਗ ਜਾਣਾ ਹੈ। ਉਹ ਤਾਂ ਜੀ ਅੱਗਿਓਂ ਔਖਾ ਹੋ ਗਿਆ ਕਿ ਤੂੰ ਹੁੰਦਾ ਕੌਣ ਹੈਂ, ਕਹਿਣ ਵਾਲਾ। ਕਿਸੇ ਪਾਰਟੀ ਦਾ 6 ਵਜੇ ਦਾ ਟਾਈਮ ਹੋਊ, ਅਸੀਂ ਆਉਂਦੇ ਹਾਂ ਉਥੇ 10 ਵਜੇ। ਫਿਰ ਆ ਕੇ ਘਸਮਾਣ ਪਾਉਣਾ ਕਿ ਜੀ ਸਾਨੂੰ ਇਕੱਲਿਆਂ ਨੂੰ ਟੇਬਲ ਦਿਓ। ਮੈਂ ਕਿਸੇ ਦੇ ਨਾਲ ਕਿਉਂ ਬੈਠਾਂ?

ਖੈਰ ਗੱਲ ਹੋਰ ਪਾਸੇ ਨੂੰ ਚਲੀ ਗਈ। ਆਓ ਉਥੇ ਮੁੜ ਕੇ ਆਈਏ। ਜਦੋਂ ਪਹੁੰਚੇ ਤਾਂ ਦਰਵਾਜ਼ੇ ਖੁੱਲ੍ਹੇ ਸਨ। ਦਰਵਾਜ਼ਿਆਂ ਉਤੇ ਤਾਇਨਾਤ ਦੋ ਪੁਲਿਸ ਦੇ ਬੰਦੇ ਇਸ ਤਰੀਕੇ ਨਾਲ ਚੈਕਿੰਗ ਕਰ ਰਹੇ ਸਨ, ਜਿਵੇਂ ਛੁੱਟੀ ਤੋਂ ਬਾਅਦ ਅਲਕਾਟਰਾਜ਼ ਜੇਲ੍ਹ ਦੇ ਕੈਦੀ ਅੰਦਰ ਦਾਖਲ ਹੋ ਰਹੇ ਹੋਣ। ਇਕ ਦੂਸਰੇ ਨੂੰ ਜੱਫੀਆਂ ਪੈ ਰਹੀਆਂ ਸਨ, ਉਹ ਤੂੰ ਐਥੇ ਆ ਜਾ। ਨਹੀਂ ਅਸੀਂ ਤਾਂ ਔਖੇ ਬੈਠੇ ਹਾਂ। ਸਾਰਾ ਹਾਲ ਖਚਾਖਚ ਭਰਿਆ ਪਿਆ ਸੀ। ਪਰ ਪ੍ਰੋਗਰਾਮ ਸ਼ੁਰੂ ਹੋਣ ਵਿਚ ਨਾ ਆਵੇ। ਲੋਕ ਤਾੜੀਆਂ ਮਾਰ ਰਹੇ ਸਨ ਕਿ ਛੇਤੀ ਕਰੋ। ਪ੍ਰਬੰਧਕ ਸੱਜਣ ਸਟੇਜ ਤੋਂ ਕਹਿ ਰਹੇ ਸਨ ਕਿ ਥੋੜ੍ਹੀ ਦੇਰ ਦੀ ਹੀ ਗੱਲ ਹੈ। ਬੜਾ ਵਧੀਆ ਪ੍ਰੋਗਰਾਮ ਤੁਹਾਡੇ ਲਈ ਲੈ ਕੇ ਹਾਜ਼ਰ ਹੋਏ ਹਾਂ। ਉਹ ਬੜੇ ਪਿਆਰ, ਸਤਿਕਾਰ ਤੇ ਸਲੀਕੇ ਨਾਲ ਲੋਕਾਂ ਨੂੰ ਦੱਸ ਰਹੇ ਸਨ। ਐਨਾ ਕੁ ਪਤਾ ਲੱਗਿਆ ਕਿ ਮੁੱਖ ਮਹਿਮਾਨ ਦੇ ਆਉਣ ਦੀ ਦੇਰ ਹੈ, ਉਹ ਪਹੁੰਚਣ ਹੀ ਵਾਲੇ ਹਨ, ਅਖੀਰ ਉਹ ਆ ਗਏ। ਪ੍ਰਬੰਧਕ ਸੱਜਣਾਂ ਨੂੰ ਉਹਨਾਂ ਦੱਸਿਆ ਕਿ ਅਸੀਂ 2-3 ਜਣੇ ਹੋਵਾਂਗੇ, ਇਸ ਤੋਂ ਵੱਧ ਨਹੀਂ। ਸੋ ਉਹਨਾਂ 3-4 ਸੀਟਾਂ ਦਾ ਇੰਤਜ਼ਾਮ ਕਰਕੇ ਰੱਖਿਆ। ਪਰ ਜਦੋਂ ਮੁੱਖ ਮਹਿਮਾਨ ਉਥੇ ਪਧਾਰੇ ਤਾਂ ਉਹਨਾਂ ਨਾਲ 15-16 ਬੰਦਿਆਂ ਦਾ ਲਾਮ ਲਸ਼ਕਰ ਸੀ। ਪ੍ਰਬੰਧਕਾਂ ਨੂੰ ਪੈ ਗਈ ਹੱਥਾਂ ਪੈਰਾਂ ਦੀ। ਉਹ ਕਿਹਨਾਂ ਨੂੰ ਕਹਿਣ ਕਿ ਭਾਈ ਤੂੰ ਐਥੋਂ ਉੱਠ। ਖੈਰ 15-20 ਮਿੰਟਾਂ ਦੀ ਭਗਦੜ ਪਿੱਛੋਂ ਆਸੇ ਪਾਸੇ ਹੋ ਕੇ ਸਭ ਬੈਠ ਗਏ। ਫਿਰ ਪ੍ਰੋਗਰਾਮ ਦੀ ਸ਼ੁਰੂਆਤ ਹੋਈ। ਮੁੱਖ ਮਹਿਮਾਨ ਨੇ 3-4 ਮੀਲ ਲੰਬਾ ਲੈਕਚਰ ਉਦੋਂ ਖਤਮ ਕੀਤਾ ਜਦੋਂ ਲੋਕਾਂ ਦੇ ਸਬਰ ਦਾ ਪਿਆਲਾ ਟੁੱਟ ਕੇ ਘੁਸਰ ਮੁਸਰ ਹੋਣੀ ਸ਼ੁਰੂ ਹੋ ਗਈ। ਫਿਰ ਸਟੇਜ ਸਕੱਤਰ ਨੇ ਉਹਨਾਂ ਨੋਕਾਂ ਦੇ ਨਾਂ ਲੰਮੀ ਲਿਸਟ ਪੜ੍ਹੀ, ਜਿਹਨਾਂ ਦੀ ਮਦਦ ਸਦਕਾ ਇਹ ਅੱਜ ਦਾ ਪ੍ਰੋਗਰਾਮ ਹੋਂਦ ਵਿਚ ਆਇਆ। ਗੱਲ ਹੈ ਵੀ ਬਿਲਕੁਲ ਠੀਕ। ਕਿਉਂਕਿ ਭਾਈ ਮਾਇਆ ਤੋਂ ਬਿਨਾਂ ਤਾਂ ਕੋਈ ਕੰਮ ਪੂਰਾ ਨਹੀਂ ਹੁੰਦਾ। ਐਥੇ ਇਕ ਗੱਲ ਸਾਨੂੰ ਸੋਚਣੀ ਚਾਹੀਦੀ ਹੈ ਕਿ ਸਾਨੂੰ ਸਪੌਂਸਰਾਂ ਦੀ ਲੋੜ ਤਾਂ ਪੈਂਦੀ ਹੈ ਕਿ ਅਸੀਂ ਟਿਕਟ ਖਰੀਦ ਕੇ ਰਾਜ਼ੀ ਨਹੀਂ। ਸਾਰਾ ਕੁਝ ਚਾਹੁੰਦੇ ਹਾਂ ਮੁਫਤ। ਪਰ ਇਹ ਕਿੱਦਾਂ ਹੋ ਸਕਦਾ ਹੈ? ਪਹਿਲਾਂ ਪ੍ਰੋਗਰਾਮ ਤਿਆਰ ਕਰੋ।

ਫਿਰ ਹੋਰ ਤਿਆਰੀਆਂ ਕਰੋ। ਫਿਰ ਘਰ ਘਰ ਜਾ ਕੇ ਪੈਸੇ ਇਕੱਠੇ ਕਰੋ। ਪ੍ਰਬੰਧਕ ਜਾਂ ਪ੍ਰੋਗਰਾਮ ਕਰਨ ਵਾਲੇ ਵੀ ਇਨਸਾਨ ਹੀ ਹਨ। ਉਹਨਾਂ ਦਾ 2-3 ਮਹੀਨੇ ਪੈਰ ਧਰਤੀ ਤੇ ਨਹੀਂ ਲੱਗਦਾ। ਨੱਠੇ ਭੱਜੇ ਫਿਰਦੇ ਨੇ। ਕਾਰਨ ਬੱਸ ਇਹੋ ਹੈ ਕਿ ਅਸੀਂ ਟਿਕਟ ਖਰੀਦਦੇ ਨਹੀਂ। ਇਹ ਗੱਲ ਮੈਂ ਆਪਣੀ ਕਰ ਰਿਹਾ ਹਾਂ। ਪਹਿਲਾਂ ਡਰਾਮਾ ਲਿਖੋ, ਫਿਰ ਤਿਆਰ ਕਰੋ, ਫਿਰ ਲੋਕਾਂ ਦੀਆਂ ਮਿੰਨਤਾਂ ਕਰਕੇ ਪੈਸੇ ਇਕੱਠੇ ਕਰੋ। ਜੇ ਕਿਸੇ ਨੂੰ ਟਿਕਟ ਲਈ ਕਹਿ ਦਿਓ ਤਾਂ ਅੱਗੇ ਤੋਂ ਇਹ ਜਵਾਬ, ਲੈ ਦੱਸੋ ਜੀ ਹੁਣ ਤੁਹਾਡੇ ਪ੍ਰੋਗਰਾਮ ਵਿਚ ਟਿਕਟ ਲੈ ਕੇ ਜਾਣਾ ਪਊ। ਬੱਸ ਇਹੋ ਫਰਕ ਹੈ ਸਾਡੇ ਤੇ ਜ਼ਾਕਿਰ ਹੁਸੈਨ ਵਰਗੇ ਪ੍ਰੋਗਰਾਮਾਂ ਦਾ ਜਿਹਨਾਂ ਦੀ ਟਿਕਟ 100 ਡਾਲਰ ਤੋਂ ਘੱਟ ਨਹੀਂ ਤੇ ਸਭ ਟਿਕਟ ਖਰੀਦ ਕੇ ਆਉਂਦੇ ਨੇ। ਜੇਕਰ ਅਸੀਂ ਮਿਆਰੀ ਪ੍ਰੋਗਰਾਮ ਦੇਖਣੇ ਨੇ ਤਾਂ ਸਾਨੂੰ ਵੀ ਇਹੀ ਕੰਮ ਕਰਨਾ ਪਵੇਗਾ।

ਫਿਰ ਪ੍ਰੋਗਰਾਮ ਸ਼ੁਰੂ ਹੋ ਗਿਆ। ਲੋਕੀ ਚੁੱਪ ਚਾਪ ਬੈਠੇ ਦੇਖਦੇ। ਸਟੇਜ ਸਕੱਤਰ ਵਾਰ ਵਾਰ ਕਹਿੰਦਾ ਕਿ ਜੀ ਆਰਟਿਸਟ ਨੂੰ, ਕਲਾਕਾਰ ਨੂੰ ਹੱਲਾਸ਼ੇਰੀ ਦੀ ਲੋੜ ਹੈ, ਜ਼ੋਰਦਾਰ ਤਾੜੀਆਂ ਨਾਲ ਇਸਦਾ ਸਵਾਗਤ ਕਰੋ।

ਇਸ ਵਿਚ ਕਿਹੜੇ ਕੋਈ ਕੀਮਤ ਲੱਗਦੀ ਹੈ। ਪਰ ਜੀ ਕਿੱਥੇ ਕਿਧਰੇ ਤੋਂ ਟਾਂਵੀ ਟਾਂਵੀ ਤਾੜੀ ਵੱਜੇ ਲੋਕੀ ਫਿਰ ਚੁੱਪ। ਸਾਨੂੰ ਇੱਥੇ ਚਾਹੀਦਾ ਹੈ ਕਿ ਸਾਡੇ ਪ੍ਰੋਗਰਾਮ ਹੀ ਐਨੇ ਵਧੀਆ ਹੋਣ ਕਿ ਕਿਸੇ ਨੂੰ ਤਾੜੀਆਂ ਮਾਰਨ ਖਾਤਰ ਕਹਿਣਾ ਹੀ ਨਾ ਪਵੇ। ਲੋਕਾਂ ਦੀ ਕਚਹਿਰੀ ਬਹੁਤ ਵੱਡੀ ਹੁੰਦੀ ਹੈ, ਜੇਕਰ ਉਹ ਕਿਸੇ ਚੀਜ਼ ਦਾ ਆਨੰਦ ਮਾਨਣਗੇ ਤਾਂ ਖੁਦ ਤਾੜੀਆਂ ਮਾਰਨਗੇ। ਦੂਸਰੇ ਤਾੜੀਆਂ ਤਾਂ ਮਾਰੀਆਂ ਜਾਂਦੀਆਂ ਨੇ ਜਦੋਂ ਅਸੀਂ ਪ੍ਰੋਗਰਾਮ ਨੂੰ ਬੜੀ ਸੰਜੀਦਗੀ ਦੇ ਨਾਲ ਦੇਖਦੇ ਹੋਈਏ। ਪਰ ਅਸੀਂ ਤਾਂ ਆਪਣੀਆਂ ਗੱਲਾਂ ਵਿਚ ਗਲਤਾਨ ਹੁੰਦੇ ਹਾਂ। ਜਾਂ ਫਿਰ ਇਕ ਹੋਰ ਡਰਾਮਾ ਪਾਰਕਿੰਗ ਏਰੀਏ ਦੇ ਵਿਚ ਚੱਲ ਰਿਹਾ ਹੁੰਦਾ ਹੈ।

ਅੱਧ ਕੁ ਤੀਕ ਤਾਂ ਵਧੀਆ ਲੋਕ ਬੈਠੇ ਰਹੇ। ਫਿਰ ਉਸ ਤੋਂ ਬਾਅਦ ਹਿੱਲਜੁਲ ਹੋਣੀ ਸ਼ੁਰੂ ਹੋ ਗਈ। ਕੋਈ ਅੰਦਰ ਕੋਈ ਬਾਹਰ। ਗੇਟਾਂ ਤੇ ਖੜ੍ਹੇ ਸਕਿਊਰਟੀ ਦੇ ਬੰਦੇ ਵੀ ਤੰਗ ਆ ਗਏ ਕਿ ਇਹ ਹੋ ਕੀ ਰਿਹਾ ਹੈ? ਪਾਰਕਿੰਗ ਏਰੀਆ ਵਿਚੋਂ ਡਰਾਮੇ ਦੇ ਕਲਾਕਾਰਾਂ ਦੀ ਟੋਲੀ ਵੀ ਅੰਦਰ ਆ ਗਈ। ਬੱਸ ਫਿਰ ਕੀ ਸੀ, ਉਹ ਕਹਿੰਦੇ ਕਿ ਜੀ ਕਲਾਕਾਰ ਤਾਂ ਅਸੀਂ ਹਾਂ। ਇਹ ਸਟੇਜ ਆਲੇ ਤਾਂ ਐਵੇਂ ਨਕਲੀਏ ਇਕੱਠੇ ਕਰੇ ਹੋਏ ਲੱਗਦੇ ਨੇ।

ਪ੍ਰਬੰਧਕਾਂ ਨੇ ਬਥੇਰੀਆਂ ਮਿੰਨਤਾਂ ਤਰਲੇ ਕੀਤੇ ਪਰ ਜੀ ਕਿੱਥੇ? ਉਹ ਤਾਂ ਕਹਿੰਦੇ ਕਿ ਰਣਜੀਤ ਸਿਆਂ ਆਹ ਕੱਟੇ ਦਾ ਕੀ ਲੈਣਾ ਹੈ, ਜਿਸ ਤੇ ਚੜ੍ਹਿਆ ਜਾਂਦਾ ਏਂ। ਅੱਗੇ ਬੈਠੇ ਲੋਕੀ ਪਿੱਛੇ ਮੁੜ ਮੁੜ ਦੇਖਣ ਇਹ ਚੀਕਾਂ, ਕਿਲਕਾਰੀਆਂ ਮਾਰਨ ਵਾਲਾ ਕਿਹੜਾ ਕਲਾਕਾਰ ਆ ਗਿਆ। ਆਖਿਰ ਵਿਚ ਸਕਿਊਰਟੀ ਨੂੰ ਕਹਿਣਾ ਪਿਆ ਕਿ ਇਹਨਾਂ ਨੂੰ ਬਾਹਰ ਕੱਢੋ। ਦੋ ਚਾਰ ਧੱਕਿਆਂ ਤੋਂ ਬਾਅਦ ਪਾਰਕਿੰਗ ਏਰੀਆ ਵਾਲੇ ਕਲਾਕਾਰ ਇੰਝ ਫਿਰਨ ਜਿਵੇਂ ਗੱਦੀ ਕੁੱਤਾ ਭੇਡਾਂ ਦੇ ਇੱਜੜ ਵਿਚ ਆ ਵੜਿਆ ਹੋਵੇ। ਸਟੇਜ ਤੇ ਜੋ ਹੋ ਰਿਹਾ ਹੈ, ਕੋਈ ਧਿਆਨ ਨਹੀਂ ਦੇ ਰਿਹਾ। ਚਾਦਰਾ, ਕੁੜਤਾ ਲਾਈਂ ਸਟੇਜ ਤੇ ਗਾਇਕ ਇੰਝ ਫਿਰ ਰਿਹਾ ਸੀ, ਜਿਵੇਂ ਜਰਗ ਦੇ ਮੇਲੇ ਤੇ ਵੈਲੀ ਫਿਰਦੇ ਹੋਣ। ਪਰ ਉਸ ਨੂੰ ਦੇਖ ਕੇ ਕੋਈ ਵੀ ਨਹੀਂ ਸੀ ਕਹਿ ਰਿਹਾ।

ਸਟੇਜ ਸਕੱਤਰ ਫਿਰ ਸਟੇਜ ਤੇ ਆਇਆ, ਉਸਨੇ ਚੁੱਪ ਦਾ ਦਾਨ ਮੰਗਿਆ। ਪਰ ਜੀ ਕਿੱਥੇ? ਉਸਨੇ ਕਈ ਬੰਦਿਆਂ ਦੇ ਨਾਂ ਵਾਰ ਵਾਰ ਲਏ ਜਿਹਨਾਂ ਨੇ ਮਦਦ ਕੀਤੀ ਸੀ। ਕਿਉਂਕਿ ਇਹ ਇਕ ਲੋੜ ਸੀ। ਪਿੱਛੇ ਤੋਂ ਇਕ ਆਵਾਜ਼ ਆਈ ਉਹ ਬਥੇਰਾ ਹੋ ਗਿਆ ਇਸ ਦਾ ਪਾਠ। ਬੱਸ ਕਰ। ਜੇ ਨਹੀਂ ਰੱਜਦਾ ਤਾਂ ਸਟੇਜ ਤੇ ਫੱਟਾ ਗੱਡ ਕੇ ਬੰਨ੍ਹ ਦੇ। ਹੁਣ ਭਾਈ ਪ੍ਰਬੰਧਕ ਸੱਜਣ ਕੀ ਕਰੇ? ਜੇਕਰ ਨਾਂ ਨਹੀਂ ਲੈਂਦਾ ਤਾਂ ਉਹ ਗੁੱਸੇ ਵਿਚ ਲੈਂਦਾ ਹੈ ਤਾਂ ਲੋਕ ਇਹੋ ਜਿਹੇ ਤਾਅਨੇ ਮਾਰਦੇ ਨੇ। ਇਕ ਹੋਰ ਸੱਜਣ ਭਰਿਆ ਪੀਤਾ ਬੈਠਾ, ਜਿਵੇਂ ਜੰਨ ਵਿਚ ਫੁੱਫੜ ਰੁੱਸਿਆ ਹੋਵੇ। ਕਿਸੇ ਨੇ ਪੁੱਛਿਆ ਭਾਈ ਸਾਹਿਬ ਤੁਸੀਂ ਐਨੇ ਕਿਉਂ ਦੁਖੀ ਲੱਗਦੇ ਹੋ। ਪ੍ਰੋਗਰਾਮ ਕਿੰਨਾ ਸੁਹਣਾ ਚੱਲ ਰਿਹਾ ਹੈ। ਆਨੰਦ ਮਾਣੋ। ਉਹ ਕਹਿੰਦਾ ਕਿ ਸੁਆਹ ਆਨੰਦ ਮਾਣੀਏ, ਅਸੀਂ ਵੀ ਤਾਂ ਮਾਇਕ ਸਹਾਇਤਾ ਕੀਤੀ ਏ, ਸਾਡਾ ਨਾਂ ਇਕ ਵਾਰ ਵੀ ਨਹੀਂ ਬੋਲਿਆ! ਮੈਂ ਵੀ ਕੋਲ ਬੈਠਾ ਸੀ। ਮੈਂ ਕਿਹਾ ਛੱਡੋ ਭਾਈ ਸਾਹਿਬ ਉਹਨਾਂ ਦੇ ਦਿਮਾਗ ਤੇ ਵੀ ਬਹੁਤ ਪ੍ਰੈਸ਼ਰ ਹੈ ਤਾਂ ਕੀ ਹੋ ਗਿਆ। ਉਹ ਕਹਿੰਦੇ ਐਦਾਂ ਕਿੱਦਾਂ ਹੋ ਗਿਆ। ਖਤਮ ਹੋ ਜਾਵੇ ਪ੍ਰੋਗਰਾਮ ਅਸੀਂ ਤਾਂ ਗੱਲ ਕਰਾਂਗੇ। ਮੈਂ ਸੋਚਿਆ ਕਿ ਭਾਈ ਅੱਜ ਸਟੇਜ ਸਕੱਤਰ ਦੀ ਸ਼ਾਮਤ ਤਾਂ ਆਈ ਪਈ ਹੈ। ਜੇ ਕਿਸੇ ਦਾ ਜ਼ਿਆਦਾ ਨਾਂ ਬੋਲਿਆ ਗਿਆ ਤਾਂ ਆਵਾਜ਼ਾਂ ਆਉਂਦੀਆਂ ਨੇ ਕਿ ਇਹਨੂੰ ਸਟੇਜ ਤੇ ਫੱਟੇ ਤੇ ਗੱਡ ਦਿਓ। ਜੇਕਰ ਕਿਸੇ ਦਾ ਨਾਂ ਨਹੀਂ ਬੋਲਿਆ ਗਿਆ, ਉਹ ਕਹਿੰਦਾ ਹੈ ਕਿ ਮੈਂ ਦੇਖੂੰ ਇਸ ਨੂੰ ਅਸੀਂ ਕਿਤੇ ਮਰੇ ਹੋਏ ਹਾਂ।

ਮੈਂ ਤਾਂ ਬੱਸ ਐਨਾ ਹੀ ਸੋਚਿਆ ਕਿ ਤੁਹਾਡੇ ਇਸ ਥੋੜ੍ਹੇ ਬਹੁਤੇ ਦੇ ਚੱਕਰ ਵਿਚ ਪ੍ਰਬੰਧਕ ਬਾਈ ਨੂੰ ਕੋਟ ਜ਼ਰੂਰ ਨਵਾਂ ਸਵਾਉਣਾ ਪਊ।

ਮੈਂ ਇਹ ਦੋਵੇਂ ਪ੍ਰੋਗਰਾਮ 1 ਸਾਲ ਤੇ 6 ਮਹੀਨੇ ਦੇ ਵਕਫ਼ੇ ਅੰਦਰ ਦੇਖੇ। ਇਕ ਵਿਚ ਨਾਲ ਵਾਲੇ ਬੈਠੇ ਬੰਦੇ ਦਾ ਸਾਹ ਨਹੀਂ ਸੁਣ ਰਿਹਾ। ਤੇ ਦੂਜੇ ਵਿਚ ਨਾਲ ਵਾਲੇ ਬੈਠੇ ਬੰਦੇ ਇਹ ਨਹੀਂ ਸੁਣਨ ਦੇ ਰਹੇ ਕਿ ਸਾਹਮਣੇ ਕੀ ਹੋ ਰਿਹਾ ਹੈ? ਇਹ ਫਰਕ ਕਿਉਂ? ਇਸ ਦਾ ਜ਼ਿੰਮੇਵਾਰ ਕੌਣ ਹੈ? ਪ੍ਰਬੰਧਕ ਸੱਜਣ ਜਾਂ ਫਿਰ ਦਰਸ਼ਕ? ਇਹ ਸੋਚ ਵਿਚਾਰ ਦੀ ਗੱਲ ਹੈ। ਆਪਾਂ ਸਾਰਿਆਂ ਨੂੰ ਚਾਹੀਦਾ ਹੈ ਕਿ ਆਪਾਂ ਟਿਕਟ ਖਰੀਦ ਕੇ ਇਹੋ ਜਿਹੇ ਪ੍ਰੋਗਰਾਮ ਦੇਖੀਏ, ਕੁਝ ਵੀ ਮੁਫਤ ਨਾ ਹੋਵੇ। ਬਾਕੀ ਕਰਾਉਣ ਵਾਲਿਆਂ ਦੀ ਤੇ ਕਲਾਕਾਰਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਉਸ ਦਾ ਮੁੱਲ ਵਾਪਸ ਕਰਨ। ਲੋਕੀ ਇਹ ਕਹਿੰਦੇ ਜਾਣ ਕਿ ਵਾਕਿਆ ਹੀ ਟਿਕਟ ਦਾ ਮੁੱਲ ਮੋੜਿਆ ਗਿਆ। ਉਹ ਇਹ ਨਾ ਕਹਿਣ ਕਿ ਐਵੇਂ ਟਾਈਮ ਖਰਾਬ ਕੀਤਾ। ਦਰਸ਼ਕਾਂ ਦਾ ਫਰਜ਼ ਬਣਦਾ ਹੈ ਕਿ ਬਿਲਕੁਲ ਟਾਈਮ ਸਿਰ ਉਥੇ ਪਹੁੰਚਣ। ਕੋਈ ਕਿਸੇ ਦੀ ਉਡੀਕ ਨਾ ਕਰੇ। ਇਸ ਦੇ ਉਲਟ ਪ੍ਰੋਗਰਾਮ ਕਰਾਉਣ ਵਾਲਿਆਂ ਦੀ ਇਹ ਬਹੁਤ ਹੀ ਵੱਡੀ ਜ਼ਿੰਮੇਵਾਰੀ ਬਣਦੀ ਹੈ ਕਿ ਟਾਈਮ ਨਾਲ ਪੂਰੇ ਵਕਤ ਉਤੇ ਪ੍ਰੋਗਰਾਮ ਨੂੰ ਸ਼ੁਰੂ ਕਰਾਉਣ। ਜੇਕਰ ਆਪਾਂ ਟਿਕਟ ਖਰੀਦਣ ਦੀ ਆਦਤ ਪਾਵਾਂਗੇ, ਫਿਰ ਕਿਸੇ ਦੇ ਨਾਂ ਲੈਣ ਦੀ ਜਾਂ ਨਾ ਲੈਣ ਦਾ ਰੱਫੜ ਖਤਮ ਹੋ ਜਾਵੇਗਾ। ਸਾਰੇ ਹੀ ਮੁੱਖ ਮਹਿਮਾਨ, ਸਭ ਬਰਾਬਰ। ਦਰਸ਼ਕਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਜੇਕਰ ਕੋਈ ਚੀਜ਼ ਕਿਸੇ ਨੂੰ ਨਹੀਂ ਚੰਗੀ ਲੱਗਦੀ, ਉਹ ਉੱਠ ਕੇ ਚਲੇ ਜਾਣ। ਉਹ ਵੀ ਇਸ ਤਰੀਕੇ ਨਾਲ ਕਿ ਨਾਲ ਦੇ ਬੰਦੇ ਨੂੰ ਵੀ ਪਤਾ ਨਾ ਲੱਗੇ ਕਿ ਇੱਥੋਂ ਕੌਣ ਚਲਾ ਗਿਆ। ਬਾਕੀ ਕਲਾਕਾਰਾਂ ਦਾ, ਡਾਇਰੈਕਟਰਾਂ ਆਦਿ ਦਾ ਇਹ ਫਰਜ਼ ਬਣਦਾ ਹੈ ਕਿ ਉਹ ਮਿਆਰੀ ਕੰਮ ਕਰਨ। ਤਾਂ ਕਿ ਕਿਸੇ ਨੂੰ ਵੀ ਵਿਚੋਂ ਉਠ ਕੇ ਜਾਂ ਨਰਾਜ਼ ਹੋ ਕੇ ਜਾਣਾ ਨਾ ਪਵੇ। ਸਾਡੇ ਸਭਿਆਚਾਰਕ ਪ੍ਰੋਗਰਾਮ ਕਈ ਵਾਰ ਨੀਵੇਂ ਪੱਧਰ ਦੇ ਤਾਂ ਹੋ ਜਾਂਦੇ ਨੇ ਕਿ ਸਾਨੂੰ ਮੂੰਹ ਪਲਾਜ਼ਾ, ਖੁਸ਼ਾਮਦ ਤੇ ਝੂਠੀ ਬੱਲੇ ਬੱਲੇ ਮਾਰ ਜਾਂਦੀ ਹੈ। ਜਦੋਂ ਕਦੇ ਵੀ ਕਿਸੇ ਨੂੰ ਖੁਸ਼ ਕਰਨ ਲਈ ਕੋਈ ਆਈਟਮ ਪੇਸ਼ ਕੀਤੀ ਜਾਂਦੀ ਹੈ ਤਾਂ ਉਹ ਹਮੇਸ਼ਾ ਕੱਚ ਘਰੜ ਰਹੇਗਾ। ਭਾਵੇਂ ਕੋਈ ਰਾਈਟਰ ਹੈ ਜਾਂ ਕੋਈ ਗਾਇਕ ਜਾਂ ਹੋਰ ਕੁਝ। ਕਿਉਂਕਿ ਲੋਕ ਸਿਆਣੇ ਨੇ, ਉਹਨਾਂ ਨੂੰ ਅੱਜ ਦੇ ਜ਼ਮਾਨੇ ਵਿਚ ਬੁੱਧੂ ਨਹੀਂ ਬਣਾਇਆ ਜਾ ਸਕਦਾ, ਸਗੋਂ ਉਹਨਾਂ ਦਾ ਦਿਲ ਜਿੱਤਣਾ ਸਾਡਾ ਫਰਜ਼ ਬਣਦਾ ਹੈ। ਕਲਾਕਾਰਾਂ ਨੂੰ ਖਾਸ ਕਰਕੇ ਅੱਜ ਦੇ ਗਾਇਕਾਂ ਨੂੰ ਤਾਂ ਖੁਦ ਪਤਾ ਹੋਣਾ ਚਾਹੀਦਾ ਹੈ ਕਿ ਮੈਂ ਕਿੱਥੇ ਖੜ੍ਹਾ ਹਾਂ। ਜੇਕਰ ਕੋਈ ਕਮਜ਼ੋਰੀ ਹੈ ਤਾਂ ਖੁਦ ਕਹਿਣਾ ਚਾਹੀਦਾ ਹੈ ਕਿ ਮੈਂ ਅਜੇ ਇਸ ਮੁਕਾਮ ਉਤੇ ਨਹੀਂ ਪਹੁੰਚਿਆ, ਮੈਨੂੰ ਹੋਰ ਮਿਹਨਤ ਦੀ ਲੋੜ ਹੈ। ਲੋਕੀ ਉਸ ਨੂੰ ਅੱਖਾਂ ਤੇ ਬਿਠਾਉਣਗੇ ਤੇ ਕਲਾਕਾਰ ਸਿਖਰਾਂ ਨੂੰ ਛੂਹੇਗਾ।

ਐਥੇ ਮੈਨੂੰ ਇਕ ਵਾਕਿਆ ਚੇਤੇ ਆ ਗਿਆ। ਕਿੰਨੇ ਹੀ ਸਾਲ ਪਹਿਲਾਂ ਮੈਂ ਸਾਨਫਰਾਂਸਿਸਕੋ ਵਿਚ 'ਨੌਸ਼ਾਦ ਸਾਹਿਬ' ਨੂੰ ਮਿਲਿਆ। ਨੌਸ਼ਾਦ ਸਾਹਿਬ ਸੰਗੀਤ ਦੀ ਇਕ ਯੂਨੀਵਰਸਿਟੀ। ਉਹਨਾਂ ਆਪਣੀ ਇੰਟਰਵਿਊ ਵਿਚ ਕਿਹਾ ਕਿ ਮੈਂ ਰਫੀ ਸਾਹਿਬ ਤੋਂ ਇਕ ਗੀਤ ਗਵਾਇਆ। ਉਹ ਗੀਤ ਐਨਾ ਵਧੀਆ ਤੇ ਉਚੀ ਸੁਰ ਵਿਚ ਗਾਇਆ ਕਿ ਰਫੀ ਸਾਹਿਬ ਦੇ ਗਲ਼ ਵਿਚ ਖ਼ੂਨ ਆ ਗਿਆ। ਨੌਸ਼ਾਦ ਸਾਹਿਬ ਬਹੁਤ ਖੁਸ਼ ਹੋਏ, ਰਿਕਾਰਡਿੰਗ ਖਤਮ ਹੋਈ। ਆਪਣੇ ਆਪਣੇ ਘਰ ਸਭ ਚਲੇ ਗਏ। ਨੌਸ਼ਾਦ ਸਾਹਿਬ ਕਹਿੰਦੇ ਕਿ ਅਗਲੇ ਦਿਨ ਅਜੇ ਸਵੇਰੇ ਸਵੇਰੇ ਮੈਂ ਉਠਿਆ ਹੀ ਸਾਂ ਕਿ ਦਰਵਾਜ਼ੇ ਤੇ ਦਸਤਕ ਹੋਈ। ਦਰਵਾਜ਼ਾ ਖੋਲ੍ਹਿਆ ਤਾਂ ਦੇਖਿਆ ਕਿ ਸਾਹਮਣੇ ਰਫੀ ਸਾਹਿਬ ਖੜ੍ਹੇ ਨੇ। ਮੈਂ ਅੰਦਰ ਆਉਣ ਲਈ ਕਿਹਾ ਤੇ ਵਜ੍ਹਾ ਪੁੱਛੀ ਕਿ ਠੀਕ ਬਾਈ ਇਤਨੀ ਸਵੇਰੇ ਸਵੇਰੇ ਕੀ ਗੱਲ ਹੋ ਗਈ? ਅੱਗੇ ਤੋਂ ਰਫੀ ਸਾਹਿਬ ਨੇ ਜਵਾਬ ਦਿੱਤਾ ਕਿ ਨੌਸ਼ਾਦ ਸਾਹਿਬ ਜੋ ਗੀਤ ਆਪਾਂ ਕੱਲ੍ਹ ਰਿਕਾਰਡ ਕੀਤਾ, ਮੈਨੂੰ ਲੱਗਦਾ ਹੈ ਕਿ ਮੈਂ ਉਸ ਗੀਤ ਨਾਲ ਪੂਰਾ ਇਨਸਾਫ ਨਹੀਂ ਕਰ ਸਕਿਆ। ਉਸਦੀ ਰਿਕਾਰਡਿੰਗ ਦੁਬਾਰਾ ਕਰਾਓ। ਨੌਸ਼ਾਦ ਸਾਹਿਬ ਕਹਿੰਦੇ ਕਿ ਮੈਂ ਉਸ ਨੂੰ ਆਪਣੇ ਗਲ਼ ਨਾਲ ਲਾ ਲਿਆ। ਮੇਰੇ ਅੱਖਾਂ ਦੇ ਹੰਝੂ ਰੁਕਣ ਦਾ ਨਾਂ ਨਹੀਂ ਸਨ ਲੈ ਰਹੇ। ਨੌਸ਼ਾਦ ਸਾਹਿਬ ਨੇ ਕਿਹਾ ਕਿ ਰਫੀ ਦੁਬਾਰਾ ਰਿਕਾਰਡਿੰਗ ਦੀ ਲੋੜ ਨਹੀਂ, ਤੇਰੀ ਜ਼ੁਬਾਨ ਤੇ ਤਾਂ ਅੱਲ੍ਹਾ ਰਹਿੰਦਾ ਹੈ। ਇਹ ਹੈ ਅਸਲੀ ਕਲਾਕਾਰ ਦੀ ਪੁਖ਼ਤਗੀ ਦਾ ਮਿਆਰ। ਹੁਣ ਸੋਚੋ ਆਪਾਂ ਕਿੱਥੇ ਖੜ੍ਹੇ ਹਾਂ?

ਸਾਡੀ ਪੰਜਾਬੀਆਂ ਦੀ ਇਕ ਆਦਤ ਹੋਰ ਵੀ ਬਹੁਤ ਪੱਕੀ ਹੈ। ਅਸੀਂ ਭਗਤ ਸਿੰਘ ਨੂੰ ਸ਼ਹੀਦ-ਏ-ਆਜ਼ਮ ਤਾਂ ਕਹਿੰਦੇ ਹਾਂ, ਪਰ ਦੂਸਰੇ ਪਾਸੇ ਇਹ ਸੱਚ ਕਿ ਭਗਤ ਸਿੰਘ ਤਾਂ ਜੰਮੇ ਪਰ ਗੁਆਂਢੀਆਂ ਦੇ। ਬੰਗਾਲ ਗੁਜਰਾਤ ਦੀ ਗੱਲ ਕਰੀਏ ਕਿਵੇਂ ਉਹਨਾਂ ਦੀਆਂ ਕੁੜੀਆਂ ਨਾਚ ਗਾਣਾ ਸਿੱਖਦੀਆਂ ਨੇ। ਇਸ ਵਿਚ ਕੀ ਬੁਰੀ ਗੱਲ ਹੈ। ਪਰ ਸਟੇਜ ਤੇ ਸਾਡੀਆਂ ਕੁੜੀਆਂ ਨੱਚਦੀਆਂ ਹੋਣ, ਅਸੀਂ ਕਿਵੇਂ ਅੱਖਾਂ ਪਾੜ ਲੈਂਦੇ ਹਾਂ। ਕਿਉਂਕਿ ਅਸੀਂ ਚਾਹੁੰਦੇ ਹਾਂ ਕਿ ਹੀਰ ਸਲੇਟੀ ਤਾਂ ਪੰਜਾਬ ਵਿਚ ਜੰਮੇ ਪਰ ਗੁਆਂਢੀਆਂ ਦੇ ਘਰ।

ਅਖੀਰ ਵਿਚ ਮੈਂ ਤਾਂ ਇਹੋ ਕਹਿੰਦਾ ਹਾਂ ਕਿ ਅੱਜ ਤੱਕ ਮੈਂ ਆਪਣੇ ਸਾਰੇ ਲੇਖਾਂ ਵਿਚ ਇਹ ਲਿਖਿਆ ਕਿ ਕਿਸਨੇ ਕਿਸ ਦਾ ਝਟਕਾ ਕਰ ਦਿੱਤਾ ਹੈ ਤੇ ਕਿਸ ਨੇ ਹਲਾਲ। ਪਰ ਇਸ ਵਾਰੀ ਤੁਸੀਂ ਦੱਸੋ ਕਿ ਕਿਸਨੇ ਕਿਸ ਦਾ ਝਟਕਾ ਕੀਤਾ ਹੈ ਤੇ ਕਿਸ ਦਾ ਹਲਾਲ।




# ਕਿਉ ਪੈਦਾ ਹੁੰਦਾ ਹੈ ਤਣਾਅ?



ਅੱਜ ਦੇ ਆਧੁਨਿਕ ਸੰਸਾਰ ਵਿੱਚ ਸਾਡੀ ਕੁਦਰਤੀ ਤਣਾਅ ਸੰਚਾਰ ਪ੍ਰਣਾਲੀ ਲਗਪਗ ਖੁਸ਼ਕ ਹੁੰਦੀ ਜਾ ਰਹੀ ਹੈ। ਇਹ ਸਿਸਟਮ ਅਜਿਹੇ ਸਾਰੇ ਕਾਰਨ ਪੈਦਾ ਕਰ ਰਿਹਾ ਹੈ, ਜੋ ਸਾਡੇ ਲਈ ਕਈ ਜਾਨਲੇਵਾ ਬੀਮਾਰੀਆਂ ਪੈਦਾ ਕਰਦੇ ਹਨ। ਤਣਾਅ ਸੰਚਾਰ ਦੀ ਇਸ ਹਾਲਤ ਨੂੰ 'ਕਰੋਨਿਕ ਕੈਟਾਬੋਲਿਜਮ' ਦਾ ਨਾਂ ਦਿੱਤਾ ਗਿਆ ਹੈ। ਇਹ ਸਾਡਾ ਲੁਕਵਾਂ ਦੁਸ਼ਮਣ ਹੈ। ਅੱਜ ਹਰ ਵਿਅਕਤੀ ਕਿਸੇ ਨਾ ਕਿਸੇ ਤਰ੍ਹਾਂ ਦੇ ਤਣਾਅ ਦਾ ਸ਼ਿਕਾਰ ਹੈ। ਮੁੱਖ ਤੌਰ 'ਤੇ ਤਣਾਅ ਨੂੰ ਚਾਰ ਕਿਸਮਾਂ ਵਿੱਚ ਵੰਡਿਆ ਗਿਆ ਹੈ:

- ਸਰੀਰਕ ਤਣਾਅ
- ਮਾਨਸਿਕ ਤਣਾਅ
- ਪ੍ਰਦੂਸ਼ਣ ਕਾਰਨ ਹੋਣ ਵਾਲਾ ਤਣਾਅ
- ਆਕਸੀਡੇਟਿਵ ਤਣਾਅ।

ਤਣਾਅ ਦੇ ਕਈ ਕਾਰਨ ਹੋ ਸਕਦੇ ਹਨ, ਜਿਵੇਂ ਕੰਮ ਕਰਨ ਦੀ ਥਾਂ, ਆਮਦਨ ਅਤੇ ਪਰਿਵਾਰਕ ਮਸਲੇ ਜਾਂ ਨਿੱਜੀ ਸਬੰਧ। ਸਰੀਰਕ ਅਤੇ ਮਾਨਸਿਕ ਤਣਾਅ ਹਾਰਮੋਨ ਅਸੰਤੁਲਨ ਪੈਦਾ ਕਰ ਕੇ ਕਈ ਤਰ੍ਹਾਂ ਦੀਆਂ ਬੀਮਾਰੀਆਂ ਨੂੰ ਜਨਮ ਦਿੰਦਾ ਹੈ, ਜਿਵੇਂ ਦਿਲ ਦੀ ਧੜਕਣ ਦਾ ਵਧਣਾ, ਨਬਜ਼ ਤੇ ਸਾਹ ਦੀ ਗਤੀ ਵਧਣਾ, ਪਾਚਨ ਸ਼ਕਤੀ ਦਾ ਘਟ ਜਾਣਾ, ਨੀਂਦ ਘੱਟ ਆਉਣਾ, ਖ਼ੂਨ ਦੇ ਦਬਾਅ ਦਾ ਵਧਣਾ, ਪੱਠਿਆਂ ਦਾ ਤਣਾਅ, ਸਿਰਦਰਦ, ਨਿਪੁੰਸਕਤਾ, ਬਾਂਝਪਣ, ਵਿਚਾਰਾਂ ਵਿੱਚ ਤਬਦੀਲੀ ਆਉਣਾ, ਸੁਭਾਅ ਦਾ ਚਿੜਚਿੜਾ ਹੋ ਜਾਣਾ ਤੇ ਗੁੱਸਾ ਆਉਣਾ।

ਇਸ ਤੋਂ ਇਲਾਵਾ ਕਈ ਹੋਰ ਰੋਗ ਜਿਵੇਂ ਡਿਪਰੈਸ਼ਨ, ਥਕਾਵਟ, ਉਦਾਸੀ, ਕ੍ਰੋਧ, ਬੇਅਰਾਮੀ, ਯਾਦਦਾਸ਼ਤ ਘੱਟ ਹੋ ਜਾਣਾ ਅਤੇ ਇਕਾਗਰਤਾ ਦੀ ਕਮੀ ਵੇਖਣ ਵਿੱਚ ਆਉਂਦੇ ਹਨ। ਤਣਾਅ ਲਈ ਸਾਡੀ ਆਧੁਨਿਕ ਜੀਵਨ ਸ਼ੈਲੀ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਤਣਾਅ ਦੀ ਸਥਿਤੀ ਵਿੱਚ 'ਕਾਰਟੀਸੋਲ' ਹਾਰਮੋਨ ਪੈਦਾ ਹੁੰਦਾ ਹੈ ਜੋ ਸਾਡੇ ਪਾਚਨ ਤੰਤਰ ਨੂੰ ਨੁਕਸਾਨ ਪਹੁੰਚਾਉਂਦਾ ਹੈ।

ਤਣਾਅ ਦੌਰਾਨ ਸਾਡੇ ਸਰੀਰ ਵਿੱਚ ਪੌਸ਼ਕ ਤੱਤਾਂ ਦੀ ਕਮੀ ਹੋ ਜਾਂਦੀ ਹੈ, ਇਸ ਲਈ ਅਜਿਹੀ ਸਥਿਤੀ ਵਿੱਚ ਸਾਨੂੰ ਜ਼ਰੂਰੀ ਪੌਸ਼ਕ ਤੱਤਾਂ ਵਾਲੀ ਖ਼ੁਰਾਕ ਲੈਣੀ ਚਾਹੀਦੀ ਹੈ। ਇਨ੍ਹਾਂ ਪੌਸ਼ਕ ਤੱਤਾਂ ਵਿੱਚ ਅਮੀਨੋ ਐਸਿਡ, ਚਰਬੀ ਅਤੇ ਜ਼ਿੰਕ, ਕਰੋਮੀਅਮ, ਫਾਸਫੋਰਸ ਅਤੇ ਕੈਲਸ਼ੀਅਮ ਆਦਿ ਸ਼ਾਮਲ ਹਨ ਜੋ ਹਰ ਤਰ੍ਹਾਂ ਦੇ ਹਾਰਮੋਨ ਬਣਨ ਲਈ ਜ਼ਿੰਮੇਵਾਰ ਹਨ।

ਜੜ੍ਹੀ ਬੂਟੀ ਚਿਕਿਤਸਾ ਵਿੱਚ ਤਣਾਅ ਘੱਟ ਕਰਨ ਲਈ ਕਈ ਜੜ੍ਹੀ-ਬੂਟੀਆਂ ਦਾ ਜ਼ਿਕਰ ਕੀਤਾ ਮਿਲਦਾ ਹੈ, ਜਿਵੇਂ ਅਸ਼ਵਗੰਧਾ, ਬ੍ਰਾਹਮੀ, ਜਟਾਮਾਂਸੀ, ਤੁਲਸੀ, ਚਮੇਲੀ ਅਤੇ ਵਰਵੇਨ।

* ਤਣਾਅ ਘੱਟ ਕਰਨ ਵਾਲੇ ਪਦਾਰਥ

ਅਖਰੋਟ, ਬਾਦਾਮ, ਸੂਰਜਮੁਖੀ ਦੇ ਬੀਜ, ਮੂੰਗਫਲੀ, ਅਲਸੀ ਦੇ ਬੀਜ, ਗਾਂ ਦਾ ਦੁੱਧ ਤੇ ਮੱਖਣ, ਮੂੰਗ, ਲੋਬੀਆ, ਟੋਫੂ, ਪਿਸਤਾ, ਐਵੋਕੇਡੋ, ਸ਼ੱਕਰਕੰਦੀ, ਸੰਗਤਰਾ, ਸੁੱਕੀ ਖੁਰਮਾਨੀ, ਸੈਲਮਨ ਮੱਛੀ, ਗਰੀਨ ਚਾਹ, ਗੈਨੋ ਟੀ, ਕੰਪਲੈਕਸ ਕਾਰਬੋਹਾਈਡ੍ਰੇਟਸ, ਕਾਲੀ ਚਾਕਲੇਟ, ਬਰੋਕਲੀ, ਚੁਕੰਦਰ, ਕਾਜੂ, ਦੁੱਧ, ਬਰਾਊਨ ਚਾਵਲ ਤੇ ਹਰੇ ਪੱਤੇ ਵਾਲੀਆਂ ਸਬਜ਼ੀਆਂ। 'ਕਰੋਨਿਕ ਕੈਟਾਬੋਲਿਜਮ' ਆਧੁਨਿਕ ਤਣਾਅ ਦਾ ਮੁੱਖ ਕਾਰਨ ਹੈ, ਜੋ ਸਾਹਮਣੇ ਨਹੀਂ ਆਉਂਦਾ। ਆਓ, ਇਸ ਤੋਂ ਛੁਟਕਾਰਾ ਪਾ ਕੇ ਤਣਾਅਮੁਕਤ ਜ਼ਿੰਦਗੀ ਜਿਉਣ ਲਈ ਕੁਝ ਤਰੀਕਿਆਂ ਬਾਰੇ ਜਾਣੀਏ:

* ਊਰਜਾਯੁਕਤ ਭੋਜਨ

ਅੱਜਕੱਲ੍ਹ ਦੇ ਸਟਾਰਚ ਅਤੇ ਕਾਰਬੋਹਾਈਡ੍ਰੇਟ ਵਾਲੇ ਭੋਜਨ ਪਦਾਰਥਾਂ ਵਿੱਚ ਪੌਸ਼ਕ ਤੱਤਾਂ ਅਤੇ ਸ਼ਕਤੀ ਦੀ ਘਾਟ ਹੈ। 'ਫੈਟ ਫਰੀ' ਦੇ ਨਾਂ 'ਤੇ ਵਿਕਦੇ ਪਦਾਰਥਾਂ ਵਿੱਚ ਪਾਈ ਜਾਣ ਵਾਲੀ ਰਿਫਾਇੰਡ ਸ਼ੂਗਰ ਹੋਰ ਵੀ ਘਾਤਕ ਸਿੱਧ ਹੋ ਰਹੀ ਹੈ। ਇਹ ਸ਼ੂਗਰ ਐਡਰੀਨਲ ਗਲੈਂਡ ਨੂੰ ਗ਼ੈਰ-ਕੁਦਰਤੀ ਤਰੀਕੇ ਨਾਲ ਉਤੇਜਿਤ ਕਰਦੀ ਹੈ ਜੋ ਉਸ ਹਾਰ-ਮੋਨ ਦੇ ਰਿਸਾਅ ਨੂੰ ਵਧਾਉਂਦੀ ਹੈ, ਜੋ ਪਹਿਲੇ ਪੜਾਅ 'ਤੇ ਸਮੱਸਿਆ ਪੈਦਾ ਕਰਦਾ ਹੈ। ਜ਼ਰੂਰੀ ਊਰਜਾ ਲਈ ਵਧੀਆ ਕਿਸਮ ਦਾ ਪ੍ਰੋਟੀਨ ਲੈਣਾ ਚਾਹੀਦਾ ਹੈ, ਜੋ ਅਨਾਜ ਦੀ ਬਜਾਏ ਪਸ਼ੂਆਂ ਦੇ ਮਾਸ, ਸਪੀਰੂਲੀਨਾ, ਫ਼ਲ ਤੇ ਸਬਜ਼ੀਆਂ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

ਵਧੀਆ ਚਰਬੀ ਲਈ ਖਾਣ ਵਾਲੇ ਬੀਜ, ਜੈਤੂਨ ਤੇਲ ਤੇ ਕੌਰਡ ਲੀਵਰ ਆਇਲ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਬਹੁਤ ਘੱਟ ਮਾਤਰਾ ਵਿੱਚ ਮਿਲਦੇ ਕੌਰਪਿਕ ਅਤੇ ਲੌਰਿਕ ਐਸਿਡ ਸਿਰਫ਼ ਮਾਂ ਦੇ ਦੁੱਧ, ਬੱਕਰੀ ਅਤੇ ਗਾਂ ਦੇ ਦੁੱਧ ਵਿੱਚ ਹੀ ਪਾਏ ਜਾਂਦੇ ਹਨ।

* ਪੱਠਿਆਂ ਨਾਲ ਐਡਰੀਨਲ ਗਲੈਂਡ ਦੀ ਮਜ਼ਬੂਤੀ

ਹਰ ਸਾਲ ਸਾਡੇ ਪੱਠੇ ਸੁੰਗੜਦੇ ਹਨ ਅਤੇ ਉਨ੍ਹਾਂ ਦੀ ਜਗ੍ਹਾ 'ਤੇ ਚਰਬੀ ਭਰ ਜਾਂਦੀ ਹੈ। ਤਾਕਤਵਰ ਪੱਠੇ ਐਡਰੀਨਲ ਗਲੈਂਡ ਦੀ ਕਾਰਜ ਵਿਧੀ ਨੂੰ ਕੰਟਰੋਲ ਕਰਦੇ ਹਨ। ਇਸ ਤੋਂ ਇਲਾਵਾ ਸਰੀਰਕ ਕੰਮ ਤਣਾਅ ਵਾਲੇ ਹਾਰਮੋਨ ਕਾਰਟੀਸੋਲ ਨੂੰ ਖ਼ਤਮ ਕਰਨ ਲਈ ਸਰੀਰ ਦੀ ਮਦਦ ਕਰਦਾ ਹੈ। ਪੱਠਿਆਂ ਦੀ ਮਜ਼ਬੂਤੀ ਲਈ ਖ਼ਾਸ ਤਰ੍ਹਾਂ ਦੀ ਹਲਕੀ ਕਸਰਤ ਕਰਨੀ ਚਾਹੀਦੀ ਹੈ। ਭਾਰੀ ਕਸਰਤ ਅਤੇ ਜਿੰਮ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

* ਤਣਾਅ-ਮੁਕਤ ਹੋਣ ਦਾ ਕੁਦਰਤੀ ਇਲਾਜ

ਡੀ. ਐਚ. ਈ. ਏ. ਐਂਟੀ-ਸਟਰੈੱਸ ਹਾਰਮੋਨ ਹੈ, ਜਿਸਨੂੰ ਐਡਰੀਨਲ ਗਲੈਂਡ ਪੈਦਾ ਕਰਦਾ ਹੈ। ਇਸ ਦੀ ਕਮੀ ਨਾਲ ਰੋਗ ਨਿਰੋਧਕ ਸ਼ਕਤੀ ਵਿੱਚ ਕਮੀ, ਕੈਂਸਰ, ਬਾਂਝਪਣ, ਦਿਲ ਦੇ ਰੋਗ, ਜਲਦੀ ਬੁਢਾਪਾ, ਉਮਰ ਦਾ ਘਟਣਾ ਅਤੇ ਡਿਪਰੈਸ਼ਨ ਜਿਹੀਆਂ ਬੀਮਾਰੀਆਂ ਘੇਰ ਲੈਂਦੀਆਂ ਹਨ। ਸਰੀਰ ਵਿੱਚ ਇਸ ਦੀ ਮਾਤਰਾ ਸੀਮਤ ਹੁੰਦੀ ਹੈ। 20 ਸਾਲ ਦੀ ਉਮਰ ਵਿੱਚ ਇਹ ਜ਼ਿਆਦਾ ਹੁੰਦਾ ਹੈ ਅਤੇ ਚਾਲੀ ਸਾਲ ਤਕ ਪਹੁੰਚਦਿਆਂ ਇਸ ਦੀ ਮਾਤਰਾ 50 ਫ਼ੀਸਦੀ ਰਹਿ ਜਾਂਦੀ ਹੈ। ਜਿੰਨਾ ਜ਼ਿਆਦਾ ਤਣਾਅ ਹੋਵੇਗਾ, ਉਨੀ ਜਲਦੀ ਇਸ ਦੀ ਮਾਤਰਾ ਘਟਦੀ ਜਾਵੇਗੀ। ਕਾਰਟੀਸੋਲ ਉਮਰ ਦੇ ਹਿਸਾਬ ਨਾਲ ਵਧਦਾ ਜਾਂਦਾ ਹੈ ਜੋ ਡੀ.ਐਚ.ਈ.ਏ. ਦੀ ਕਮੀ ਲਈ ਜ਼ਿੰਮੇਵਾਰ ਹੁੰਦਾ ਹੈ। ਇਸ ਦੀ ਕਮੀ ਨੂੰ ਪੂਰਾ ਕਰਨ ਲਈ ਅਦਰਕ, ਦਾਲਚੀਨੀ ਅਤੇ ਹਲਦੀ ਦਾ ਇਸਤੇਮਾਲ ਕਰਨਾ ਚਾਹੀਦਾ ਹੈ।

* ਸਰੀਰ ਦੀ ਸਫ਼ਾਈ

ਹਰ ਰੋਜ਼ ਪ੍ਰਦੂਸ਼ਣ, ਕੈਮੀਕਲ ਅਤੇ ਨਦੀਨ ਨਾਸ਼ਕਾਂ ਦੇ ਰੂਪ ਵਿੱਚ ਹਜ਼ਾਰਾਂ ਜ਼ਹਿਰ ਸਾਡੇ ਸਰੀਰ ਵਿੱਚ ਜਾ ਰਹੇ ਹਨ। ਸਰੀਰ ਦੀ ਸਫ਼ਾਈ ਮੁਹਿੰਮ ਨੂੰ ਤੇਜ਼ ਅਤੇ ਐਡਰੀਨਲ ਗਲੈਂਡ ਨੂੰ ਚਾਰਜ ਕਰਨ ਅਤੇ ਕਰੋਨਿਕ ਕੈਟਾਬੋਲਿਜਮ ਦੇ ਅਸਰ ਨੂੰ ਘੱਟ ਕਰਨ ਲਈ ਐਂਟੀ-ਆਕਸੀਡੈਂਟ ਤੇ ਪੌਸ਼ਕ ਤੱਤ ਲੈਣੇ ਚਾਹੀਦੇ ਹਨ, ਜਿਵੇਂ ਐਨ-ਐਸੀਟਾਈਲ-ਸਿਸਟੀਨ, ਕੈਲਸ਼ੀਅਮ ਡੀ-ਗਲੂਕਾਰੇਟ, ਮੈਥੀਓਨਾਈਨ, ਟੌਰੀਨ, ਅਲਫਾ ਲਿਪੋਇਕ ਐਸਿਡ, ਸੇਮ, ਐਮ.ਐਸ.ਐਮ., ਕਲੋਰੈਲਾ, ਸਪੀਰੂਲੀਨਾ. ਕਿਲਾਨਟਰੋ, ਮਿਲਕ ਥਿਸਟਲ, ਇਰਵਿੰਗੀਆ ਗਾਬੋਨੈਸਿਸ ਅਤੇ ਕਾਨਾ ਆਦਿ।

* ਡੂੰਘਾ ਸਾਹ ਲੈਣਾ

ਆਯੁਰਵੈਦ ਅਤੇ ਹੋਰ ਪੁਰਾਣੀਆਂ ਚਿਕਿਤਸਾ ਪ੍ਰਣਾਲੀਆਂ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਸਾਹ ਲੈਣ ਦੀਆਂ ਵਿਧੀਆਂ ਬਾਰੇ ਵਰਨਣ ਮਿਲਦਾ ਹੈ। ਸਾਡੇ ਪੁਰਖੇ ਇਨ੍ਹਾਂ ਦਾ ਇਸਤੇਮਾਲ ਦਿਮਾਗੀ ਤਰੰਗਾਂ ਨੂੰ ਹੌਲੀ ਕਰਨ ਵਾਸਤੇ ਕਰਦੇ ਸਨ। ਡੂੰਘੇ ਸਾਹ ਲੈਣ ਨਾਲ ਐਡਰੀਨਲ ਹਾਰਮੋਨ ਸੰਤੁਲਿਤ ਹੁੰਦੇ ਹਨ।

* ਤਣਾਅ ਦਾ ਸਾਹਮਣਾ ਕਰਨਾ

ਕਈ ਵਾਰ ਅਸੀਂ ਕਿਸੇ ਸਮੱਸਿਆ ਦੇ ਆਉਣ 'ਤੇ ਤਣਾਅ ਮਹਿਸੂਸ ਕਰਦੇ ਹਾਂ ਅਤੇ ਉਸ ਤੋਂ ਛੁਟਕਾਰਾ ਪਾਉਣ ਲਈ ਸੋਚਣਾ ਸ਼ੁਰੂ ਕਰ ਦਿੰਦੇ ਹਾਂ ਜੋ ਹੋਰ ਤਣਾਅ-ਗ੍ਰਸਤ ਕਰ ਦਿੰਦਾ ਹੈ।

ਇਹ ਤਣਾਅ ਸਾਡੇ ਵਿਚਾਰਾਂ ਨੂੰ ਪ੍ਰਭਾਵਿਤ ਕਰਦਾ ਹੈ। ਇਸ ਤੋਂ ਬਚਣ ਦਾ ਤਰੀਕਾ ਹੈ- ਆਪਣਾ ਧਿਆਨ ਕਿਸੇ ਹੋਰ ਪਾਸੇ ਲਾਉਣਾ, ਜਿਵੇਂ ਕੋਈ ਕਿਤਾਬ ਪੜ੍ਹਨਾ, ਮੈਡੀਟੇਸ਼ਨ ਕਰਨਾ ਜਾਂ ਧਿਆਨ ਲਗਾਉਣਾ ਆਦਿ।

* ਸੌਣ ਦਾ ਢੰਗ

ਤੁਹਾਡੇ ਸੌਣ ਦੇ ਢੰਗ 'ਤੇ ਨਿਰਭਰ ਕਰਦਾ ਹੈ ਕਿ ਉਹ ਤਣਾਅ ਨਾਲ ਕਿਵੇਂ ਨਜਿੱਠਦਾ ਹੈ। ਬਹੁਤ ਜ਼ਿਆਦਾ ਅਤੇ ਬਹੁਤ ਘੱਟ ਸੌਣਾ ਦੋਵੇਂ ਤਣਾਅ ਨਾਲ ਲੜਨ ਦੀ ਸਰੀਰਕ ਸਮਰੱਥਾ ਨੂੰ ਪ੍ਰਭਾਵਿਤ ਕਰਦੇ ਹਨ। ਔਸਤਨ ਸੌਣ ਦਾ ਸਮਾਂ ਸੱਤ ਤੋਂ ਅੱਠ ਘੰਟੇ ਹੋਣਾ ਚਾਹੀਦਾ ਹੈ।

ਅੱਜ ਦੇ ਮਨੁੱਖ ਨੇ ਆਪਣੇ-ਆਪ ਨੂੰ ਨਿੱਜ ਤਕ ਸੀਮਤ ਕਰ ਲਿਆ ਹੈ, ਜੋ ਤਣਾਅ ਦਾ ਸਭ ਤੋਂ ਵੱਡਾ ਕਾਰਨ ਹੈ। ਆਪਣੀਆਂ ਭਾਵਨਾਵਾਂ ਨੂੰ ਦਬਾ ਕੇ ਰੱਖਣ ਦੀ ਬਜਾਏ ਸਾਨੂੰ ਲੋਕਾਂ ਨਾਲ ਗੱਲਬਾਤ ਅਤੇ ਹਾਸਾ-ਮਜ਼ਾਕ ਕਰਨਾ ਚਾਹੀਦਾ ਹੈ। ਭਾਵਨਾਵਾਂ ਵਿਅਕਤ ਕਰਨ ਨਾਲ ਵਿਅਕਤੀ ਕਾਫ਼ੀ ਹਲਕਾ ਮਹਿਸੂਸ ਕਰਦਾ ਹੈ।

**- ਹਰਿੰਦਰਪਾਲ ਸਿੰਘ**

# ਕੁਪੋਸ਼ਣ ਤੋਂ ਬਚਣ ਲਈ ਜ਼ਰੂਰੀ ਹੈ ਪ੍ਰੋਟੀਨ



ਇੱਕ ਸਿਹਤਮੰਦ ਸਰੀਰ ਲਈ ਮੁੱਖ ਤੌਰ 'ਤੇ ਛੇ ਤੱਤਾਂ ਦੀ ਲੋੜ ਹੁੰਦੀ ਹੈ ਜਿਵੇਂ ਪ੍ਰੋਟੀਨ, ਕਾਰਬੋਹਾਈਡ੍ਰੇਟਸ, ਚਰਬੀ, ਵਿਟਾਮਿਨ, ਖਣਿਜ ਪਦਾਰਥ ਅਤੇ ਪਾਣੀ। ਇਨ੍ਹਾਂ ਸਾਰਿਆਂ ਨੂੰ ਮਿਲਾ ਕੇ ਹੀ ਸੰਤੁਲਿਤ ਖ਼ੁਰਾਕ ਬਣਦੀ ਹੈ। ਪਾਣੀ ਤੋਂ ਬਾਅਦ ਸਾਡੇ ਸਰੀਰ ਵਿੱਚ ਪ੍ਰੋਟੀਨ ਹੀ ਸਭ ਤੋਂ ਵੱਧ ਮਾਤਰਾ ਵਿੱਚ ਪਾਇਆ ਜਾਂਦਾ ਹੈ। ਸਾਡਾ ਸਰੀਰ ਸੈੱਲਾਂ ਦਾ ਬਣਿਆ ਹੋਇਆ ਹੈ। ਕਈ ਸੈੱਲ ਮਿਲ ਕੇ ਟਿਸ਼ੂ ਅਤੇ ਕਈ ਟਿਸ਼ੂ ਮਿਲ ਕੇ ਇੱਕ ਅੰਗ ਬਣਾਉਂਦੇ ਹਨ। ਵੱਖ-ਵੱਖ ਸੈੱਲ ਮਿਲ ਕੇ ਹੱਡੀਆਂ, ਮਾਸਪੇਸ਼ੀਆਂ, ਨਾੜਾਂ ਅਤੇ ਚਮੜੀ ਦੇ ਖ਼ਾਸ ਕੰਮ ਕਰਨ ਵਿੱਚ ਯਤਨਸ਼ੀਲ ਰਹਿੰਦੇ ਹਨ। ਇਨ੍ਹਾਂ ਸੈੱਲਾਂ ਦੀ ਜ਼ਿੰਦਗੀ ਸਾਡੀ ਖ਼ੁਰਾਕ ਉੱਤੇ ਨਿਰਭਰ ਕਰਦੀ ਹੈ। ਪ੍ਰੋਟੀਨ ਇਨ੍ਹਾਂ ਸੈੱਲਾਂ ਲਈ ਸਭ ਤੋਂ ਜ਼ਰੂਰੀ ਤੱਤ ਹੈ। ਸਾਡੀ ਖ਼ੁਰਾਕ ਵਿੱਚ ਪ੍ਰੋਟੀਨ ਦੀ ਕਮੀ ਕਾਰਨ ਇਹ ਸੈੱਲ ਕੰਮ ਕਰਨਾ ਬੰਦ ਕਰ ਦਿੰਦੇ ਹਨ ਅਤੇ ਨਤੀਜੇ ਵਜੋਂ ਸਰੀਰ ਵਿੱਚ ਚੱਲਦੇ ਵੱਖ-ਵੱਖ ਅੰਗਾਂ ਦੇ ਕੰਮਾਂ ਵਿੱਚ ਵਿਘਨ ਪੈ ਜਾਂਦਾ ਹੈ।

ਕੀ ਹਨ ਪ੍ਰੋਟੀਨ ਦੇ ਲਾਭ

* ਸਰੀਰ ਵਿਚਲੇ ਹਰੇਕ ਸੈੱਲ ਲਈ ਪ੍ਰੋਟੀਨ ਜ਼ਰੂਰੀ ਤੱਤ ਹੈ। ਪ੍ਰੋਟੀਨ ਜਿੱਥੇ ਨਵੇਂ ਸੈੱਲ ਬਣਾਉਣ ਵਿੱਚ ਮਦਦ ਕਰਦੇ ਹਨ, ਉੱਥੇ ਪੁਰਾਣੇ ਟੁੱਟੇ-ਭੱਜੇ ਸੈੱਲਾਂ ਦੀ ਮੁਰੰਮਤ ਕਰਦੇ ਹਨ।
* ਪ੍ਰੋਟੀਨ ਹੱਡੀਆਂ ਅਤੇ ਦੰਦਾਂ ਨੂੰ ਮਜ਼ਬੂਤੀ ਪ੍ਰਦਾਨ ਕਰਦੇ ਹਨ।
* ਪ੍ਰੋਟੀਨ ਮਾਸਪੇਸ਼ੀਆਂ ਦੇ ਵਿਕਾਸ ਲਈ ਬੇਹੱਦ ਲਾਹੇਵੰਦ ਤੱਤ ਹੈ।
* ਪ੍ਰੋਟੀਨ ਸਾਡੇ ਸਰੀਰ ਵਿਚ ਹਾਰਮੋਨ, ਐਨਜ਼ਾਇਮ ਅਤੇ ਐਂਟੀ-ਬਾਡੀ ਬਣਾਉਣ ਵਿਚ ਮਦਦ ਕਰਕੇ ਸਰੀਰ ਦਾ ਸੁਰੱਖਿਆ ਅਤੇ ਪਾਚਨ ਤੰਤਰ ਮਜ਼ਬੂਤ ਬਣਾਉਂਦਾ ਹੈ।
* ਪ੍ਰੋਟੀਨ ਖ਼ੂਨ ਦੇ ਸੈੱਲ ਬਣਾਉਣ ਵਿੱਚ ਵੀ ਮਦਦ ਕਰਦੇ ਹਨ।
* ਪ੍ਰੋਟੀਨ ਚਮੜੀ, ਨਹੁੰਆਂ ਅਤੇ ਵਾਲਾਂ ਦੀ ਸਿਹਤ ਲਈ ਵੀ ਜ਼ਿੰਮੇਵਾਰ ਹਨ।
* ਪ੍ਰੋਟੀਨ ਜ਼ਖ਼ਮ ਭਰਨ ਵਿੱਚ ਵੀ ਮਦਦ ਕਰਦੇ ਹਨ।

**ਪ੍ਰੋਟੀਨ ਦੀ ਕਮੀ-** ਪ੍ਰੋਟੀਨ ਦੀ ਕਮੀ ਨਾਲ ਹੋਣ ਵਾਲੀ ਸਭ ਤੋਂ ਵੱਡੀ ਬੀਮਾਰੀ ਦਾ ਨਾਂ 'ਕਵੇਸ਼ਰਕਰ' ਹੈ। ਪ੍ਰੋਟੀਨ ਦੀ ਕਮੀ ਤੋਂ ਇਲਾਵਾ ਕੈਲਰੀ ਦੀ ਕਮੀ ਵੀ ਹੋ ਜਾਣ ਨਾਲ 'ਮੈਰਸਮਸ' ਨਾਂ ਦੀ ਬੀਮਾਰੀ ਹੋ ਜਾਂਦੀ ਹੈ। ਕਵੇਸ਼ਰਕਰ 'ਕੁਪੋਸ਼ਣ' ਦਾ ਹੀ ਇੱਕ ਰੂਪ ਹੈ।

ਭਾਰਤ ਵਿੱਚ 50 ਫ਼ੀਸਦੀ ਬੱਚਿਆਂ ਦੀ ਮੌਤ ਕੁਪੋਸ਼ਣ ਕਾਰਨ ਹੋ ਜਾਂਦੀ ਹੈ। ਸੰਸਾਰ ਭਰ ਵਿੱਚ ਹਰੇਕ ਤਿੰਨ ਕੁਪੋਸ਼ਣ ਦੇ ਸ਼ਿਕਾਰ ਬੱਚਿਆਂ ਵਿੱਚੋਂ ਇੱਕ ਬੱਚਾ ਸਾਡੇ ਦੇਸ਼ ਦਾ ਹੈ। ਇਹ ਗੰਭੀਰ ਬੀਮਾਰੀ ਆਮ ਕਰਕੇ 1-4 ਸਾਲ ਦੀ ਉਮਰ ਤਕ ਦੇ ਬੱਚਿਆਂ ਵਿੱਚ ਵੇਖਣ ਨੂੰ ਮਿਲਦੀ ਹੈ। ਇਹ ਜ਼ਿਆਦਾਤਰ ਵਿਕਾਸਸ਼ੀਲ ਅਤੇ ਅਵਿਕਸਿਤ ਦੇਸ਼ਾਂ ਵਿੱਚ ਪਾਈ ਜਾਂਦੀ ਹੈ। ਸਾਡੇ ਦੇਸ਼ ਵਿਚ ਖ਼ੁਰਾਕ ਵਿੱਚ ਪ੍ਰੋਟੀਨ ਦੀ ਕਮੀ ਦੇ ਮੁੱਖ ਕਾਰਨ ਗ਼ਰੀਬੀ, ਅਨਪੜ੍ਹਤਾ, ਲਿੰਗ ਭੇਦਭਾਵ, ਕੁਦਰਤੀ ਸੰਕਟ ਜਿਵੇਂ ਭੁੱਖਮਰੀ, ਸੋਕਾ ਆਦਿ ਹਨ। ਇਨ੍ਹਾਂ ਤੋਂ ਇਲਾਵਾ ਗੁਰਦਿਆਂ ਦੀ ਬੀਮਾਰੀ, ਸ਼ਰਾਬ ਦੀ ਲਤ, ਆਂਦਰਾਂ ਵਿੱਚ ਭੋਜਨ ਜਜ਼ਬ ਹੋਣ ਦੀ ਕਿਰਿਆ ਵਿੱਚ ਖ਼ਰਾਬੀ ਕਾਰਨ ਵੀ ਹੋ ਸਕਦੇ ਹਨ। ਜਾਗਰੂਕਤਾ ਦੀ ਘਾਟ ਹੋਣ ਕਰਕੇ ਮਾਵਾਂ ਬੱਚੇ ਨੂੰ ਆਪਣਾ ਪ੍ਰੋਟੀਨ ਭਰਪੂਰ ਦੁੱਧ ਦੇਣਾ ਛੇਤੀ ਹੀ ਛੁਡਾ ਦਿੰਦੀਆਂ ਹਨ, ਜਿਸ ਕਰਕੇ ਬੱਚੇ ਵਿੱਚ ਪ੍ਰੋਟੀਨ ਦੀ ਕਮੀ ਪੈਦਾ ਹੋ ਜਾਂਦੀ ਹੈ।

ਲੱਛਣ

* ਜਲੋਧਰ ਰੋਗ (ਅਡੀਮਾ)

ਪ੍ਰੋਟੀਨ ਸਾਡੇ ਸਰੀਰ ਵਿੱਚ ਪਾਣੀ ਦਾ ਸੰਤੁਲਨ ਬਣਾਉਣ ਲਈ ਜ਼ਿੰਮੇਵਾਰ ਹੁੰਦੇ ਹਨ। ਇਨ੍ਹਾਂ ਦੀ ਕਮੀ ਕਾਰਨ ਪਾਣੀ ਖ਼ਾਸ ਕਰਕੇ ਲੱਤਾਂ, ਗਿੱਟਿਆਂ ਅਤੇ ਪੈਰਾਂ ਵਿੱਚ ਜਮ੍ਹਾਂ ਹੋਣ ਲੱਗ ਪੈਂਦਾ ਹੈ ਤੇ ਸਰੀਰ ਵਿੱਚ ਸੋਜ ਆਉਣ ਲੱਗ ਪੈਂਦੀ ਹੈ। ਕਵੇਸ਼ਰਕਰ ਦੇ ਮਰੀਜ਼ ਵਿੱਚ ਅਕਸਰ ਪੇਟ ਫੁੱਲਿਆ ਨਜ਼ਰ ਆਉਂਦਾ ਹੈ।

* ਮਾਸਪੇਸ਼ੀਆਂ ਵਿੱਚ ਕਮਜ਼ੋਰੀ

ਖ਼ੁਰਾਕ ਵਿੱਚ ਪ੍ਰੋਟੀਨ ਦੀ ਕਮੀ ਕਾਰਨ ਸਰੀਰ ਮਾਸਪੇਸ਼ੀਆਂ ਵਿੱਚੋਂ ਪ੍ਰੋਟੀਨ ਲੈਣ ਲੱਗ ਪੈਂਦਾ ਹੈ, ਜਿਸ ਕਰਕੇ ਮਰੀਜ਼ ਦਾ ਭਾਰ ਖਾਸਾ ਘੱਟ ਜਾਂਦਾ ਹੈ।

* ਹੱਡੀਆਂ ਅਤੇ ਜੋੜਾਂ ਦਾ ਦਰਦ

ਸਾਡਾ ਸਰੀਰ ਪ੍ਰੋਟੀਨ ਨੂੰ ਜੋੜਾਂ ਵਿੱਚ ਮੌਜੂਦ ਤਰਲ ਪਦਾਰਥਾਂ ਵਿੱਚ ਜਮ੍ਹਾਂ ਕਰਕੇ ਰੱਖਦਾ ਹੈ। ਸਰੀਰ ਵਿੱਚ ਪ੍ਰੋਟੀਨ ਦੀ ਕਮੀ ਹੋਣ 'ਤੇ ਜੋੜਾਂ ਵਿਚਲੇ ਪ੍ਰੋਟੀਨ ਭੰਡਾਰ ਖ਼ਤਮ ਹੋਣ ਲੱਗਦੇ ਹਨ ਤੇ ਇਸ ਕਰਕੇ ਜੋੜ ਜਾਮ ਹੋਣ ਮਗਰੋਂ ਦੁਖਣ ਲੱਗ ਪੈਂਦੇ ਹਨ। ਲੱਤਾਂ ਅਤੇ ਬਾਹਾਂ ਪਤਲੀਆਂ ਹੋ ਜਾਂਦੀਆਂ ਹਨ।

* ਅਨੀਮੀਆ

ਖ਼ੁਰਾਕ ਵਿੱਚ ਪ੍ਰੋਟੀਨ ਦੀ ਕਮੀ ਨਾਲ ਖ਼ੂਨ ਵਿੱਚ ਪਾਏ ਜਾਣ ਵਾਲ ਪ੍ਰੋਟੀਨ 'ਹੀਮੋਗਲੋਬਿਨ' ਦੀ ਕਮੀ ਹੋ ਜਾਂਦੀ ਹੈ, ਜਿਸ ਕਰਕੇ ਖ਼ੂਨ ਦੇ ਸੈੱਲ ਬਣਨੇ ਬੰਦ ਹੋ ਜਾਂਦੇ ਹਨ।

* ਵਾਲ ਝੜਨਾ

ਵਾਲਾਂ ਵਿਚਲਾ ਪ੍ਰੋਟੀਨ 'ਕੈਰੇਟਿਨ' ਭੋਜਨ ਵਿੱਚ ਪ੍ਰੋਟੀਨ ਦੀ ਕਮੀ ਕਾਰਨ ਨਹੀਂ ਬਣਦਾ ਜਿਸ ਕਰਕੇ ਵਾਲ ਬੇਹੱਦ ਪਤਲੇ, ਕਮਜ਼ੋਰ ਤੇ ਦੋ-ਮੂੰਹੇ ਹੋ ਜਾਂਦੇ ਹਨ।

* ਸੁਰੱਖਿਆ ਅਤੇ ਪਾਚਨ-ਤੰਤਰ ਵਿੱਚ ਕਮਜ਼ੋਰੀ

ਪ੍ਰੋਟੀਨ ਦੀ ਕਮੀ ਕਾਰਨ ਸਰੀਰ ਦੀ ਸੁਰੱਖਿਆ ਪ੍ਰਣਾਲੀ ਕਮਜ਼ੋਰ ਹੋ ਜਾਣ ਕਾਰਨ ਇਨਫੈਕਸ਼ਨ ਹੋਣ ਦਾ ਖ਼ਤਰਾ ਵਧ ਜਾਂਦਾ ਹੈ।

* ਦਸਤ

ਕਾਫ਼ੀ ਸਮੇਂ ਤਕ ਦਸਤ ਹੋਣ ਕਰਕੇ ਸਰੀਰ ਦਾ ਵਾਧਾ ਰੁਕ ਜਾਂਦਾ ਹੈ ਅਤੇ ਮਰੀਜ਼ ਹੱਡੀਆਂ ਦੀ ਮੁੱਠ ਬਣ ਕੇ ਰਹਿ ਜਾਂਦਾ ਹੈ।

* ਪ੍ਰੋਟੀਨ ਦੀ ਕਮੀ ਕਾਰਨ ਜ਼ਖ਼ਮ ਭਰਨ ਦੀ ਕਿਰਿਆ ਹੌਲੀ ਹੋ ਜਾਂਦੀ ਹੈ। ਕਵੇਸ਼ਰਕਰ ਦੇ ਮਰੀਜ਼ ਵਿੱਚ ਮਿਹਦੇ ਦਾ ਆਕਾਰ ਵੱਡਾ ਹੋ ਜਾਂਦਾ ਹੈ, ਜਿਸਨੂੰ 'ਫੈਟੀ ਲਿਵਰ' ਕਿਹਾ ਜਾਂਦਾ ਹੈ।

ਪ੍ਰੋਟੀਨ ਦੀ ਘਾਟ ਦੇ ਲੱਛਣ

* ਚਮੜੀ ਦੇ ਰੰਗ ਵਿੱਚ ਕਈ ਤਰ੍ਹਾਂ ਦੇ ਬਦਲਾਅ ਆਉਂਦੇ ਹਨ। ਗੱਲਾਂ ਉੱਤੇ ਚਿੱਟੇ ਰੰਗ ਦੇ ਦਾਗ਼ ਪੈ ਜਾਂਦੇ ਹਨ। ਪੈਰਾਂ ਅਤੇ ਹੱਥਾਂ ਦੇ ਨਹੁੰਆਂ ਉੱਤੇ ਚਿੱਟੇ ਰੰਗ ਦੀਆਂ ਲਾਈਨਾਂ ਪ੍ਰੋਟੀਨ ਦੀ ਕਮੀ ਦੇ ਲੱਛਣ ਦਰਸਾਉਂਦੀਆਂ ਹਨ।
* ਪ੍ਰੋਟੀਨ ਦੀ ਕਮੀ ਕਾਰਨ ਦੰਦਾਂ ਨੂੰ ਕੀੜਾ ਲੱਗਣ ਦਾ ਖ਼ਤਰਾ ਵਧ ਜਾਂਦਾ ਹੈ ਅਤੇ ਥੁੱਕ ਬਣਾਉਣ ਵਾਲੀਆਂ ਗ੍ਰੰਥੀਆਂ 'ਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ।
* ਮਰੀਜ਼ ਵਿੱਚ ਪ੍ਰੋਟੀਨਾਂ ਦੀ ਕਮੀ ਕਾਰਨ ਚਿੰਤਾ, ਘਬਰਾਹਟ, ਤਣਾਅ, ਇੱਛਾ-ਸ਼ਕਤੀ ਦਾ ਖ਼ਤਮ ਹੋਣਾ, ਸਿਰਦਰਦ, ਬੇਹੋਸ਼ ਹੋ ਕੇ ਡਿੱਗਣਾ, ਨੀਂਦ ਨਾ ਆਉਣਾ ਆਦਿ ਲੱਛਣ ਵੀ ਪੈਦਾ ਹੋ ਜਾਂਦੇ ਹਨ।



## ਫਿਲਮੀ ਦੁਨੀਆਂ




ਭੁਪਿੰਦਰ ਪੰਧੇਰ, ਫਰਿਜ਼ਨੋ
bhupinderbs@yahoo.com

# ਸ਼ੋਲੇ: ਇਕ ਸਦਾਬਹਾਰ ਫਿਲਮ

ਬਾਲੀਵੁੱਡ ਦੇ ਇਤਿਹਾਸ ਦੀ ਸਭ ਤੋਂ ਵੱਡੀ ਸਟਾਰ ਕਾਸਟ ਅਤੇ ਮਕਬੂਲ ਫਿਲਮ 'ਸ਼ੋਲੇ' ਜੋ ਕਿ 15 ਅਗਸਤ 1975 ਨੂੰ ਰਿਲੀਜ਼ ਹੋਈ ਸੀ। ਅੱਜ ਵੀ ਦਰਸ਼ਕਾਂ ਦੇ ਚਿਤ ਚੇਤੇ ਵਿਚ ਵੱਸੀ ਇਸ ਫਿਲਮ ਨੇ ਉਸ ਸਮੇਂ 15 ਕਰੋੜ ਦਾ ਵਿਉਪਾਰ ਕੀਤਾ ਸੀ। ਜਦਕਿ ਉਸੇ ਵਰ੍ਹੇ ਰਿਲੀਜ਼ ਹੋਈਆਂ ਫਿਲਮਾਂ ਦੀਵਾਰ, ਪ੍ਰਤੀਗਿਆ, ਪ੍ਰੇਮ ਕਹਾਨੀ, ਸਨਿਆਸੀ, ਜੈ ਸੰਤੋਸ਼ੀ ਮਾਂ, ਜੂਲੀ ਅਤੇ ਧਰਮਾਤਮਾ ਵਗੈਰਾ ਨੇ ਵੀ ਚੰਗਾ ਕਾਰੋਬਾਰ ਕੀਤਾ ਸੀ। ਪਰ ਜੋ ਮੁਕਾਮ 'ਸ਼ੋਲੇ' ਦੇ ਹਿੱਸੇ ਆਇਆ, ਉਹ ਪਿਛਲੇ 40 ਸਾਲਾਂ ਦੇ ਦੌਰਾਨ ਹੋਰ ਕੋਈ ਦੁਹਰਾਅ ਨਾ ਸਕਿਆ। ਇਸੇ ਮਕਬੂਲੀਅਤ ਨੂੰ ਲੈ ਕੇ ਫਿਲਮਕਾਰ ਕੇਤਨ ਮਹਿਤਾ ਦੀ ਕੰਪਨੀ 'ਮਾਇਆ ਡਿਜ਼ੀਟਲ' ਨੇ 'ਸ਼ੋਲੇ' ਨੂੰ 3-ਡੀ 'ਚ ਤਬਦੀਲ ਕਰਨ ਦਾ ਵਿਚਾਰ ਸਭ ਤੋਂ ਪਹਿਲਾਂ ਨਿਰਮਾਤਾ ਜੀ. ਪੀ. ਸਿੱਪੀ ਦੇ ਪੋਤਰੇ ਮਾਸ਼ਾ ਸਿਪੀ ਨਾਲ 2010 ਵਿਚ ਸਾਂਝਾ ਕੀਤਾ। ਫਿਰ ਮਾਰਚ 2012 ਵਿਚ ਰਜ਼ਾਮੰਦੀ ਤੋਂ ਬਾਅਦ ਪੂਰਾ ਇਕ ਸਾਲ 150 ਤਕਨੀਕੀ ਮਾਹਿਰਾਂ ਦੀ ਟੀਮ ਇਸ ਤੇ ਕੰਮ ਕਰਦੀ ਰਹੀ। ਪਹਿਲਾਂ ਇਹ ਵੀ ਖ਼ਬਰਾਂ ਆਈਆਂ ਕਿ ਸਮੇਂ ਦੇ ਸੁਪਰ ਸਟਾਰ ਅਮਿਤਾਬ ਬਚਨ ਦੇ 71ਵੇਂ ਜਨਮ ਦਿਨ ਤੇ 11 ਅਕਤੂਬਰ ਨੂੰ ਰਿਲੀਜ਼ ਹੋਵੇਗੀ। ਪਰ ਫਿਰ ਕੁਝ ਕਾਰਨਾਂ ਕਰਕੇ ਅੰਤ 2014 ਦੇ ਪਹਿਲੇ ਹਫਤੇ ਰਿਲੀਜ਼ ਕਰਨ ਦਾ ਪੱਕਾ ਫੈਸਲਾ ਹੋਇਆ। ਫਿਲਮ ਰਿਲੀਜ਼ ਹੋ ਚੁੱਕੀ ਹੈ। ਦਰਸ਼ਕ ਕਿਹੋ ਜਿਹਾ ਹੁੰਗਾਰਾ ਦੇ ਦੇਣਗੇ ਇਹ ਤਾਂ ਵਕਤ ਹੀ ਦੱਸੇਗਾ।

ਬਾਲੀਵੁੱਡ ਨੇ ਹਾਲ ਹੀ ਵਿਚ 100 ਵਰ੍ਹੇ ਪੂਰੇ ਹੋਣ ਦੇ ਜਸ਼ਨ ਮਨਾਏ ਹਨ। ਇਹਨਾਂ ਵਰ੍ਹਿਆਂ ਦੌਰਾਨ ਕਈ ਅਜਿਹੀਆਂ ਫਿਲਮਾਂ ਆਈਆਂ ਜਿਹਨਾਂ ਨੇ ਦਰਸ਼ਕਾਂ ਦੇ ਦਿਲ ਦਿਮਾਗ ਤੇ ਸਦੀਵੀ ਛਾਪ ਛੱਡੀ। ਕਿਸੇ ਸਮੇਂ ਫਿਲਮਾਂ ਦੀ ਸਫਲਤਾ ਦਾ ਮੁਕਾਮ ਸਿਲਵਰ, ਗੋਲਡਨ ਜਾਂ ਪਲੈਟੀਨਮ ਜੁਬਲੀ ਮਨਾਉਣ ਤੇ ਪਰਖਿਆ ਜਾਂਦਾ ਸੀ।

ਸੰਗਮ, ਮੇਰਾ ਨਾਮ ਜੋਕਰ, ਵਕਤ, ਮਦਰ ਇੰਡੀਆ, ਮੁਗਲ-ਏ-ਆਜ਼ਮ ਵਰਗੀਆਂ ਫਿਲਮਾਂ ਨੇ ਵਿਸ਼ੇ ਅਤੇ ਮੇਕਿੰਗ ਪੱਖੋਂ ਸਿਖਰਾਂ ਨੂੰ ਛੋਹਿਆ। ਰਾਜ ਕਪੂਰ ਦੀ ਰੁਮਾਂਟਿਕ ਵਿਸ਼ੇ ਤੇ ਬਣਾਈ 'ਬੌਬੀ' ਨੇ ਤਾਂ ਸਫਲਤਾ ਦੀਆਂ ਧੂੰਮਾਂ ਪਾ ਦਿੱਤੀਆਂ ਸਨ। ਫਿਲਮ ਦੇ ਗਾਣਿਆਂ ਅਤੇ ਰੁਮਾਂਟਿਕ ਦ੍ਰਿਸ਼ਾਂ ਨੇ ਨੌਜਵਾਨਾਂ ਨੂੰ ਦੀਵਾਨਗੀ ਦੀ ਹੱਦ ਤੱਕ ਪਾਗਲ ਕਰ ਦਿੱਤਾ ਸੀ। ਹੁਣ ਨਵੇਂ ਯੁੱਗ ਵਿਚ 'ਤਾਰੇ ਜਮੀ ਪੇ', ਲਗਾਨ, ਸਲੱਮਡਾਗ ਮਿਲੀਨੇਅਰ, ਥ੍ਰੀ ਇਡੀਅਟ, ਬੌਡੀ ਗਾਰਡ, ਦਬੰਗ-2, ਡੌਨ-2, ਕ੍ਰਿਸ਼-3, ਯੇ ਜਵਾਨੀ ਹੈ ਦੀਵਾਨੀ ਤੋਂ ਇਲਾਵਾ ਚੇਨਈ ਐਕਸਪ੍ਰੈਸ ਵਰਗੀਆਂ ਫਿਲਮਾਂ ਨੇ ਵਿਉਪਾਰ ਵਿਚ ਸਫਲਤਾ ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਪਰ ਇਸ ਸਭ ਦੇ ਬਾਵਜੂਦ 40 ਸਾਲ ਪਹਿਲਾਂ ਰਿਲੀਜ਼ ਹੋਈ 'ਸ਼ੋਲੇ' ਦਾ 3-ਡੀ ਵਿਚ ਤਬਦੀਲ ਹੋ ਕੇ ਵੱਡੇ ਪਰਦੇ ਦੀ ਸ਼ੋਭਾ ਬਣਨਾ ਆਪਣੇ ਆਪ ਵਿਚ ਬਹੁਤ ਵੱਡੇ ਮਾਣ ਵਾਲੀ ਗੱਲ ਹੈ। ਇਹ ਮਾਣ ਸਿਰਫ ਸ਼ੋਲੇ ਦੇ ਹਿੱਸੇ ਹੀ ਆਇਆ ਕਿ ਉਸਦੇ ਹਰ ਛੋਟੇ ਵੱਡੇ ਕਿਰਦਾਰ ਨੇ ਮਕਬੂਲੀਅਤ ਦੀਆਂ ਸਿਖਰਾਂ ਨੂੰ ਛੋਹਿਆ।





ਰਮੇਸ਼ ਸਿੱਪੀ ਦੇ ਨਿਰਦੇਸ਼ਨਾਂ ਹੇਠ ਬਣੀ ਇਹ ਫਿਲਮ ਸਭ ਤੋਂ ਪਹਿਲਾਂ ਅਗਸਤ 1975 ਵਿਚ ਦੱਖਣ ਭਾਰਤ ਵਿਚ ਹੀ ਰਿਲੀਜ਼ ਕੀਤੀ ਗਈ ਸੀ। ਪਹਿਲੇ ਦੋ ਹਫਤੇ ਦਰਸ਼ਕਾਂ ਵੱਲੋਂ ਮਿਲੇ ਠੰਢੇ ਹੁੰਗਾਰੇ ਨੇ ਫਿਲਮ ਦੇ ਨਿਰਮਾਤਾ ਨਿਰਦੇਸ਼ਕ ਨੂੰ ਚਿੰਤਾ ਵਿਚ ਡੋਬ ਦਿੱਤਾ ਸੀ, ਕਿਉਂਕਿ ਫਿਲਮ ਦੇ ਅਖੀਰ ਵਿਚ ਕਿਰਦਾਰ ਜੈ (ਅਮਿਤਾਬ) ਦਾ ਮਰਨਾ ਦਰਸ਼ਕਾਂ ਨੂੰ ਰਾਸ ਨਹੀਂ ਆ ਰਿਹਾ ਸੀ। ਜੀ. ਪੀ. ਸਿੱਪੀ ਫਿਲਮ ਵਿਚ ਕੁਝ ਤਬਦੀਲੀਆਂ ਕਰਨ ਬਾਰੇ ਸੋਚ ਹੀ ਰਹੇ ਸਨ ਕਿ ਤੀਸਰਾ ਹਫਤਾ ਸ਼ੁਰੂ ਹੁੰਦਿਆਂ ਹੀ ਹਰ ਪਾਸੇ ਸਫਲਤਾ ਦੀਆਂ ਧੂੰਮਾਂ ਮੱਚਣ ਲੱਗੀਆਂ। ਇਸ ਪਿੱਛੋਂ ਦਿੱਲੀ ਅਤੇ ਉੱਤਰੀ ਭਾਰਤ ਸਮੇਤ ਫਿਲਮ 11 ਅਕਤੂਬਰ 1975 ਨੂੰ ਰਿਲੀਜ਼ ਕੀਤੀ ਗਈ। ਮੁੰਬਈ ਦੇ ਮਿਨਰਵਾ ਸਿਨੇਮੇ ਵਿਚ ਲਗਾਤਾਰ ਪੰਜ ਸਾਲ ਚੱਲ ਕੇ ਬਾਲੀਵੁੱਡ ਵਿਚ ਇਕ ਵੱਖਰਾ ਇਤਿਹਾਸ ਸਿਰਜ ਦਿੱਤਾ ਸੀ।

ਸਭ ਤੋਂ ਪਹਿਲਾਂ ਇਸ ਇਤਿਹਾਸਕ ਫਿਲਮ ਨੂੰ ਬਣਾਉਣ ਦਾ ਖਿਆਲ ਲੇਖਕ ਜੋੜੀ ਸਲੀਮ ਜਾਵੇਦ ਨੂੰ ਆਇਆ। ਉਹਨਾਂ ਇਸ ਪ੍ਰਾਜੈਕਟ ਬਾਰੇ ਇਕ ਦੋ ਨਿਰਮਾਤਾ ਨਿਰਦੇਸ਼ਕ ਨਾਲ ਗੱਲ ਵੀ ਕੀਤੀ ਪਰ ਕਿਸੇ ਨੇ ਹਾਂ-ਪੱਖੀ ਹੁੰਗਾਰਾ ਨਾ ਦਿੱਤਾ, ਕਿਉਂਕਿ ਅਜਿਹੇ ਵਿਸ਼ਿਆਂ ਤੇ ਪਹਿਲਾਂ 'ਖੋਟੇ ਸਿੱਕੇ' ਅਤੇ 'ਮੇਰਾ ਗਾਉਂ ਮੇਰਾ ਦੇਸ਼' ਵਰਗੀਆਂ ਫਿਲਮਾਂ ਬਣ ਚੁੱਕੀਆਂ ਸਨ। ਪਰ ਨਿਰਮਾਤਾ ਜੀ. ਪੀ. ਸਿੱਪੀ ਅਤੇ ਰਮੇਸ਼ ਸਿੱਪੀ ਨੂੰ ਵਿਸ਼ਾ ਬਹੁਤ ਹੀ ਪਸੰਦ ਆਇਆ। ਨਿਰਮਾਤਾ ਚਾਹੁੰਦੇ ਸਨ ਕਿ ਗੱਬਰ ਸਿੰਘ ਵਾਲਾ ਕਿਰਦਾਰ ਡੈਨੀ ਨੂੰ ਦਿੱਤਾ ਜਾਵੇ ਪਰ ਡੈਨੀ ਉਸ ਸਮੇਂ 'ਧਰਮਾਤਮਾ' ਦੀ ਸ਼ੂਟਿੰਗ ਵਿਚ ਰੁੱਝਿਆ ਹੋਇਆ ਸੀ। ਅਮਜ਼ਦ ਖਾਨ ਨੂੰ ਬਾਅਦ ਵਿਚ ਗੱਬਰ ਸਿੰਘ ਦੇ ਰੋਲ ਲਈ ਨਾਮਜ਼ਦ ਕੀਤਾ ਗਿਆ। ਅਮਿਤਾਬ ਬਚਨ ਉਸ ਸਮੇਂ ਇੰਨਾ ਮਕਬੂਲ ਨਹੀਂ ਹੋਇਆ ਸੀ। ਇਸ ਕਰਕੇ ਇਹਨਾਂ ਦੀ ਜਗ੍ਹਾ ਸਤਰੂਘਨ ਸਿਨਹਾ ਨੂੰ ਜੈ ਵਾਲਾ ਕਿਰਦਾਰ ਕਰਨ ਦੀ ਗੱਲ ਚਲਦੀ ਰਹੀ।

ਇਸ ਤਰ੍ਹਾਂ ਇਹ ਫਿਲਮ 3 ਅਕਤੂਬਰ 1973 ਨੂੰ ਪਹਿਲੀ ਵਾਰ ਸੈਟ ਤੇ ਗਈ। ਇਸਦੀ ਜ਼ਿਆਦਾਤਰ ਸ਼ੂਟਿੰਗ ਕਰਨਾਟਕਾ ਦੇ ਚਟਾਨੀ ਖੇਤਰਾਂ ਵਿਚ ਕੀਤੀ ਗਈ। ਫਿਲਮ ਦਾ ਬਜਟ ਵਧਦਾ ਚਲਾ ਗਿਆ। ਇਕ ਇਕ ਸੀਨ ਤੇ ਬਹੁਤ ਮਿਹਨਤ ਕੀਤੀ ਗਈ। ਜਿਸ ਤਰ੍ਹਾਂ ਰੇਲ ਵਾਲਾ ਸੀਨ ਜੋ ਕਿ ਮੁੰਬਈ-ਪੂਣੇ ਵਾਲੇ ਰੂਟ ਤੇ ਫਿਲਮਾਇਆ ਗਿਆ ਸੀ, ਇਸ ਸੀਨ ਨੂੰ ਕਈ ਹਫਤੇ ਲੱਗ ਗਏ ਸਨ। ਆਰ. ਡੀ. ਬਰਮਨ ਦੇ ਕੰਪੋਜ਼ ਕੀਤੇ ਗੀਤ ਵੀ ਫਿਲਮ ਦੀ ਜਿੰਦ ਜਾਨ ਹਨ। ਆਨੰਦ ਬਖਸ਼ੀ ਦੇ ਲਿਖੇ ਗੀਤ ਜਿਹਨਾਂ ਨੂੰ ਕਿਸ਼ੋਰ ਕੁਮਾਰ, ਲਤਾ ਮੰਗੇਸ਼ਕਰ ਅਤੇ ਆਰ. ਡੀ. ਬਰਮਨ ਨੇ ਗਾਇਆ। ਆਰ. ਡੀ. ਬਰਮਨ ਦੇ ਗਾਏ ਗੀਤ 'ਮਹਿਬੂਬਾ ਮਹਿਬੂਬਾ' ਲਈ ਉਸਨੂੰ 'ਫਿਲਮ ਫੇਅਰ ਐਵਾਰਡ' ਲਈ ਨਾਮਜ਼ਦ ਵੀ ਕੀਤਾ ਗਿਆ ਸੀ। ਇਸ ਫਿਲਮ ਨੂੰ 9 ਵੱਖ ਵੱਖ ਫਿਲਮ ਫੇਅਰ ਐਵਾਰਡਾਂ ਲਈ ਨਾਮਜ਼ਦ ਕੀਤੀ ਗਿਆ ਸੀ ਪਰ ਉਸ ਸਮੇਂ ਸਿਰਫ ਬੈਸਟ ਐਡੀਟਿੰਗ ਦਾ ਐਵਾਰਡ ਵੀ ਝੋਲੀ ਪਿਆ ਸੀ। ਉਂਝ 2005 ਵਿਚ ਇਸਨੂੰ 50 ਸਾਲਾਂ ਦੀ ਸਰਵੋਤਮ ਫਿਲਮ ਦਾ ਐਵਾਰਡ ਮਿਲ ਚੁੱਕਿਆ ਹੈ।

ਫਿਲਮ ਦੇ ਸੰਵਾਦ ਅੱਜ ਵੀ ਉਨੇ ਹੀ ਮਕਬੂਲ ਹਨ, ਜਿਸ ਦਾ ਲਾਹਾ ਹਰ ਟੀ. ਵੀ. ਚੈਨਲ ਦੇ ਕਲਾਕਾਰ ਆਪਣੀ ਪੇਸ਼ਕਾਰੀ ਦੌਰਾਨ 'ਸ਼ੋਲੇ' ਦੇ ਮਕਬੂਲ ਸੰਵਾਦ ਬੋਲ ਕੇ ਖੱਟ ਰਹੇ ਹਨ ਦਰਸ਼ਕਾਂ ਦੇ ਚੇਤੇ ਵਿਚ ਵੱਸੇ 'ਕਿਤਨੇ ਆਦਮੀ ਥੇ'', 'ਅਬ ਤੇਰਾ ਕਿਆ ਹੋਗਾ ਕਾਲੀਆ', 'ਬਾਸੰਤੀ ਇਨ ਕੁੱਤੋ ਕੇ ਸਾਮਨੇ ਮੱਤ ਨਾਚਨਾ, ਹਮ ਅੰਗਰੇਜ਼ੋਂ ਕੇ ਜਮਾਨੇ ਕੇ ਜੇਲਰ ਹੈਂ" ਵਰਗੇ ਡਾਇਲਾਗ ਅੱਜ ਵੀ ਤਰੋਤਾਜ਼ਾ ਹਨ। ਇਸ ਫਿਲਮ ਦੇ ਕੁਝ ਘਟਨਾਕ੍ਰਮ ਅੱਜ ਵੀ ਸਮਾਜ ਵਿਚ ਵਾਪਰ ਰਹੇ ਹਨ, ਜਿਸ ਤਰ੍ਹਾਂ ਵੀਰੂ ਵੱਲੋਂ ਬਸੰਤੀ ਨਾਲ ਵਿਆਹ ਕਰਵਾਉਣ ਦੀ ਆਪਣੀ ਮੰਗ ਮਨਵਾਉਣ ਲਈ ਪਾਣੀ ਦੀ ਟੈਂਕੀ ਉਤੇ ਚੜ੍ਹਨ ਦਾ ਫਾਰਮੂਲਾ ਅੱਜ ਦੇ ਦੌਰ ਵਿਚ ਵੀ ਮੁਲਾਜ਼ਮਾਂ ਵੱਲੋਂ ਪਾਣੀ ਵਾਲੀ ਟੈਂਕੀ ਤੇ ਚੜ੍ਹ ਕੇ ਸਮੇਂ ਦੀ ਸਰਕਾਰ ਤੱਕ ਆਪਣੀ ਆਵਾਜ਼ ਪਹੁੰਚਾਉਣ ਦੀ ਕੋਸ਼ਿਸ਼ ਕਰਦੇ ਵੇਖੇ ਜਾ ਸਕਦੇ ਹਨ। ਟੈਂਕੀ ਉਪਰ ਚੜ੍ਹ ਕੇ ਮੰਗਾਂ ਮਨਵਾਉਣ ਵਾਲੇ ਰੁਝਾਨ ਦੁਹਰਾਉਣਾ ਕੁਝ ਸਮੇਂ ਪਹਿਲਾਂ ਕਪੂਰਥਲਾ ਸ਼ਹਿਰ ਵਿਖੇ ਅਧਿਆਪਕਾਂ ਵੱਲੋਂ ਰੋਸ ਵਿਖਾਵੇ ਕਰਦੇ ਸੱਚਮੁਚ ਹੀ ਇਕ ਅਧਿਆਪਕਾ ਹਾਦਸੇ ਦਾ ਸ਼ਿਕਾਰ ਹੋ ਗਈ ਸੀ। ਟੈਂਕੀ ਉਪਰ ਚੜ੍ਹਨ ਦਾ ਰੁਝਾਨ ਵੀ ਸ਼ੋਲੇ ਫਿਲਮ ਤੋਂ ਬਾਅਦ ਹੀ ਆਇਆ। ਜਿੱਥੋਂ ਤੱਕ ਇਸ ਦੇ ਕਲਾਕਾਰਾਂ ਦਾ ਸਵਾਲ ਹੈ, ਹਰ ਇਕ ਨੇ ਆਪਣੀ ਆਪਣੀ ਅਦਾਕਾਰੀ 'ਚ ਜਾਨ ਪਾ ਦਿੱਤੀ ਸੀ। ਧਰਮਿੰਦਰ, ਹੇਮਾ ਮਾਲਿਨੀ, ਸੰਜੀਵ ਕੁਮਾਰ, ਜਯਾ ਭਾਦੁੜੀ (ਬਚਨ), ਅਮਜ਼ਦ ਖਾਨ, ਜਗਦੀਪ, ਹੈਲਨ, ਸਚਿਨ, ਅਸਰਾਨੀ ਅਤੇ ਕੈਸਟੋ ਮੁਖਰਜੀ ਸਭ ਦੀ ਅਦਾਕਾਰੀ ਨੇ ਫਿਲਮ ਨੂੰ ਚਾਰ ਚੰਨ ਲਾਏ। ਫਿਲਮ ਦਾ ਹਰ ਸੀਨ, ਗੀਤ ਬਲਕਿ ਹਰ ਘਟਨਾ ਅੱਜ ਵੀ ਯਾਦਗਾਰੀ ਹੈ। ਅੱਜਕਲ੍ਹ ਹਰ ਸਫਲਤਾ ਦਾ ਸਿਕੁਏਲ ਬਣ ਰਿਹਾ ਹੈ, ਉਥੇ ਸ਼ੋਲੇ ਦਾ ਸਿਕੁਏਲ ਜਾਂ ਰੀਮੇਕ ਬਣਾਉਣ ਦੀ ਕਿਸੇ ਨਿਰਮਾਤਾ ਨਿਰਦੇਸ਼ਕ 'ਚ ਹਿੰਮਤ ਨਹੀਂ ਪਈ। ਸ਼ੋਲੇ ਦੀ ਮਕਬੂਲੀਅਤ ਨੂੰ ਪਿੱਛੇ ਛੱਡਣਾ ਨਾ ਮੁਮਕਿਨ ਹੀ ਨਹੀਂ ਬੇਹੱਦ ਕਠਿਨ ਵੀ ਹੈ।

# ਕਾਮੇਡੀ ਨੂੰ ਸਮਰਪਿਤ ਰਿਹਾ ਸਾਲ 2013





2013 ਦਾ ਸਾਲ ਬੀਤ ਗਿਆ ਹੈ ਅਤੇ ਇਸ ਵਰ੍ਹੇ ਪੰਜਾਬੀ ਫ਼ਿਲਮਾਂ ਨੇ ਵੱਧ ਤੋਂ ਵੱਧ ਰਿਲੀਜ਼ ਹੋ ਕੇ (ਤਿੰਨ ਦਰਜਨਾਂ ਤੋਂ ਉਪਰ) ਇਕ ਨਵਾਂ ਰਿਕਾਰਡ ਗਿਣਤੀ ਦੇ ਪੱਖੋਂ ਕਾਇਮ ਕੀਤਾ ਹੈ। ਔਸਤ ਹਰ ਮਹੀਨੇ ਤਿੰਨ ਫ਼ਿਲਮਾਂ ਨਾਲੋਂ ਵੱਧ ਬਣਦੀ ਹੈ। ਬਹੁਤੀਆਂ ਗਿਣਤੀਆਂ-ਮਿਣਤੀਆਂ 'ਚ ਪੈਣ ਨਾਲੋਂ ਵੇਖਣਾ ਇਹ ਚਾਹੀਦਾ ਹੈ ਕਿ ਫ਼ਿਲਮ ਮੇਕਰਾਂ ਨੂੰ ਕੀ ਲੱਭਿਆ ਅਤੇ ਦਰਸ਼ਕਾਂ ਦੇ ਪੱਲੇ ਕੀ ਪਿਆ। ਇਨ੍ਹਾਂ ਦੋਹਾਂ ਗੱਲਾਂ ਨੂੰ ਧਿਆਨ 'ਚ ਰੱਖ ਕੇ ਜੇ ਪਿਛਲੇ ਸਾਲ ਦੀਆਂ ਪੰਜਾਬੀ ਫ਼ਿਲਮਾਂ ਦਾ ਲੇਖਾ-ਜੋਖਾ ਕੀਤਾ ਜਾਏ ਤਾਂ ਬੜਾ ਕੁਝ ਲੱਭਣ ਵਾਲਾ ਨਹੀਂ। ਫ਼ਿਲਮ ਮੇਕਰਾਂ ਦੀ ਹਾਲਤ ਇਹ ਹੈ ਕਿ ਉਨ੍ਹਾਂ ਨੇ ਘਰ ਫੂਕ ਕੇ ਤਮਾਸ਼ਾ ਦੇਖਿਆ ਹੈ ਅਤੇ ਸੰਜੀਦਾ ਦਰਸ਼ਕ, ਇਨ੍ਹਾਂ ਰਿਲੀਜ਼ ਹੋਈਆਂ ਫ਼ਿਲਮਾਂ 'ਚੋਂ ਚੰਗੀ ਫ਼ਿਲਮ ਭਾਲਦਾ ਰਿਹਾ ਹੈ। ਪੰਜਾਬੀ ਫ਼ਿਲਮਾਂ 'ਤੇ ਅੱਜਕਲ ਇਹ ਦੋਸ਼ ਲੱਗ ਰਿਹੈ ਕਿ ਕਾਮੇਡੀ ਹੀ ਕਾਮੇਡੀ ਹੈ ਫ਼ਿਲਮਾਂ ਵਿਚ, ਹੋਰ ਕੁਝ ਨਹੀਂ। ਸਿਨੇਮੇ ਦਾ ਮਕਸਦ ਦਰਸ਼ਕਾਂ ਦਾ ਮਨੋਰੰਜਨ ਕਰਨਾ ਹੈ, ਜੇ ਦਰਸ਼ਕ ਹਾਲ 'ਚ ਬੈਠਣ ਤੋਂ ਲੈ ਕੇ ਹਾਲ 'ਚੋਂ ਬਾਹਰ ਨਿਕਲਣ ਤਕ ਸਿਰਫ਼ ਹੱਸਦਾ ਹੀ ਰਹੇ ਤਾਂ ਹੋਰ ਕੀ ਚਾਹੀਦਾ ਹੈ?

ਦਲੀਲ ਇਹ ਦਿੱਤੀ ਜਾਂਦੀ ਹੈ ਕਿ ਸਾਡੀ ਆਮ ਜ਼ਿੰਦਗੀ 'ਚ ਬੜੀਆਂ ਸਮੱਸਿਆਵਾਂ ਹਨ, ਬੜੇ ਤਣਾਓ ਹਨ, ਸਿਨੇਮਾ ਵੀ ਜੇ ਸਮੱਸਿਆਵਾਂ ਨੂੰ ਪੇਸ਼ ਕਰੇ, ਤਣਾਓ ਨੂੰ ਹੀ ਪੇਸ਼ ਕਰੇ ਤਾਂ ਦਰਸ਼ਕ ਕਿਉਂ ਜਾਏਗਾ ਅਜਿਹੀ ਫ਼ਿਲਮ ਦੇਖਣ। ਬਹੁਤ ਸਾਰੇ ਲੋਕ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਆਖਿਰ ਰੋਣ-ਧੋਣ ਤੋਂ ਮੁਕਤੀ ਲਈ ਫ਼ਿਲਮ ਦੇਖਣ ਗਿਆ ਦਰਸ਼ਕ, ਸਿਨੇਮਾ ਹਾਲ 'ਚ ਵੀ ਜਾ ਕੇ ਕਿਉਂ ਰੋਂਦਾ ਰਹੇ ਪਰ ਸੋਚਣ ਵਾਲੀ ਗੱਲ ਇਹ ਵੀ ਹੈ ਕਿ ਬੰਦਾ ਕਿੰਨੇ ਕੁ ਲਤੀਫੇ ਸੁਣ ਕੇ ਹੱਸਦਾ ਰਹੇ। ਅਸਲ ਵਿਚ ਕਾਮੇਡੀ ਅਤੇ ਵਿਅੰਗ 'ਚ ਬੜਾ ਵੱਡਾ ਅੰਤਰ ਹੈ।

ਦੇਖਣ ਨੂੰ ਹਾਸਾ ਅਤੇ ਵਿਅੰਗ ਭਾਵੇਂ ਭੈਣ-ਭਰਾ ਹੋਣ ਪਰ ਇਹ ਦੋਵੇਂ ਇਕ-ਦੂਜੇ ਨਾਲੋਂ ਵੱਖਰੇ ਹਨ। ਕਾਮੇਡੀ ਕਰਨੀ ਸਿਰਫ਼ ਦਰਸ਼ਕ ਅੰਦਰ ਹਾਸਾ ਪੈਦਾ ਕਰਦੀ ਹੈ ਪਰ ਵਿਅੰਗ, ਹਾਸੇ ਦੇ ਨਾਲ-ਨਾਲ ਦਰਸ਼ਕ ਨੂੰ ਕੁਝ ਸੋਚਣ ਲਈ ਮਜਬੂਰ ਵੀ ਕਰਦਾ ਹੈ। ਸਾਡੀਆਂ ਬਹੁਤੀਆਂ ਪੰਜਾਬੀ ਫ਼ਿਲਮਾਂ ਵਿਚ ਹਾਸਾ ਤਾਂ ਹੁੰਦਾ ਹੈ ਪਰ ਵਿਅੰਗ ਗਾਇਬ ਹੈ। ਵਿਅੰਗ ਤੋਂ ਬਿਨਾਂ ਸਿਰਫ਼ ਹਾਸਾ, ਦਰਸ਼ਕ ਨੂੰ ਕੁਤਕੁਤਾਰੀਆਂ ਕੱਢਣ ਵਾਲੀ ਗੱਲ ਹੈ। 2012 ਸੰਨ 'ਚ ਜਦੋਂ ਦੋ ਕਾਮੇਡੀ ਫ਼ਿਲਮਾਂ ਸੁਪਰਹਿੱਟ ਹੋ ਗਈਆਂ ਅਤੇ ਇਕ-ਦੋ ਸੈਮੀ ਸੁਪਰਹਿੱਟ ਹੋ ਗਈਆਂ ਤਾਂ ਪੰਜਾਬੀ ਨਿਰਮਾਤਾਵਾਂ 'ਚ ਇਕ ਦੌੜ ਲੱਗ ਗਈ ਕਾਮੇਡੀ ਫ਼ਿਲਮਾਂ ਬਣਾਉਣ ਦੀ।

ਹਰ ਇਕ ਦੇ ਮੂੰਹ 'ਚ ਇਕੋ ਗੱਲ ਸੀ, ''ਬਸ ਜੀ, ਕਾਮੇਡੀ ਹੀ ਚੱਲਦੀ ਹੈ ਹੁਣ।'' ਨਿਰਮਾਤਾ-ਨਿਰਦੇਸ਼ਕ ਕਾਮੇਡੀ ਫ਼ਿਲਮਾਂ ਲਿਖਣ ਵਾਲੇ ਲੇਖਕਾਂ ਦੀ ਭਾਲ ਕਰਨ ਲੱਗੇ। ਇਕ-ਅੱਧਾ ਲੇਖਕ, ਜੋ ਇਕ-ਦੋ ਫ਼ਿਲਮਾਂ ਦੇ ਡਾਇਲਾਗ ਲਿਖ ਕੇ 'ਵੱਡਾ' ਲੇਖਕ ਬਣ ਗਿਆ ਸੀ, ਨੇ ਆਪਣਾ ਰੇਟ ਕਰੋੜਾਂ 'ਚ ਕਰ ਦਿੱਤਾ। ਕਹਿਣ ਲੱਗਾ, ''ਜੇ ਮੈਂ ਲਿਖਣੀ ਹੈ ਤਾਂ ਫਿਰ ਇੰਨਾ ਤਾਂ ਦੇਣਾ ਹੀ ਪਊ।'' ਬਸ ਕਾਮੇਡੀ ਹੀ ਕਾਮੇਡੀ, ਹਰ ਫ਼ਿਲਮ ਕਾਮੇਡੀ। ਇਕ, ਦੋ, ਤਿੰਨ, ਚਾਰ ਤੇ ਫਿਰ ਚਾਲੀ।

ਇਨ੍ਹਾਂ ਚਾਲੀਆਂ 'ਚੋਂ ਜੇ ਕੋਈ ਚੰਗੇ ਵਿਸ਼ੇ ਵਾਲੀਆਂ ਫ਼ਿਲਮਾਂ ਬਣੀਆਂ ਵੀ ਤਾਂ ਉਹ ਪੀਸੀਆਂ ਗਈਆਂ। 'ਨਾਬਰ', 'ਪੰਜਾਬ ਬੋਲਦਾ', 'ਹਾਣੀ', 'ਸਿਕੰਦਰ' ਆਦਿ ਫ਼ਿਲਮਾਂ ਨੂੰ ਦਰਸ਼ਕਾਂ ਨੇ ਹੁੰਗਾਰਾ ਨਹੀਂ ਦਿੱਤਾ। ਪੰਜਾਬੀ ਦਰਸ਼ਕਾਂ ਨੂੰ 'ਨਾਬਰ' ਦਾ ਮਤਲਬ ਨਹੀਂ ਸਮਝ ਲੱਗਿਆ ਪਰ 'ਯੰਗ ਮਲੰਗ', 'ਜੱਟ ਏਅਰਵੇਜ਼', 'ਡੈਡੀ ਕੂਲ ਮੁੰਡੇ ਫੂਲ' ਵਰਗੇ ਟਾਈਟਲ ਵਧੇਰੇ ਸਮਝ ਆ ਗਏ। ਜੇ ਦਰਸ਼ਕਾਂ ਨੇ ਇਸ ਵਰ੍ਹੇ ਸਾਰਥਕ ਫ਼ਿਲਮਾਂ ਪ੍ਰਵਾਨ ਨਹੀਂ ਕੀਤੀਆਂ ਤਾਂ ਫਿਰ ਕਾਮੇਡੀ ਫ਼ਿਲਮਾਂ ਵੀ ਇਸੇ ਤਰ੍ਹਾਂ ਦਰ-ਕਿਨਾਰ ਕਰ ਦਿੱਤੀਆਂ ਗਈਆਂ ਹਨ। 'ਜੱਟ ਐਂਡ ਜੂਲੀਅਟ-2', 'ਸਿੰਘ ਵਰਸਿਜ਼ ਕੌਰ', 'ਡੈਡੀ ਕੂਲ ਮੁੰਡੇ ਫੂਲ', 'ਨੌਟੀ ਜੱਟਸ' ਆਦਿ ਫ਼ਿਲਮਾਂ ਨੂੰ ਹੁੰਗਾਰਾ ਮਿਲਿਆ ਹੈ। ਬਾਕੀ ਦੀਆਂ ਫ਼ਿਲਮਾਂ ਆਈਆਂ ਤੇ ਗਈਆਂ। 'ਸਾਡਾ ਹੱਕ' ਵਾਦ-ਵਿਵਾਦ 'ਚ ਫਸੀ ਅਤੇ ਵਿਦੇਸ਼ੀ ਦਰਸ਼ਕਾਂ ਨੇ ਭਰਪੂਰ ਹੁੰਗਾਰਾ ਭਰਿਆ ਪਰ ਕੀ ਨਿਰਮਾਤਾ-ਨਿਰਦੇਸ਼ਕ ਅਜੇ ਵੀ ਕੋਰੀ ਕਾਮੇਡੀ ਹੀ ਦਰਸ਼ਕਾਂ ਅੱਗੇ ਪਰੋਸਣਾ ਚਾਹੁੰਦੇ ਹਨ?

ਨਿਰਮਾਤਾ ਤਾਂ ਨਹੀਂ ਰਿਪੀਟ ਹੋ ਰਿਹਾ। ਕੁਝ ਨਿਰਦੇਸ਼ਕਾਂ ਦਾ ਕਹਿਣੈ ਕਿ ਕਿਸੇ ਸਬਜੈਕਟ 'ਤੇ ਬਣਾਈ ਜਾਣ ਵਾਲੀ ਪੰਜਾਬੀ ਫ਼ਿਲਮ ਨੂੰ ਨਿਰਮਾਤਾ ਨਹੀਂ ਲੱਭਦਾ। ਪਰ ਕੀ ਸਾਰਥਕ ਵਿਸ਼ੇ 'ਤੇ ਬਣਨ ਵਾਲੀਆਂ ਫ਼ਿਲਮਾਂ ਕਾਮੇਡੀ ਆਧਾਰਿਤ ਨਹੀਂ ਹੁੰਦੀਆਂ? ਜੀ ਹਾਂ, ਹੁੰਦੀਆਂ ਹਨ। ਉਹ ਫ਼ਿਲਮਾਂ, ਜਿਨ੍ਹਾਂ 'ਚ ਕਾਮੇਡੀ ਦੇ ਰੂਪ 'ਚ ਸਮਾਜਿਕ ਮਸਲੇ ਉਭਾਰੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਵਿਅੰਗ ਰਾਹੀਂ ਪੇਸ਼ ਕੀਤਾ ਜਾਂਦਾ ਹੈ। ਹਿੰਦੀ ਫ਼ਿਲਮਾਂ 'ਚੋਂ ਕਈ ਮਿਸਾਲਾਂ ਸਾਡੇ ਸਾਹਮਣੇ ਹਨ। 'ਥ੍ਰੀ ਇਡੀਅਟਸ' ਫ਼ਿਲਮ ਪੂਰੀ ਦੀ ਪੂਰੀ ਕਾਮੇਡੀ ਨਾਲ ਭਰਪੂਰ ਹੈ ਪਰ ਕਿੰਨੀਆਂ ਵੱਡੀਆਂ ਮਹੱਤਵਪੂਰਨ ਗੱਲਾਂ, ਮਸਲਿਆਂ ਨੂੰ ਇਸ ਫ਼ਿਲਮ ਰਾਹੀਂ ਪੇਸ਼ ਕੀਤਾ ਗਿਆ ਹੈ। 'ਮੁੰਨਾ ਭਾਈ ਐਮ. ਬੀ. ਬੀ. ਐਸ.', 'ਲਗੇ ਰਹੋ ਮੁੰਨਾ ਭਾਈ', 'ਓ ਮਾਈ ਗੌਡ' ਤੇ ਹੋਰ ਕਈ ਫ਼ਿਲਮਾਂ ਦੇ ਨਾਂ ਲਏ ਜਾ ਸਕਦੇ ਹਨ। ਇਹ ਫ਼ਿਲਮਾਂ ਬੱਚਿਆਂ ਤੋਂ ਲੈ ਕੇ ਬੁੱਢਿਆਂ ਤਕ ਦਾ ਮਨੋਰੰਜਨ ਕਰਦੀਆਂ ਹਨ ਅਤੇ ਮਹੱਤਵਪੂਰਨ ਵਿਸ਼ਿਆਂ ਨੂੰ ਵੀ ਉਭਾਰਦੀਆਂ ਹਨ। ਕੀ ਪੰਜਾਬੀ ਫ਼ਿਲਮਾਂ 'ਚ ਅਜਿਹਾ ਕੋਈ ਯਤਨ ਹੋ ਰਿਹਾ ਹੈ? ਕਿਉਂ ਨਹੀਂ, ਸਾਡੇ ਨਿਰਮਾਤਾ-ਨਿਰਦੇਸ਼ਕ ਸੋਚਦੇ ਹਨ ਕਿ ਲਤੀਫਿਆਂ ਵਾਲੀ ਅਤੇ ਸਥਿਤੀ 'ਚੋਂ ਪੈਦਾ ਹੋਈ ਕਾਮੇਡੀ ਨਾਲ ਅਸੀਂ ਕਿੰਨੀ ਕੁ ਦੇਰ ਦਰਸ਼ਕਾਂ ਨੂੰ ਫ਼ਿਲਮਾਂ 'ਚ ਟਿਕਾ ਸਕਾਂਗੇ?

ਹੁਣ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਚੁੱਕਾ ਹੈ। ਹਾਸੇ ਦੀ ਬਦਹਜ਼ਮੀ ਤੋਂ ਪ੍ਰੇਸ਼ਾਨ ਹੈ ਪੰਜਾਬੀ ਫ਼ਿਲਮਾਂ ਦਾ ਦਰਸ਼ਕ। 2014 ਦਾ ਵਰ੍ਹਾ ਚੜ੍ਹਿਆ ਹੈ। ਪੰਜਾਬੀ ਫ਼ਿਲਮਾਂ ਇਸ ਸਾਲ 'ਚ ਵੀ ਓਸੇ ਸਪੀਡ ਨਾਲ ਬਣਨਗੀਆਂ ਤੇ ਰਿਲੀਜ਼ ਹੋਣਗੀਆਂ। ਮਲਟੀ-ਪਲੈਕਸਾਂ 'ਚ ਜਾਣ ਵਾਲਾ ਦਰਸ਼ਕ ਇਹ ਜ਼ਰੂਰ ਚਾਹੇਗਾ ਕਿ ਜੇ ਉਸਨੇ 150-200 ਰੁਪਏ ਫ਼ਿਲਮ 'ਤੇ ਖ਼ਰਚ ਕੀਤੇ ਹਨ ਤਾਂ ਉਸਨੂੰ ਫ਼ਿਲਮ 'ਚ ਕੁਝ ਦੇਖਣ ਨੂੰ ਵੀ ਮਿਲੇ। ਨਿਰਮਾਤਾ-ਨਿਰਦੇਸ਼ਕ ਆਪਣੀਆਂ ਸਾਰਥਕ ਫ਼ਿਲਮਾਂ ਲੈ ਕੇ ਆਉਣ, ਉਨ੍ਹਾਂ ਨੂੰ ਕਾਮੇਡੀ 'ਚ ਲਪੇਟਣ ਤੋਂ ਕੋਈ ਨਹੀਂ ਰੋਕਦਾ ਪਰ ਦਰਸ਼ਕਾਂ ਦੇ ਪੱਲੇ ਵੀ ਕੁਝ ਪਾਉਣ।



ਕੁਝ ਨਿਰਮਾਤਾ-ਨਿਰਦੇਸ਼ਕ ਨਿਤਰੇ ਹਨ, ਜੋ ਸਾਰਥਕ ਫ਼ਿਲਮਾਂ ਵੱਲ ਕਦਮ ਚੁੱਕ ਰਹੇ ਹਨ। ਇਨ੍ਹਾਂ 'ਚ 'ਕਿਰਪਾਨ, ਦਿ ਆਨਰ ਆਫ਼ ਸਵਾਰਡ', 'ਹਿੰਮਤ ਸਿੰਘ', 'ਬਠਿੰਡਾ ਐਕਸਪ੍ਰੈਸ', 'ਧੀ ਪੰਜਾਬ ਦੀ', '1984 ਪੰਜਾਬ', ਬੈਟਲ ਆਫ ਸਾਰਾਗੜ੍ਹੀ, ਯੋਧਾ, ਫਤਹਿ ਅਤੇ ਹੋਰ ਵੀ ਫ਼ਿਲਮਾਂ ਸ਼ਾਮਿਲ ਹਨ, ਜੋ ਪੰਜਾਬੀ ਦਰਸ਼ਕਾਂ ਨੂੰ ਉਨ੍ਹਾਂ ਦੇ ਵਿਰਸੇ ਨਾਲ ਜੋੜਨ ਦਾ ਯਤਨ ਕਰਨਗੀਆਂ, ਮਸਲੇ ਵੀ ਪੇਸ਼ ਕਰਨਗੀਆਂ ਪਰ ਇਹ ਕੋਈ ਸ਼ਰਤ ਨਹੀਂ ਕਿ ਉਹ ਹਰ ਤਰ੍ਹਾਂ ਦੇ ਦਰਸ਼ਕ ਨੂੰ ਆਪਣੇ ਨਾਲ ਜੋੜ ਸਕਣਗੀਆਂ। ਜਦੋਂਕਿ ਇਹ ਗੱਲ ਵੀ ਹੁਣ ਸਾਫ਼ ਹੋ ਚੁੱਕੀ ਹੈ ਕਿ ਸਿਰਫ਼ ਕਾਮੇਡੀ 'ਤੇ ਆਧਾਰਿਤ ਵੀ ਫ਼ਿਲਮਾਂ ਨਹੀਂ ਚੱਲਦੀਆਂ। ਫਿਰ ਕਿਉਂ ਨਾ ਸਾਰਥਕ ਫ਼ਿਲਮਾਂ ਨੂੰ ਤਕਨੀਕੀ ਪੱਖੋਂ ਅਤੇ ਕਹਾਣੀ ਪੱਖੋਂ ਮਜ਼ਬੂਤ ਬਣਾ ਕੇ ਪੇਸ਼ ਕੀਤਾ ਜਾਏ ਅਤੇ ਪੰਜਾਬੀ ਸਿਨੇਮਾ ਨੂੰ ਵਿਸ਼ਵ ਦੇ ਮੇਨ ਸਟਰੀਮ ਦੇ ਸਿਨੇਮੇ ਦੇ ਨੇੜੇ-ਤੇੜੇ ਲਿਆਂਦਾ ਜਾਏ।

**– ਕੁਲਦੀਪ ਸਿੰਘ ਬੇਦੀ**



Manohar Lal Brothers
Jewellers
(415) 404-6580
Flagship Store: A-57, Central Market, Lajpat Nagar 2, New Delhi, India
+91-11-4666-6444 | +91-11-29832982 | info@mlbjewels.com